Watch
PUNJABI MAIL USA
TV Channel
On IP box, App, Website
For Advertisment
916-320-9444

A Voice of NRI's
ਸੈਕਰਾਮੈਂਟੋ ਤੋਂ ਪ੍ਰਕਾਸ਼ਤ ਹੋਣ ਵਾਲਾ ਪਹਿਲਾ ਪੰਜਾਬੀ ਅਖ਼ਬਾਰ

# ਪੰਜਾਬ ਮੇਲ ਯੂ. ਐੱਸ. ਏ.

Chief Editor: Gurjatinder Singh Randhawa
Punjab Mail USA

FOR SALE & PURCHASE OF ANY KIND OF PROPERTY
ਕੈਲੀਫੋਰਨੀਆ ਵਿਚ ਘਰ ਖਰੀਦਣ ਲਈ ਸੰਪਰਕ ਕਰੋ।

Gurjatinder S. Randhawa
REALTOR CA DRE licence # 01490567
916-320-9444

Vol. 19, Issue- 900, 02 to 08 Apr., 2026, Ph: 916-320-9444, E-mail: punjabmailusa@yahoo.com, Web: punjabmailusa.com

## ਅਮਰੀਕਾ ’ਚ ਡਿਪੋਰਟੇਸ਼ਨ ਸਬੰਧੀ ਨੀਤੀਆਂ ’ਚ ਨਰਮੀ ਦੇ ਸੰਕੇਤ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਅਮਰੀਕਾ ’ਚ ਡਿਪੋਰਟੇਸ਼ਨ ਸਬੰਧੀ ਨੀਤੀਆਂ ਵਿਚ ਕੁਝ ਨਰਮੀ ਦੇ ਸੰਕੇਤ ਮਿਲ ਰਹੇ ਹਨ, ਜੋ ਕਿ ਆਮ ਇਮੀਗ੍ਰੈਂਟਸ ਲਈ ਰਾਹਤ ਵਾਲੀ ਖ਼ਬਰ ਹੈ।

ਸਰਕਾਰੀ ਦਿਸ਼ਾ-ਨਿਰਦੇਸ਼ਾਂ ਅਨੁਸਾਰ ਹੁਣ ਮੁੱਖ ਤੌਰ ’ਤੇ ਉਨ੍ਹਾਂ ਵਿਅਕਤੀਆਂ ’ਤੇ ਫੋਕਸ ਕੀਤਾ ਜਾ ਰਿਹਾ ਹੈ, ਜੋ ਗੰਭੀਰ ਅਪਰਾਧਾਂ ਵਿਚ ਸ਼ਾਮਲ ਹਨ। ਇਸ ਨਾਲ ਉਹ ਲੋਕ ਜੋ ਕਾਨੂੰਨੀ ਤੌਰ ’ਤੇ ਰਹਿ ਰਹੇ ਹਨ ਜਾਂ ਜਿਨ੍ਹਾਂ ਦਾ ਕੋਈ ਅਪਰਾਧਿਕ ਰਿਕਾਰਡ ਨਹੀਂ ਹੈ, ਉਨ੍ਹਾਂ ਨੂੰ ਕੁਝ ਸੁਰੱਖਿਆ ਮਿਲ ਸਕਦੀ ਹੈ।

ਇਹ ਨੀਤੀ ਕਮਿਊਨਿਟੀ ਵਿਚ ਡਰ ਨੂੰ ਘਟਾਉਣ ਅਤੇ ਲੋਕਾਂ ਨੂੰ ਆਤਮ-ਵਿਸ਼ਵਾਸ ਦੇਣ ਲਈ ਲਾਗੂ ਕੀਤੀ ਜਾ ਰਹੀ ਹੈ।

**ਆਮ ਇਮੀਗ੍ਰੈਂਟਸ ਲਈ ਰਾਹਤ**




ਸਰਕਾਰ ਦਾ ਮੰਨਣਾ ਹੈ ਕਿ ਇਸ ਨਾਲ ਕਾਨੂੰਨ ਦੀ ਪਾਲਣਾ ਵੀ ਹੋਵੇਗੀ ਅਤੇ ਮਨੁੱਖੀ ਅਧਿਕਾਰਾਂ ਦੀ ਰੱਖਿਆ ਵੀ ਹੋਵੇਗੀ।

ਜ਼ਿਕਰਯੋਗ ਹੈ ਕਿ ਪਿਛਲੇ ਦਿਨੀਂ ਅਮਰੀਕਾ ਭਰ ਵਿਚ ‘ਨੋ ਕਿੰਗ’ ਪ੍ਰਦਰਸ਼ਨ ਹੋਏ, ਜਿਸ ਨਾਲ ਪ੍ਰਸ਼ਾਸਨ ਨੂੰ ਇਕ ਤਰ੍ਹਾਂ ਦੀ ਚਿੰਤਾ ਪੈਦਾ ਹੋ ਗਈ, ਜਿਸ ਕਰਕੇ ਉਹ ਇਹ ਕਦਮ ਚੁੱਕਣ ਲਈ ਮਜਬੂਰ ਹੋ ਗਏ।

ਅਮਰੀਕਾ ਤੇ ਯੂਰਪ ਦੇ ਇਲਾਕਿਆਂ ’ਚ ਤਾਨਾਸ਼ਾਹੀ ਵਿਰੋਧੀ ਰੈਲੀਆਂ ’ਚ ਵੱਡੀ ਗਿਣਤੀ ਲੋਕਾਂ ਨੇ ਹਿੱਸਾ ਲੈ ਕੇ ਇਰਾਨ ਜੰਗ ਅਤੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੀਆਂ ਨੀਤੀਆਂ ਖ਼ਿਲਾਫ਼ ਰੋਸ ਵਿਖਾਵਾ ਕੀਤਾ। ਅਮਰੀਕਾ ਦਾ ਮਿਨੀਸੋਟਾ ਸੂਬਾ ਇਸ ਸੰਘਰਸ਼ ਦਾ ਮੁੱਖ ਕੇਂਦਰ ਬਣ ਕੇ ਉਭਰਿਆ ਹੈ, ਜਿੱਥੇ ਹਜ਼ਾਰਾਂ ਲੋਕਾਂ ਨੇ ਇਕਜੁੱਟਤਾ ਦਿਖਾਉਂਦਿਆਂ ਟਰੰਪ ਦੀਆਂ ਸਖ਼ਤ ਪਰਵਾਸ ਨੀਤੀਆਂ ਖ਼ਿਲਾਫ਼ ਆਵਾਜ਼ ਬੁਲੰਦ ਕੀਤੀ।

ਅਮਰੀਕਾ ਤੋਂ ਇਲਾਵਾ ਯੂਰਪ, ਲਾਤੀਨੀ ਅਮਰੀਕਾ, ਲੰਡਨ ਅਤੇ ਆਸਟ੍ਰੇਲੀਆ ਸਮੇਤ ਘੱਟੋ-ਘੱਟ 12 ਮੁਲਕਾਂ ’ਚ ਵੀ ਰੋਸ ਮੁਜ਼ਾਹਰੇ ਹੋਏ।

## ਭਾਜਪਾ ਵੱਲੋਂ 2027 ਦੀਆਂ ਚੋਣਾਂ ’ਚ ਹਰਵਿੰਦਰ ਸਿੰਘ ਫੂਲਕਾ ਹੋ ਸਕਦੇ ਹਨ ਮੁੱਖ ਮੰਤਰੀ ਦੇ ਦਾਅਵੇਦਾਰ!

**ਚੰਡੀਗੜ੍ਹ, (ਪੰਜਾਬ ਮੇਲ)**- 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਪੀੜਤਾਂ ਨੂੰ ਇਨਸਾਫ਼ ਦਿਵਾਉਣ ਲਈ ਲੰਮੀ ਕਾਨੂੰਨੀ ਲੜਾਈ ਲੜਨ ਵਾਲੇ ਸੀਨੀਅਰ ਵਕੀਲ ਅਤੇ ਆਮ ਆਦਮੀ ਪਾਰਟੀ ਦੇ ਸਾਬਕਾ ਆਗੂ ਹਰਵਿੰਦਰ ਸਿੰਘ ਫੂਲਕਾ ਚੰਡੀਗੜ੍ਹ ਵਿਖੇ ਭਾਰਤੀ ਜਨਤਾ ਪਾਰਟੀ (ਭਾਜਪਾ) ਵਿਚ ਸ਼ਾਮਲ ਹੋ ਗਏ ਹਨ।

ਉਨ੍ਹਾਂ ਨੂੰ ਦਿੱਲੀ ਵਿਖੇ ਬੀ.ਜੇ.ਪੀ. ਦੇ ਮੁੱਖ ਦਫਤਰ ਵਿਚ ਪਾਰਟੀ ਵਿਚ ਸ਼ਾਮਲ ਕੀਤਾ ਗਿਆ। ਇਸ ਮੌਕੇ ਪੰਜਾਬ ਭਾਜਪਾ ਦੇ ਪ੍ਰਧਾਨ ਸੁਨੀਲ ਜਾਖੜ ਅਤੇ ਅਸ਼ਵਨੀ ਸ਼ਰਮਾ ਤੋਂ ਇਲਾਵਾ ਭਾਜਪਾ ਦੀ ਹਾਈਕਮਾਂਡ ਵੀ ਹਾਜ਼ਰ ਸੀ।

ਇਹ ਕਿਆਸਅਰਾਈਆਂ ਲਾਈਆਂ ਜਾ ਰਹੀਆਂ ਹਨ ਕਿ ਉਨ੍ਹਾਂ ਨੂੰ ਪੰਜਾਬ ਦੇ ਅਗਲੇ ਮੁੱਖ ਮੰਤਰੀ ਦੇ ਚਿਹਰੇ ਵਜੋਂ ਪੇਸ਼ ਕੀਤਾ ਜਾਵੇਗਾ,



ਜਿਸ ਦੇ ਲਈ ਪਾਰਟੀ ਹਾਈਕਮਾਂਡ ਵੱਲੋਂ ਉੱਚ ਪੱਧਰੀ ਸਹਿਮਤੀ ਪ੍ਰਗਟਾਈ ਗਈ ਹੈ। ਭਾਜਪਾ ਚਾਹੁੰਦੀ ਸੀ ਕਿ ਪੰਜਾਬ ਵਿਚ ਆਉਣ ਵਾਲੀਆਂ ਵਿਧਾਨ ਸਭਾ ਚੋਣਾਂ ਲਈ ਕੋਈ ਅਜਿਹਾ ਸਿੱਖ ਆਗੂ ਚੁਣਿਆ ਜਾਵੇ, ਜੋ ਕਿ ਪੰਜਾਬ ਵਿਚ ਬੇਦਾਗ ਹੋਵੇ ਅਤੇ ਉਸ ਨੇ ਸਿੱਖਾਂ ਲਈ ਹੀ ਕੰਮ ਕੀਤਾ ਹੋਵੇ। ਭਾਵੇਂ ਕਿ ਹਰਵਿੰਦਰ ਸਿੰਘ ਫੂਲਕਾ 1984 ਦੇ ਸਿੱਖ ਵਿਰੋਧੀ ਦੰਗਿਆਂ ਦੇ ਪੀੜਤਾਂ ਨੂੰ ਇਨਸਾਫ ਦਿਵਾਉਣ ਲਈ ਲੰਮੀ ਕਾਨੂੰਨੀ ਲੜਾਈ ਲੜਦੇ ਰਹੇ ਹਨ, ਉਹ ਪਹਿਲਾਂ ਆਮ ਆਦਮੀ ਪਾਰਟੀ ਦੇ ਵਿਧਾਇਕ ਰਹੇ। ਪਰ ਬਾਅਦ ਵਿਚ ਉਨ੍ਹਾਂ ਨੇ ਦੰਗਿਆਂ ਨਾਲ ਸੰਬੰਧਤ ਕੇਸਾਂ ’ਤੇ ਧਿਆਨ ਕੇਂਦਰਿਤ ਕਰਨ ਲਈ 2019 ’ਚ ਆਮ ਆਦਮੀ ਪਾਰਟੀ ਤੋਂ ਅਸਤੀਫਾ ਦੇ ਦਿੱਤਾ ਸੀ।

ਇਸ ਤੋਂ ਪਹਿਲਾਂ ਸ. ਫੂਲਕਾ ਸ਼੍ਰੋਮਣੀ ਅਕਾਲੀ ਦਲ ਵਿਚ ਸ਼ਾਮਲ ਹੋਣ ਦੇ ਇੱਛੁਕ ਸਨ ਪਰ ਉਨ੍ਹਾਂ ਦਾ ਇਹ ਕਦਮ ਸਿਰੇ ਨਹੀਂ ਚੜ੍ਹ ਸਕਿਆ। ਪਰ ਹੁਣ ਉਨ੍ਹਾਂ ਨੇ ਭਾਜਪਾ ਨਾਲ ਜੁੜਨ ਦਾ ਫੈਸਲਾ ਕੀਤਾ ਹੈ। ਇਥੇ ਇਹ ਵੀ ਕਿਹਾ ਜਾ ਰਿਹਾ ਹੈ ਕਿ ਸ. ਫੂਲਕਾ ਦੇ ਬੀ.ਜੇ.ਪੀ. ਵਿਚ ਆਉਣ ਨਾਲ ਪਾਰਟੀ ਵਿਚ ਨਵੀਂ ਰੂਹ ਫੂਕੀ ਜਾਵੇਗੀ ਅਤੇ ਹੋਰ ਵੀ ਬਹੁਤ ਸਾਰੇ ਸਿੱਖ ਆਗੂ ਪਾਰਟੀ ਵਿਚ ਸ਼ਾਮਲ ਹੋ ਸਕਦੇ ਹਨ।

## ਗ੍ਰੀਨ ਕਾਰਡ ਬੈਕਲਾਗ ਘਟਾਉਣ ਲਈ ਅਮਰੀਕੀ ਸਰਕਾਰ ਵੱਲੋਂ ਵੱਡਾ ਅਭਿਆਨ ਸ਼ੁਰੂ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਅਮਰੀਕੀ ਸਰਕਾਰ ਵੱਲੋਂ ਗ੍ਰੀਨ ਕਾਰਡ ਬੈਕਲਾਗ ਨੂੰ ਘਟਾਉਣ ਲਈ ਇੱਕ ਵੱਡਾ ਅਭਿਆਨ ਸ਼ੁਰੂ ਕੀਤਾ ਗਿਆ ਹੈ। USCIS ਨੇ ਦੱਸਿਆ ਹੈ ਕਿ ਫੈਮਿਲੀ-ਬੇਸਡ ਅਤੇ ਇੰਪਲਾਇਮੈਂਟ-ਬੇਸਡ ਕੇਸਾਂ ਨੂੰ ਤਰਜੀਹ ਦੇ ਕੇ ਨਿਪਟਾਇਆ ਜਾ ਰਿਹਾ ਹੈ।

ਇਹ ਬੈਕਲਾਗ ਪਿਛਲੇ ਕਈ ਸਾਲਾਂ ਤੋਂ ਵਧਦਾ ਜਾ ਰਿਹਾ ਸੀ, ਜਿਸ ਕਾਰਨ ਲੱਖਾਂ ਲੋਕ ਆਪਣੇ ਪਰਿਵਾਰਕ ਮੈਂਬਰਾਂ ਨੂੰ ਅਮਰੀਕਾ ਲਿਆਉਣ ਲਈ ਲੰਬੀ ਉਡੀਕ ਕਰ ਰਹੇ ਸਨ। ਭਾਰਤ ਵਿਚ ਐੱਫ-4 ਵੀਜ਼ਾ ਲਈ ਹੁਣ ਉਡੀਕ ਤਕਰੀਬਨ 19 ਸਾਲ ਹੋ ਗਈ ਸੀ।

ਹੁਣ USCIS ਨੇ ਆਪਣੇ ਅਧਿਕਾਰੀਆਂ ਦੀ ਗਿਣਤੀ ਵਧਾਈ ਹੈ, ਫਾਈਲਾਂ ਨੂੰ ਡਿਜ਼ੀਟਲ ਕੀਤਾ ਹੈ ਅਤੇ ਕੇਸਾਂ ਦੀ ਪ੍ਰਾਇਓਰਿਟੀ ਲਿਸਟ ਬਣਾਈ ਹੈ। ਇਸਦੇ ਨਾਲ ਨਾਲ, ਕੁਝ ਕੇਸਾਂ ਵਿਚ ਇੰਟਰਵਿਊ ਵੀ ਛੱਡੇ ਜਾ ਰਹੇ ਹਨ, ਤਾਂ ਜੋ ਪ੍ਰਕਿਰਿਆ ਤੇਜ਼ ਹੋ ਸਕੇ।




ਪਿਛਲੇ ਕੁਝ ਸਾਲਾਂ ਵਿਚ ਕੋਵਿਡ-19 ਅਤੇ ਹੋਰ ਕਾਰਨਾਂ ਕਰਕੇ ਗ੍ਰੀਨ ਕਾਰਡ ਪ੍ਰਕਿਰਿਆ ਬਹੁਤ ਹੌਲੀ ਹੋ ਗਈ ਸੀ, ਜਿਸ ਨਾਲ ਲੱਖਾਂ ਲੋਕ ਪ੍ਰਭਾਵਿਤ ਹੋਏ ਸਨ। ਪਰ ਹੁਣ ਇਹ ਨਵੀਂ ਰਫ਼ਤਾਰ ਉਨ੍ਹਾਂ ਲਈ ਨਵੀਂ ਉਮੀਦ ਬਣ ਕੇ ਆਈ ਹੈ।

ਸਰਕਾਰ ਦਾ ਮੰਨਣਾ ਹੈ ਕਿ ਇਹ ਕਦਮ ਪਰਿਵਾਰਕ ਇਕੱਤਰਤਾ ਨੂੰ ਮਜ਼ਬੂਤ ਕਰੇਗਾ ਅਤੇ ਅਮਰੀਕੀ ਅਰਥਵਿਵਸਥਾ ਵਿਚ ਸਥਿਰਤਾ ਲਿਆਏਗਾ। ਮਾਹਿਰਾਂ ਦੇ ਅਨੁਸਾਰ, ਜੇ ਇਹ ਰਫ਼ਤਾਰ ਬਣੀ ਰਹੀ ਤਾਂ ਆਉਣ ਵਾਲੇ ਮਹੀਨਿਆਂ ਵਿਚ ਹੋਰ ਵੱਡੀ ਰਾਹਤ ਮਿਲ ਸਕਦੀ ਹੈ।

## USCIS ਵੱਲੋਂ ਵਰਕ ਪਰਮਿਟ (EAD) ਜਾਰੀ ਕਰਨ ਦੀ ਪ੍ਰਕਿਰਿਆ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਅਮਰੀਕਾ ’ਚ ਰਹਿੰਦੇ ਲੱਖਾਂ ਇਮੀਗ੍ਰੈਂਟਸ ਲਈ ਇਕ ਵੱਡੀ ਰਾਹਤ ਵਾਲੀ ਖ਼ਬਰ ਸਾਹਮਣੇ ਆਈ ਹੈ, ਕਿਉਂਕਿ USCIS ਨੇ ਵਰਕ ਪਰਮਿਟ (Employment Authorization Document-EAD) ਜਾਰੀ ਕਰਨ ਦੀ ਪ੍ਰਕਿਰਿਆ ਵਿਚ ਮਹੱਤਵਪੂਰਨ ਸੁਧਾਰ ਕੀਤੇ ਹਨ।

ਪਿਛਲੇ ਕੁਝ ਸਾਲਾਂ ਵਿਚ ਕੋਵਿਡ ਮਹਾਂਮਾਰੀ ਅਤੇ ਵਧ ਰਹੀਆਂ ਅਰਜ਼ੀਆਂ ਦੇ ਕਾਰਨ ਵਰਕ ਪਰਮਿਟ ਦੀ ਪ੍ਰਕਿਰਿਆ ਕਾਫ਼ੀ ਹੌਲੀ ਹੋ ਗਈ ਸੀ। ਇਸ ਕਾਰਨ ਕਈ ਅਸਾਇਲਮ ਮੰਗਣ ਵਾਲੇ ਅਤੇ ਗ੍ਰੀਨ ਕਾਰਡ ਲਈ ਅਪਲਾਈ ਕਰਨ ਵਾਲੇ ਲੋਕ ਮਹੀਨਿਆਂ — ਕਈ ਵਾਰ ਇੱਕ ਸਾਲ ਤੋਂ ਵੀ ਵੱਧ ਸਮੇਂ ਲਈ ਕੰਮ ਨਹੀਂ ਕਰ ਸਕਦੇ ਸਨ।

**ਪ੍ਰਵਾਸੀਆਂ ਲਈ ਵੱਡੀ ਰਾਹਤ**




ਹੁਣ USCIS ਨੇ ਨਵੀਆਂ ਡਿਜ਼ੀਟਲ ਪ੍ਰੋਸੈਸਿੰਗ ਸਿਸਟਮ ਲਾਗੂ ਕੀਤੀਆਂ ਹਨ, ਜਿਨ੍ਹਾਂ ਨਾਲ ਆਨਲਾਈਨ ਐਪਲੀਕੇਸ਼ਨ ਅਤੇ ਟ੍ਰੈਕਿੰਗ ਆਸਾਨ ਹੋ ਗਈ ਹੈ। ਇਸਦੇ ਨਾਲ ਹੀ ਅਧਿਕਾਰੀਆਂ ਦੀ ਗਿਣਤੀ ਵਧਾਈ ਗਈ ਹੈ ਅਤੇ ਕੁਝ ਕੇਸਾਂ ਵਿਚ “ਆਟੋ-ਐਕਸਟੈਂਸ਼ਨ” ਨੀਤੀ ਵੀ ਲਾਗੂ ਕੀਤੀ ਗਈ ਹੈ, ਜਿਸ ਨਾਲ ਵਰਕ ਪਰਮਿਟ ਦੀ ਮਿਆਦ ਖਤਮ ਹੋਣ ਤੋਂ ਬਾਅਦ ਵੀ ਅਸਥਾਈ ਤੌਰ ’ਤੇ ਕੰਮ ਜਾਰੀ ਰੱਖਿਆ ਜਾ ਸਕਦਾ ਹੈ। ਇਸ ਨਾਲ ਲੋਕਾਂ ਨੂੰ ਨਾ ਸਿਰਫ਼ ਨੌਕਰੀ ਮਿਲਣ ਵਿਚ ਸਹੂਲਤ ਹੋਵੇਗੀ, ਸਗੋਂ ਉਹ ਆਪਣੇ ਪਰਿਵਾਰਾਂ ਨੂੰ ਆਰਥਿਕ ਤੌਰ ’ਤੇ ਵੀ ਸਹਾਰਾ ਦੇ ਸਕਣਗੇ।

ਸਰਕਾਰੀ ਤੌਰ ’ਤੇ ਇਹ ਵੀ ਕਿਹਾ ਗਿਆ ਹੈ ਕਿ ਲੇਬਰ ਮਾਰਕੀਟ ਦੀ ਲੋੜ ਨੂੰ ਧਿਆਨ ’ਚ ਰੱਖਦੇ ਹੋਏ ਇਹ ਕਦਮ ਲਏ ਗਏ ਹਨ, ਤਾਂ ਜੋ ਕਾਨੂੰਨੀ ਇਮੀਗ੍ਰੈਂਟਸ ਨੂੰ ਜਲਦੀ ਕੰਮ ਕਰਨ ਦਾ ਮੌਕਾ ਮਿਲ ਸਕੇ। ਕੁੱਲ ਮਿਲਾ ਕੇ ਇਹ ਕਦਮ ਅਮਰੀਕਾ ਵਿਚ ਰਹਿੰਦੇ ਪ੍ਰਵਾਸੀਆਂ ਲਈ ਇੱਕ ਉਮੀਦ ਦੀ ਕਿਰਣ ਵਾਂਗ ਸਾਹਮਣੇ ਆ ਰਿਹਾ ਹੈ।

## ਅਮਰੀਕੀ ਸੈਨੇਟ ’ਚ ਸੀ.ਡੀ.ਐੱਲ. ਦੀ ਵਰਤੋਂ ’ਤੇ ਸਖਤੀ ਵਾਲਾ ਨਵਾਂ ਬਿੱਲ ਪੇਸ਼

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਅਮਰੀਕਾ ਵਿਚ ਰਿਪਬਲਿਕਨ ਕਾਨੂੰਨਘਾੜਿਆਂ ਦੇ ਇੱਕ ਸਮੂਹ ਨੇ ਇੱਕ ਨਵਾਂ ਬਿੱਲ ਪੇਸ਼ ਕੀਤਾ ਹੈ, ਜਿਸਦਾ ਉਦੇਸ਼ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਵਪਾਰਕ ਡਰਾਈਵਿੰਗ ਲਾਇਸੈਂਸ (ਸੀ.ਡੀ.ਐੱਲ.) ਪ੍ਰਾਪਤ ਕਰਨ ਜਾਂ ਵਰਤਣ ਤੋਂ ਰੋਕਣਾ ਹੈ। ਬਿੱਲ ਵਿਚ ਡਰਾਈਵਰਾਂ ਅਤੇ ਅਜਿਹੇ ਲਾਇਸੈਂਸ ਜਾਰੀ ਕਰਨ ਵਾਲੇ ਰਾਜਾਂ ਦੋਵਾਂ ਲਈ ਸਖ਼ਤ ਸਜ਼ਾਵਾਂ ਦਾ ਪ੍ਰਸਤਾਵ ਹੈ।

“ਡੇਲੀਲਾਹਜ਼ ਲਾਅ ਐਕਟ” ਨਾਮਕ ਇਹ ਬਿੱਲ ਸੈਨੇਟਰ ਸ਼ੈਲੀ ਮੂਰ ਕੈਪੀਟੋ, ਜੌਨ ਕੌਰਨਿਨ, ਟੇਡ ਬਡ, ਸਿੰਥੀਆ ਲੂਮਿਸ ਅਤੇ ਟੌਮੀ



ਟਿਊਬਰਵਿਲ ਦੁਆਰਾ ਪੇਸ਼ ਕੀਤਾ ਗਿਆ ਸੀ। ਇਸਦਾ ਉਦੇਸ਼ ਸੰਘੀ ਨਿਗਰਾਨੀ ਨੂੰ ਸਖ਼ਤ ਕਰਨਾ ਅਤੇ ਗੈਰ-ਦਸਤਾਵੇਜ਼ੀ ਪ੍ਰਵਾਸੀਆਂ ਦੁਆਰਾ ਸੀ.ਡੀ.ਐੱਲ. ਜਾਰੀ ਕਰਨ ਜਾਂ ਵਰਤੋਂ ਨਾਲ ਜੁੜੇ ਮਾਮਲਿਆਂ ਵਿਚ ਅਪਰਾਧਿਕ ਅਤੇ ਸਿਵਲ ਸਜ਼ਾਵਾਂ ਲਗਾਉਣਾ ਹੈ।

ਸੈਨੇਟਰ ਕੈਪੀਟੋ ਨੇ ਕਿਹਾ ਕਿ ਇਹ ਕਾਨੂੰਨ ਅਮਰੀਕੀ ਪਰਿਵਾਰਾਂ ਦੀ ਸੁਰੱਖਿਆ ਅਤੇ ਸੜਕਾਂ ’ਤੇ ਹਰ ਕਿਸੇ ਦੀ ਸੁਰੱਖਿਆ ਨੂੰ ਯਕੀਨੀ ਬਣਾਉਣ ਲਈ ਜ਼ਰੂਰੀ ਹੈ। ਉਸਨੇ ਕਿਹਾ ਕਿ ਵਪਾਰਕ ਡਰਾਈਵਰਾਂ ਦੀ ਇੱਕ ਮਹੱਤਵਪੂਰਨ ਜ਼ਿੰਮੇਵਾਰੀ ਹੈ, ਇਸ ਲਈ ਉਨ੍ਹਾਂ ਨੂੰ ਸਪੱਸ਼ਟ ਅਤੇ ਸਖ਼ਤ ਮਾਪਦੰਡਾਂ ਦਾ ਪਾਲਣ ਕਰਨਾ ਚਾਹੀਦਾ ਹੈ। ਉਨ੍ਹਾਂ ਅੱਗੇ ਕਿਹਾ ਕਿ ਇਹ ਬਿੱਲ “ਖਤਰਨਾਕ ਕਮੀਆਂ ਨੂੰ ਬੰਦ ਕਰੇਗਾ ਅਤੇ ਕਾਨੂੰਨ ਦੇ ਰਾਜ ਅਤੇ ਜਨਤਕ ਸੁਰੱਖਿਆ ਨੂੰ ਤਰਜੀਹ ਦੇਵੇਗਾ।” ਸੈਨੇਟਰ ਕੌਰਨਿਨ ਨੇ ਬਿੱਲ ਨੂੰ ਸਰਹੱਦੀ ਨੀਤੀ ਦੀਆਂ ਅਸਫਲਤਾਵਾਂ ਨਾਲ ਜੋੜਦੇ ਹੋਏ ਕਿਹਾ ਕਿ “ਨਿਰਦੋਸ਼ ਅਮਰੀਕੀ ਨਾਗਰਿਕ ਇਸਦੀ ਕੀਮਤ ਚੁਕਾ ਰਹੇ ਹਨ।”

■ ਬਾਕੀ ਖਬਰ ਸਫਾ 18 ’ਤੇ

## ਅੰਤਰਰਾਸ਼ਟਰੀ ਵਿਦਿਆਰਥੀਆਂ ਲਈ DHS ਵੱਲੋਂ ਨਵੀਆਂ ਸਹੂਲਤਾਂ ਦਾ ਐਲਾਨ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਅਮਰੀਕਾ ’ਚ ਪੜ੍ਹ ਰਹੇ ਵਿਦਿਆਰਥੀਆਂ ਲਈ ਯੂ.ਐੱਸ. ਡਿਪਾਰਟਮੈਂਟ ਆਫ ਹੋਮਲੈਂਡ ਸਕਿਓਰਿਟੀ ਵੱਲੋਂ ਨਵੀਆਂ ਰਾਹਤਾਂ ਦਾ ਐਲਾਨ ਕੀਤਾ ਗਿਆ ਹੈ।




ਐੱਫ-1 ਵੀਜ਼ਾ ਵਾਲੇ ਵਿਦਿਆਰਥੀਆਂ ਲਈ OPT (Optional Practical Training) ਅਤੇ STEM OPT ਦੇ ਨਿਯਮਾਂ ਵਿਚ ਲਚਕਤਾ ਦਿੱਤੀ ਗਈ ਹੈ। ਇਸ ਨਾਲ ਵਿਦਿਆਰਥੀ ਆਪਣੀ ਡਿਗਰੀ ਪੂਰੀ ਕਰਨ ਤੋਂ ਬਾਅਦ ਲੰਬੇ ਸਮੇਂ ਲਈ ਅਮਰੀਕਾ ਵਿਚ ਕੰਮ ਕਰ ਸਕਦੇ ਹਨ।

ਸਰਕਾਰ ਦਾ ਕਹਿਣਾ ਹੈ ਕਿ ਅਮਰੀਕਾ ਨੂੰ ਹਾਈ-ਸਕਿੱਲਡ ਵਰਕਫੋਰਸ ਦੀ ਲੋੜ ਹੈ ਅਤੇ ਵਿਦੇਸ਼ੀ ਵਿਦਿਆਰਥੀ ਇਸ ਵਿਚ ਮਹੱਤਵਪੂਰਨ ਯੋਗਦਾਨ ਪਾਉਂਦੇ ਹਨ। ਇਸ ਲਈ ਉਨ੍ਹਾਂ ਨੂੰ ਅਮਰੀਕਾ ਵਿਚ ਰੋਕਣਾ ਅਤੇ ਉਨ੍ਹਾਂ ਨੂੰ ਕਰੀਅਰ ਦੇ ਮੌਕੇ ਦੇਣਾ ਜ਼ਰੂਰੀ ਹੈ। ਇਸ ਤੋਂ ਇਲਾਵਾ, ਕੁਝ ਯੂਨੀਵਰਸਿਟੀਆਂ ਨਾਲ ਮਿਲ ਕੇ ਇੰਟਰਨਸ਼ਿਪ ਅਤੇ ਵਰਕ ਮੌਕਿਆਂ ਨੂੰ ਵੀ ਵਧਾਇਆ ਜਾ ਰਿਹਾ ਹੈ।

ਇਸ ਦੇ ਨਾਲ ਹੀ ਐੱਚ-1ਬੀ ਵੀਜ਼ਾ ਪ੍ਰਕਿਰਿਆ ’ਚ ਵੀ ਹੋ ਰਹੇ ਗਲਤ ਇਸਤੇਮਾਲ ਨੂੰ ਰੋਕਣ ਲਈ ਅਮਰੀਕੀ ਸਰਕਾਰ ਨੇ ਨਵੇਂ ਨਿਯਮ ਲਾਗੂ ਕੀਤੇ ਹਨ।

ਹੁਣ ਇੱਕ ਹੀ ਵਿਅਕਤੀ ਲਈ ਕਈ ਕੰਪਨੀਆਂ ਵੱਲੋਂ ਕੀਤੀਆਂ ਗਈਆਂ ਅਰਜ਼ੀਆਂ ’ਤੇ ਕੰਟਰੋਲ ਕੀਤਾ ਗਿਆ ਹੈ, ਜਿਸ ਨਾਲ ਸਿਸਟਮ ਦਾ ਦੁਰਉਪਯੋਗ ਘਟੇਗਾ। ਇਸ ਨਾਲ ਅਸਲੀ ਅਤੇ ਯੋਗ ਉਮੀਦਵਾਰਾਂ ਨੂੰ ਵਧੇਰੇ ਮੌਕੇ ਮਿਲਣ ਦੀ ਸੰਭਾਵਨਾ ਹੈ।

ਸਰਕਾਰ ਨੇ ਕਿਹਾ ਹੈ ਕਿ ਇਹ ਕਦਮ ਪਾਰਦਰਸ਼ਤਾ ਅਤੇ ਨਿਆਂਪੂਰਨਤਾ ਨੂੰ ਵਧਾਉਣ ਲਈ ਲਏ ਗਏ ਹਨ। ਇਸ ਨਾਲ ਕੰਪਨੀਆਂ ਨੂੰ ਵੀ ਇੱਕ ਸਾਫ਼ ਅਤੇ ਭਰੋਸੇਯੋਗ ਸਿਸਟਮ ਮਿਲੇਗਾ।

ਟੈਕਨਾਲੋਜੀ ਸੈਕਟਰ ਵਿਚ ਇਹ ਬਦਲਾਅ ਖ਼ਾਸ ਤੌਰ ’ਤੇ ਮਹੱਤਵਪੂਰਨ ਮੰਨਿਆ ਜਾ ਰਿਹਾ ਹੈ।

APCA
AMERICAN PETROLEUM AND CONVENIENCE
STORE ASSOCIATION

*APCA is a non-profit grassroots, membership based community organization providing representation for small to medium sized enterprises.*

# 12th Annual Trade Show

## Thursday April 9, 2026, 12:30 pm- 5:30 pm

**at Sunrise Banquet Halls & Event Center**
**620 Orange Dr, Vacaville, CA 95687**







ਟਰੇਡ ਸ਼ੋਅ ਵਿਚ ਹਿੱਸਾ ਲੈਣ ਲਈ ਲਿੰਕ 'ਤੇ ਕਲਿਕ ਕਰੋ।

To register as Attendee for Trade Show please type and click below link in your browser."

https://go.regform.com/#!/registration/32bpK5e/info

**ਜੇ ਆਪਣੇ ਬਿਜ਼ਨੈਸ ਦਾ ਫਾਇਦਾ ਕਰਨਾ ਚਾਹੁੰਦੇ ਹੋ ਤਾਂ**
**ਇਸ ਟਰੇਡ ਸ਼ੋਅ ਵਿਚ ਹਿੱਸਾ ਲਵੋ।**

Copyright @ Punjab Mail USA

***AMERICAN PETROLEUM AND CONVENIENCE STORE ASSOCIATION Presents***







# *Golf Tournament 2026*

*Supporting non- Profits*

## Children's Miracle Network

**Wednesday, April 8th, 2026**

*Chardonnay Golf Course, Napa County, CA 94503*

*This is a popular event, sells out quickly, please RSVP ASAP*

*For More Information*

**KEWAL KRISHAN: 510-290-7144 | kewal@apca.us**

# ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੇ ਭਰਾਤਾ ਸ. ਤਜਿੰਦਰਪਾਲ ਸਿੰਘ ਭੁੱਲਰ ਦਾ ਹੋਇਆ ਅੰਤਿਮ ਸਸਕਾਰ



**• ਪੰਥਕ ਆਗੂਆਂ ਨੇ ਦਿੱਤੀਆਂ ਸ਼ਰਧਾਂਜਲੀਆਂ**































**ਯੂਬਾ ਸਿਟੀ, (ਪੰਜਾਬ ਮੇਲ)-** ਪਿਛਲੇ ਤਕਰੀਬਨ 32 ਸਾਲ ਤੋਂ ਭਾਰਤ ਦੀ ਜੇਲ੍ਹ ਵਿਚ ਕੈਦ ਕੱਟ ਰਹੇ ਪ੍ਰੋ. ਦਵਿੰਦਰਪਾਲ ਸਿੰਘ ਭੁੱਲਰ ਦੇ ਛੋਟੇ ਭਰਾ ਭਾਈ ਤਜਿੰਦਰਪਾਲ ਸਿੰਘ ਭੁੱਲਰ 58 ਸਾਲ ਦੀ ਉਮਰ ਵਿਚ ਪਰਲੋਕ ਸਿਧਾਰ ਗਏ ਸਨ। ਉਨ੍ਹਾਂ ਦਾ ਅੰਤਿਮ ਸਸਕਾਰ ਯੂਬਾ ਸਿਟੀ ਵਿਖੇ ਕਰ ਦਿੱਤਾ ਗਿਆ ਹੈ। ਇਸ ਮੌਕੇ ਪੰਥਕ ਆਗੂਆਂ ਨੇ ਉਨ੍ਹਾਂ ਨੂੰ ਭਾਵਭਿੰਨੀਆਂ ਸ਼ਰਧਾਂਜਲੀਆਂ ਭੇਂਟ ਕੀਤੀਆਂ। ਇਨ੍ਹਾਂ ਆਗੂਆਂ ਵੱਲੋਂ ਭੁੱਲਰ ਪਰਿਵਾਰ ਦੀ ਕੁਰਬਾਨੀ ਬਾਰੇ ਜ਼ਿਕਰ ਕੀਤਾ ਗਿਆ ਅਤੇ ਭਾਰਤ ਦੀਆਂ ਜੇਲ੍ਹਾਂ ਵਿਚ ਬੰਦ ਬੰਦੀ ਸਿੰਘਾਂ ਦੀ ਰਿਹਾਈ ਲਈ ਵਿਸ਼ੇਸ਼ ਤੌਰ 'ਤੇ ਮੰਗ ਕੀਤੀ ਗਈ।

ਵੱਖ-ਵੱਖ ਆਗੂਆਂ ਨੇ ਭਾਈ ਤਜਿੰਦਰਪਾਲ ਸਿੰਘ ਭੁੱਲਰ ਦੀ ਮ੍ਰਿਤਕ ਦੇਹ 'ਤੇ ਦੋਸ਼ਾਲੇ ਭੇਂਟ ਕਰਕੇ ਸ਼ਰਧਾ ਦੇ ਫੁੱਲ ਭੇਂਟ ਕੀਤੇ। ਲਾਈਵਓਕ, ਕੈਲੀਫੋਰਨੀਆ ਦੇ ਉੱਘੇ ਸਿੱਖ ਆਗੂ ਅਤੇ ਭਾਈ ਤਜਿੰਦਰਪਾਲ ਸਿੰਘ ਭੁੱਲਰ ਦੇ ਸਹੁਰਾ ਸਾਹਿਬ ਸ. ਹਰਬੰਸ ਸਿੰਘ ਪੰਮਾ ਨੇ ਭਾਈ ਤਜਿੰਦਰਪਾਲ ਸਿੰਘ ਭੁੱਲਰ ਦੀ ਜੀਵਨੀ ਬਾਰੇ ਦੱਸਿਆ ਅਤੇ ਸਮੂਹ ਆਈ ਹੋਈ ਸੰਗਤ ਦਾ ਧੰਨਵਾਦ ਕੀਤਾ।




ਭਾਈ ਤਜਿੰਦਰਪਾਲ ਸਿੰਘ ਭੁੱਲਰ ਦੀ ਅੰਤਿਮ ਵਿਦਾਇਗੀ ਤੋਂ ਬਾਅਦ ਗੁਰਦੁਆਰਾ ਸਾਹਿਬ, ਬੋਗ ਰੋਡ, ਯੂਬਾ ਸਿਟੀ ਵਿਖੇ ਉਨ੍ਹਾਂ ਦੀ ਆਤਮਿਕ ਸ਼ਾਂਤੀ ਲਈ ਕੀਰਤਨ ਅਰਦਾਸ ਕੀਤੀ ਗਈ। ਕੈਲੀਫੋਰਨੀਆ ਦੇ ਲਾਇਵਓਕ ਦੇ ਰਹਿਣ ਵਾਲੇ 58 ਸਾਲਾ ਭਾਈ ਤਜਿੰਦਰਪਾਲ ਸਿੰਘ ਭੁੱਲਰ, ਆਪਣੇ ਪਰਿਵਾਰ ਪ੍ਰਤੀ ਸਮਰਪਿਤ ਇੱਕ ਪਤੀ, ਪਿਤਾ ਤੇ ਬਹੁਤ ਹੀ ਉੱਚੇ ਆਚਰਨ ਅਤੇ ਦ੍ਰਿੜ੍ਹ ਵਿਸ਼ਵਾਸ ਵਾਲੇ ਵਿਅਕਤੀ ਸਨ। ਭਾਈ ਤਜਿੰਦਰਪਾਲ ਸਿੰਘ ਭੁੱਲਰ ਦਾ 21 ਮਾਰਚ, 2026 ਨੂੰ ਦੇਹਾਂਤ ਹੋ ਗਿਆ ਸੀ। ਭਾਈ ਤਜਿੰਦਰਪਾਲ ਇੱਕ ਮਿਹਨਤੀ ਆਦਮੀ ਸੀ, ਜਿਸਨੇ ਬਹੁਤ ਨਿਮਰ ਸੁਭਾਅ ਵਾਲੀ ਆਪਣੀ ਪਿਆਰੀ ਪਤਨੀ ਪਰਵਿੰਦਰ ਦੇ ਨਾਲ ਆਪਣਾ ਪਰਿਵਾਰ, ਆਪਣੇ ਤਿੰਨ ਪੁੱਤਰਾਂ ਮਨਵੀਰ, ਇੰਦਰਪਾਲ ਅਤੇ ਹਰੀਪਾਲ ਦੀ ਬਹੁਤ ਹੀ ਵਧੀਆ ਪਰਵਰਿਸ਼ ਲਈ ਆਪਣਾ ਜੀਵਨ ਸਮਰਪਿਤ ਕਰ ਦਿੱਤਾ। ਭਾਈ ਤਜਿੰਦਰਪਾਲ ਹਮੇਸ਼ਾ ਇਮਾਨਦਾਰੀ, ਨਿਮਰਤਾ ਅਤੇ ਦਿਆਲਤਾ ਨਾਲ ਆਪਣੀ ਪੂਰੀ ਜ਼ਿੰਦਗੀ ਵਿਚ ਵਿਚਰਿਆ, ਜਿਸ ਨਾਲ ਉਹ ਹਰ ਕਿਸੇ 'ਤੇ ਇੱਕ ਡੂੰਘਾ ਪ੍ਰਭਾਵ ਛੱਡਦਾ ਸੀ। ਜੋ ਉਸ ਨੂੰ ਮਿਲਦਾ ਸੀ, ਉਹ ਤਜਿੰਦਰਪਾਲ ਦਾ ਪ੍ਰਭਾਵ ਕਬੂਲਦਾ ਸੀ। ਭਾਵੇਂ ਇਹ ਸੈਰ ਕਰਨ ਵੇਲੇ ਹੋਵੇ, ਗੱਲਬਾਤ ਸ਼ੁਰੂ ਕਰਨ ਵੇਲੇ ਹੋਵੇ, ਜਾਂ ਆਪਣੇ ਭਾਈਚਾਰੇ ਦੇ ਲੋਕਾਂ ਨਾਲ ਜੁੜਨ ਵੇਲੇ ਹੋਵੇ। ਭਾਈ ਤਜਿੰਦਰਪਾਲ ਭੁੱਲਰ ਦੀ ਮੌਜੂਦਗੀ ਹਮੇਸ਼ਾ ਨਿੱਘੀ, ਉਤਸ਼ਾਹਜਨਕ ਅਤੇ ਪੌਜ਼ੀਟਿਵ ਊਰਜਾ ਨਾਲ ਹੁੰਦੀ ਸੀ।

ਆਪਣੇ ਪਰਿਵਾਰ ਅਤੇ ਰੋਜ਼ਾਨਾ ਜੀਵਨ ਤੋਂ ਇਲਾਵਾ ਭਾਈ ਤਜਿੰਦਰਪਾਲ ਦਿਲੋਂ ਇੱਕ ਯੋਧਾ ਵਿਅਕਤੀ ਸੀ। ਉਹ ਭਾਰਤ ਵਿਚ ਬੇਇਨਸਾਫ਼ੀਆਂ ਦੇ ਵਿਰੁੱਧ ਦ੍ਰਿੜ੍ਹਤਾ ਨਾਲ ਖੜ੍ਹਾ ਰਿਹਾ ਅਤੇ ਅਤੇ ਹਮੇਸ਼ਾ ਬੇਇਨਸਾਫੀਆਂ ਦੇ ਵਿਰੁੱਧ ਬੋਲਣ ਵਿਚ ਵਿਸ਼ਵਾਸ ਰੱਖਦਾ ਸੀ। ਉਸਦੀ ਹਿੰਮਤ ਅਤੇ ਨਿਆਂ ਦੀ ਭਾਵਨਾ ਇਕ ਬਹੁਤ ਮਜ਼ਬੂਤ ਅਤੇ ਅਟੱਲ ਸਿਧਾਂਤਾਂ ਦਾ ਪ੍ਰਤੀਕ ਸੀ। ਉਹ ਆਪਣੇ ਭਰਾ, ਪ੍ਰੋਫੈਸਰ ਦਵਿੰਦਰਪਾਲ ਸਿੰਘ ਭੁੱਲਰ ਦੇ ਇੱਕ ਤਕੜੇ ਵਕੀਲ ਸਨ ਅਤੇ ਉਨ੍ਹਾਂ ਨਾਲ ਹੋ ਰਹੀਆਂ ਬੇਇਨਸਾਫ਼ੀਆਂ ਵਿਰੁੱਧ ਹਮੇਸ਼ਾ ਹੀ ਨਾ ਥੱਕਣ ਵਾਲੀ ਆਵਾਜ਼ ਉਠਾਈ। ਉਹ ਆਪਣੇ ਪਿਤਾ ਬਲਵੰਤ ਸਿੰਘ ਭੁੱਲਰ ਅਤੇ ਆਪਣੇ ਮਾਸੜ ਮਨਜੀਤ ਸਿੰਘ ਸੋਹੀ ਦੇ ਬੇਰਹਿਮੀ ਨਾਲ ਕੀਤੇ ਗਏ ਕਤਲ ਦੇ ਇਨਸਾਫ਼ ਵਾਸਤੇ ਲੜਨ ਲਈ ਆਪਣੀ ਮਾਂ ਉਪਕਾਰ ਕੌਰ ਭੁੱਲਰ ਦੇ ਨਾਲ ਹਮੇਸ਼ਾ ਹੀ ਖੜ੍ਹੇ ਰਹੇ। ਭਾਈ ਤਜਿੰਦਰਪਾਲ ਅਤੇ ਉਨ੍ਹਾਂ ਦੀ ਮਾਂ ਉਪਕਾਰ ਕੌਰ ਨੇ ਇਨਸਾਫ ਲਈ ਭਾਰਤ ਦੀ ਸੁਪਰੀਮ ਕੋਰਟ ਦੇ ਦਰਵਾਜ਼ੇ ਖੜਕਾਏ ਅਤੇ ਸਿਆਸਤਦਾਨਾਂ, ਰਾਜਨੀਤਿਕ ਨੇਤਾਵਾਂ, ਮਨੁੱਖੀ ਅਧਿਕਾਰ ਦੇ ਕਾਰਕੁਨਾਂ, ਯੂ.ਐੱਸ. ਕਾਂਗਰਸ ਅਤੇ ਹਰ ਉਸ ਵਿਅਕਤੀ ਨੂੰ ਮਿਲਣ ਗਏ, ਜੋ ਉਨ੍ਹਾਂ ਨੂੰ ਸੁਣਨ ਲਈ ਤਿਆਰ ਸੀ। ਭਾਈ ਤਜਿੰਦਰਪਾਲ ਆਪਣੇ ਭਰਾ ਦੀ ਆਜ਼ਾਦੀ ਲਈ ਕੀਤੇ ਗਏ ਯਤਨਾਂ ਦੇ ਹੱਕ ਵਿਚ ਖੜ੍ਹੇ ਰਹੇ ਅਤੇ ਸਿੱਖਾਂ ਨਾਲ ਹੋ ਰਹੇ ਅਨਿਆਂ ਵਿਰੁੱਧ ਆਪਣੀ ਆਵਾਜ਼ ਬੁਲੰਦ ਕੀਤਾ ਅਤੇ ਵੱਡੀ ਹਿੰਮਤ ਅਤੇ ਵਫ਼ਾਦਾਰੀ ਨਾਲ ਨਿਆਂ ਪ੍ਰਤੀ ਵਚਨਬੱਧਤਾ ਵਿਖਾਈ।

ਭਾਈ ਤਜਿੰਦਰਪਾਲ ਸਿੰਘ ਭੁੱਲਰ ਦੀ ਵਿਰਾਸਤ ਪਿਆਰ, ਨਿਮਰਤਾ ਅਤੇ ਇਮਾਨਦਾਰੀ ਦੀ ਹੈ। ਉਸਦੀ ਯਾਦ ਹਮੇਸ਼ਾ ਆਉਂਦੀ ਰਹੇਗੀ, ਉਸਨੂੰ ਹਮੇਸ਼ਾ ਯਾਦ ਰੱਖਿਆ ਜਾਵੇਗਾ ਅਤੇ ਉਹ ਲੋਕਾਂ ਦੇ ਦਿਲਾਂ ਵਿਚ ਹਮੇਸ਼ਾ ਯਾਦ ਕੀਤਾ ਜਾਂਦਾ ਰਹੇਗਾ, ਜੋ ਉਸਨੂੰ ਜਾਣਦੇ ਅਤੇ ਪਿਆਰ ਕਰਦੇ ਸਨ।

# ਸਤਿੰਦਰ ਪਾਲ ਹੇਅਰ ਦੇ ਗ੍ਰਹਿ ਵਿਖੇ ਹੋਇਆ ਐਰਿਕ ਸਵੈਲਵੈਲ ਦੇ ਹੱਕ 'ਚ ਵਿਸ਼ਾਲ ਫੰਡਰੇਜ਼ਿੰਗ ਸਮਾਗਮ



# 2 ਸਤਿੰਦਰ ਪਾਲ ਹੇਅਰ ਦੇ ਗ੍ਰਹਿ ਵਿਖੇ ਹੋਇਆ ਐਰਿਕ ਸਵੈਲਵੈਲ ਦੇ ਹੱਕ 'ਚ ਵਿਸ਼ਾਲ ਫੰਡਰੇਜ਼ਿੰਗ ਸਮਾਗਮ



# ਸਤਿੰਦਰ ਪਾਲ ਹੇਅਰ ਦੇ ਗ੍ਰਹਿ ਵਿਖੇ ਹੋਇਆ ਐਰਿਕ ਸਵੈਲਵੈਲ ਦੇ ਹੱਕ 'ਚ ਵਿਸ਼ਾਲ ਫੰਡਰੇਜ਼ਿੰਗ ਸਮਾਗਮ

3

















ਪੰਜਾਬ ਮੇਲ USA

ਫੇਅਰਫੀਲਡ, (ਪੰਜਾਬ ਮੇਲ)- ਕੈਲੀਫੋਰਨੀਆ ਦੇ ਗਵਰਨਰ ਅਹੁਦੇ ਲਈ ਚੋਣ ਮੈਦਾਨ 'ਚ ਨਿੱਤਰੇ ਕਾਂਗਰਸਮੈਨ ਐਰਿਕ ਸਵੈਲਵੈਲ ਦੇ ਸਮਰਥਨ ਵਿਚ ਫੇਅਰਫੀਲਡ ਦੇ ਪ੍ਰਮੁੱਖ ਬਿਜ਼ਨਸਮੈਨ ਸਤਿੰਦਰ ਪਾਲ ਸਿੰਘ ਹੇਅਰ ਅਤੇ ਹਰਜੀਤ ਕੌਰ ਦੇ ਗ੍ਰਹਿ ਵਿਖੇ ਇਕ ਪ੍ਰਭਾਵਸ਼ਾਲੀ ਫੰਡਰੇਜ਼ਿੰਗ ਸਮਾਗਮ ਆਯੋਜਿਤ ਕੀਤਾ ਗਿਆ। ਸਮਾਗਮ ਵਿਚ ਇਲਾਕੇ ਦੇ ਬਹੁਤ ਸਾਰੇ ਪਤਵੰਤੇ ਸੱਜਣਾਂ, ਵਪਾਰਕ ਵਰਗ ਦੇ ਪ੍ਰਤੀਨਿਧੀਆਂ, ਕਮਿਊਨਿਟੀ ਆਗੂਆਂ ਅਤੇ ਚੁਣੇ ਹੋਏ ਜਨ-ਪ੍ਰਤੀਨਿਧੀਆਂ ਨੇ ਹਾਜ਼ਰੀ ਭਰੀ ਅਤੇ ਵੱਧ-ਚੜ੍ਹ ਕੇ ਆਪਣਾ ਸਹਿਯੋਗ ਦਿੱਤਾ।

ਸਮਾਗਮ ਦੀ ਸ਼ੁਰੂਆਤ ਕੈਪਟਨ ਕਰਨਜੀਤ ਸਿੰਘ ਔਲਖ ਵੱਲੋਂ ਸਾਰੇ ਮਹਿਮਾਨਾਂ ਨੂੰ ਜੀ ਆਇਆਂ ਆਖ ਕੇ ਕੀਤੀ ਗਈ। ਇਸ ਤੋਂ ਬਾਅਦ ਮੰਚ ਦੀ ਕਾਰਵਾਈ ਦੀ ਜ਼ਿੰਮੇਵਾਰੀ ਅਮਿਤ ਪਾਲ ਨੇ ਸੰਭਾਲੀ ਅਤੇ ਸਮਾਗਮ ਨੂੰ ਸੁਚੱਜੇ ਢੰਗ ਨਾਲ ਅੱਗੇ ਵਧਾਇਆ। ਇਸ ਮੌਕੇ ਕਾਂਗਰਸਮੈਨ ਐਰਿਕ ਸਵੈਲਵੈਲ ਦੇ ਨਾਲ ਫਿਲਾਡੈਲਫੀਆ ਤੋਂ ਕਾਂਗਰਸਮੈਨ ਬ੍ਰੈਂਡਨ ਬੋਇਲ ਅਤੇ ਸਟੈਨਿਸਲਾਸ ਕਾਊਂਟੀ ਦੇ ਸੁਪਰਵਾਈਜ਼ਰ ਮਨੀ ਗਰੇਵਾਲ ਵੀ ਮੌਜੂਦ ਸਨ।

ਇਸ ਫੰਡਰੇਜ਼ਿੰਗ ਸਮਾਗਮ ਵਿਚ ਕਈ ਹੋਰ ਅਮਰੀਕੀ ਆਗੂ ਅਤੇ ਜਨ-ਪ੍ਰਤੀਨਿਧੀ ਵੀ ਸ਼ਾਮਲ ਹੋਏ। ਹਾਜ਼ਰ ਮਹਿਮਾਨਾਂ ਵਿਚ ਸੀਸੀ ਅਤੇ ਰੈਜੀਨਾ, ਹੈਰਿਸ ਲਿਊ ਅਤੇ ਮੈਰੀ ਯਿਨ ਲਿਊ, ਟੋਨੀ ਲਿਨ, ਵੀਵੀ ਅਤੇ ਗੈਰੀ ਜੂਲਸ, ਜਿੰਮੀ ਪੀਅਰਸਨ, ਹੋਈ ਜੂ, ਕੈਥਰੀਨ ਮੋਏ, ਮੇਅਰ ਗੈਰੀ ਸਿੰਘ, ਕੌਂਸਲ ਮੈਂਬਰ ਅਮਿਤ ਪਾਲ ਅਤੇ ਕੌਂਸਲਮੈਨ ਡੈਰਨ ਸਿਊਨ ਸਮੇਤ ਕਈ ਹੋਰ ਪ੍ਰਮੁੱਖ ਸ਼ਖਸੀਅਤਾਂ ਸ਼ਾਮਲ ਸਨ। ਪੰਜਾਬੀ ਭਾਈਚਾਰੇ ਵੱਲੋਂ ਵੀ ਇਸ ਸਮਾਗਮ ਵਿਚ ਉਤਸ਼ਾਹਪੂਰਵਕ ਹਿੱਸਾ ਲਿਆ ਗਿਆ ਅਤੇ ਆਪਣੇ ਰਾਜਨੀਤਿਕ ਅਤੇ ਆਰਥਿਕ ਸਹਿਯੋਗ ਰਾਹੀਂ ਐਰਿਕ ਸਵੈਲਵੈਲ ਪ੍ਰਤੀ ਆਪਣਾ ਭਰੋਸਾ ਪ੍ਰਗਟ ਕੀਤਾ ਗਿਆ। ਸਮਾਗਮ ਦੌਰਾਨ ਰੋਮੀ ਉੱਪਲ ਵੱਲੋਂ ਖਾਣੇ ਦਾ ਪ੍ਰਬੰਧ ਕੀਤਾ ਗਿਆ, ਜਿਸ ਦੀ ਮਹਿਮਾਨਾਂ ਵੱਲੋਂ ਸਰਾਹਨਾ ਕੀਤੀ ਗਈ।

ਇਸ ਮੌਕੇ ਬੌਬ ਔਜਲਾ, ਮਾਈਕ ਸਿੰਘ, ਰੋਬਰਟ ਹੇਅਰ, ਹਰਜਿੰਦਰ ਧਾਮੀ, ਗੁਰਜਤਿੰਦਰ ਰੰਧਾਵਾ, ਸ਼ੇਰੂ ਭਾਟੀਆ, ਜੋਅ ਜੌਹਲ, ਸੁਖਚੈਨ ਸਿੰਘ, ਫੇਅਰਫੀਲਡ ਹਿੰਦੂ ਟੈਂਪਲ ਦੇ ਪ੍ਰਤੀਨਿਧੀ, ਸੈਂਟਾ ਰੋਜ਼ਾ ਕਮਿਊਨਿਟੀ ਦੇ ਮੈਂਬਰ, ਸੋਲਾਨੋ ਸਪੋਰਟਸ ਕਲੱਬ, ਬੇ ਏਰੀਆ ਸਪੋਰਟਸ ਕਲੱਬ, ਟੀਮਸਟਰਸ, ਸੁਮੀਰ ਹੇਅਰ, ਗੁਰਿੰਦਰ ਸਿੰਘ, ਪਰਮਦੀਪ ਕੁਕਰੇਜਾ, ਹਰਮਿੰਦਰ ਸਿੰਘ ਗਰੇਵਾਲ, ਸਿਮਰਜੀਤ ਜਵੰਦਾ, ਰਾਜੇਸ਼ ਮਲਹੋਤਰਾ, ਸਨੀ ਘਈ, ਜਸਵੰਤ ਪੰਨੂ ਅਤੇ ਰਮਨ ਪੰਨੂ, ਹੁਸ਼ਿਆਰ ਡਡਵਾਲ, ਗੁਰਪਾਲ ਡਡਵਾਲ, ਜਸਪਾਲ ਡਡਵਾਲ, ਜੋਅ ਬਸਰਾ, APCA, ਆਈ.ਸੀ.ਏ., ਏ.ਏ.ਜੀ.ਜੀ. ਪੈਕ, ਮਾਈਕ ਅਲੀ ਅਤੇ ਪੁਨੀਤ ਬੈਂਸ ਸਮੇਤ ਹੋਰ ਕਈ ਆਗੂ ਵੀ ਹਾਜ਼ਰ ਸਨ, ਜਿਨ੍ਹਾਂ ਨੇ ਫੰਡ ਰੇਜ਼ਿੰਗ ਮੁਹਿੰਮ ਲਈ ਆਪਣਾ ਵਧੀਆ ਯੋਗਦਾਨ ਪਾਇਆ।

ਸਮਾਗਮ ਦੌਰਾਨ ਬੋਲਦੇ ਹੋਏ ਕਾਂਗਰਸਮੈਨ ਐਰਿਕ ਸਵੈਲਵੈਲ ਨੇ ਛੋਟੇ ਕਾਰੋਬਾਰਾਂ ਦੀ ਹਿਮਾਇਤ ਕਰਨ ਦੀ ਆਪਣੀ ਵਚਨਬੱਧਤਾ ਦੁਹਰਾਈ ਅਤੇ ਕਿਹਾ ਕਿ ਕੈਲੀਫੋਰਨੀਆ ਦੀ ਅਰਥਵਿਵਸਥਾ ਨੂੰ ਮਜ਼ਬੂਤ ਬਣਾਉਣ ਵਿਚ ਛੋਟੇ ਬਿਜ਼ਨਸ ਮਾਲਕਾਂ ਦੀ ਭੂਮਿਕਾ ਬਹੁਤ ਮਹੱਤਵਪੂਰਨ ਹੈ। ਉਨ੍ਹਾਂ ਨੇ ਖ਼ਾਸ ਤੌਰ 'ਤੇ ਭਾਰਤੀ ਭਾਈਚਾਰੇ ਅਤੇ ਪੰਜਾਬੀ ਕਮਿਊਨਿਟੀ ਦੇ ਯੋਗਦਾਨ ਦੀ ਸਰਾਹਨਾ ਕੀਤੀ ਅਤੇ ਕਿਹਾ ਕਿ ਉਹ ਇਸ ਕਮਿਊਨਿਟੀ ਨਾਲ ਲੰਬੇ ਸਮੇਂ ਤੋਂ ਨੇੜਤਾ ਮਹਿਸੂਸ ਕਰਦੇ ਹਨ।

ਗੌਰਤਲਬ ਹੈ ਕਿ ਐਰਿਕ ਸਵੈਲਵੈਲ ਅਮਰੀਕੀ ਕਾਂਗਰਸ ਵਿਚ ਬੇਏਰੀਆ/ਫਰੀਮਾਂਟ ਖੇਤਰ ਦੀ ਨੁਮਾਇੰਦਗੀ ਕਰ ਰਹੇ ਹਨ ਅਤੇ ਹੁਣ ਕੈਲੀਫੋਰਨੀਆ ਦੇ ਗਵਰਨਰ ਅਹੁਦੇ ਲਈ ਚੋਣ ਮੈਦਾਨ ਵਿਚ ਹਨ। ਉਨ੍ਹਾਂ ਦੀ ਉਮੀਦਵਾਰੀ ਨੇ ਰਾਜ ਦੀ ਸਿਆਸਤ ਵਿਚ ਨਵੀਂ ਚਰਚਾ ਛੇੜੀ ਹੈ। ਐਰਿਕ ਸਵੈਲਵੈਲ ਦੀ ਜੂਨ 'ਚ ਹੋ ਰਹੀਆਂ ਪ੍ਰਾਇਮਰੀ ਚੋਣਾਂ 'ਚ ਜਿੱਤ ਯਕੀਨੀ ਹੈ।

# ਕੈਲੀਫੋਰਨੀਆ ਦੇ ਗਵਰਨਰ ਲਈ ਉਮੀਦਵਾਰ ਐਰਿਕ ਸਵੈਲਵੈਲ ਲਈ ਜਸਪ੍ਰੀਤ ਸਿੰਘ ਅਟਾਰਨੀ ਨੇ ਕੀਤਾ ਫੰਡ ਰੇਜ਼ਿੰਗ









**ਸੈਕਰਾਮੈਂਟੋ, (ਪੰਜਾਬ ਮੇਲ)-** ਕੈਲੀਫੋਰਨੀਆ ’ਚ ਜੂਨ 2026 ’ਚ ਗਵਰਨਰ ਲਈ ਪ੍ਰਾਇਮਰੀ ਚੋਣਾਂ ਹੋਣ ਜਾ ਰਹੀਆਂ ਹਨ। ਇਸ ਲਈ ਵੱਖ-ਵੱਖ ਉਮੀਦਵਾਰ ਚੋਣ ਮੈਦਾਨ ਵਿਚ ਖੜ੍ਹੇ ਹਨ। ਪਰ ਇਨ੍ਹਾਂ ਵਿਚੋਂ ਡੈਮੋਕ੍ਰੇਟ ਪਾਰਟੀ ਵੱਲੋਂ ਐਰਿਕ ਸਵੈਲਵੈਲ ਇਸ ਵੇਲੇ ਉੱਭਰ ਕੇ ਅੱਗੇ ਆਏ ਹਨ। ਉਨ੍ਹਾਂ ਦੀ ਚੋਣ ਕੈਂਪੇਨ ਵਿਚ ਹਿੱਸਾ ਪਾਉਣ ਲਈ ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ ਨੇ ਆਪਣੇ ਦਫਤਰ ਵਿਖੇ ਇਕ ਫੰਡ ਰੇਜ਼ ਦਾ ਆਯੋਜਨ ਕੀਤਾ, ਜਿਸ ਨੂੰ ਵੱਡਾ ਹੁੰਗਾਰਾ ਮਿਲਿਆ। ਸੈਕਰਾਮੈਂਟੋ ਦੇ ਵੱਖ-ਵੱਖ ਗੁਰੂਘਰਾਂ ਦੀਆਂ ਕਮੇਟੀਆਂ ਦੇ ਮੈਂਬਰ ਅਤੇ ਬਿਜ਼ਨਸਮੈਨ ਇਸ ਮੌਕੇ ਵੱਡੀ ਗਿਣਤੀ ’ਚ ਪਹੁੰਚੇ ਹੋਏ ਸਨ। ਉਨ੍ਹਾਂ ਨੇ ਫੰਡ ਰੇਜ਼ਿੰਗ ਵਿਚ ਵੱਧ-ਚੜ੍ਹ ਕੇ ਹਿੱਸਾ ਪਾਇਆ।




ਇਸ ਦੌਰਾਨ ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ ਨੇ ਆਪਣੀ ਤਕਰੀਰ ਦੌਰਾਨ ਕਿਹਾ ਕਿ ਇਸ ਵਕਤ ਅਮਰੀਕਾ ਦਾ ਅਰਥਚਾਰਾ ਕਾਫੀ ਤਹਿਸ-ਨਹਿਸ ਹੋ ਗਿਆ ਹੈ। ਤਕਰੀਬਨ ਹਰ ਬਿਜ਼ਨਸ ਇਸ ਵੇਲੇ ਮੰਦੇ ਵਿਚ ਚੱਲ ਰਿਹਾ ਹੈ। ਇਸ ਦੇ ਨਾਲ-ਨਾਲ ਉਨ੍ਹਾਂ ਇਮੀਗ੍ਰੇਸ਼ਨ ਪ੍ਰਣਾਲੀ ਵਿਚ ਵੀ ਆ ਰਹੀਆਂ ਮੁਸ਼ਕਲਾਂ ਬਾਰੇ ਐਰਿਕ ਸਵੈਲਵੈਲ ਨੂੰ ਜਾਣਕਾਰੀ ਦਿੱਤੀ ਅਤੇ ਉਮੀਦ ਜ਼ਾਹਿਰ ਕੀਤੀ ਕਿ ਉਨ੍ਹਾਂ ਦੇ ਜਿੱਤਣ ਤੋਂ ਬਾਅਦ ਇਹ ਮਸਲੇ ਹੱਲ ਹੋਣਗੇ।

ਮੌਜੂਦਾ ਕਾਂਗਰਸਮੈਨ ਐਰਿਕ ਸਵੈਲਵੈਲ ਨੇ ਕਿਹਾ ਕਿ ਮੈਂ ਗਵਰਨਰ ਦੀ ਚੋਣ ਜਿੱਤਣ ਤੋਂ ਬਾਅਦ ਇਨ੍ਹਾਂ ਗੱਲਾਂ ਵੱਲ ਵਿਸ਼ੇਸ਼ ਤੌਰ ’ਤੇ ਧਿਆਨ ਦੇਵਾਂਗਾ। ਉਨ੍ਹਾਂ ਕਿਹਾ ਕਿ ਮੈਂ ਸਿੱਖ ਭਾਈਚਾਰੇ ਨੂੰ ਬਹੁਤ ਪਸੰਦ ਕਰਦਾ ਹਾਂ। ਇਨ੍ਹਾਂ ਦੇ ਜੋ ਵੀ ਮਸਲੇ ਹੋਣਗੇ, ਮੈਂ ਪਹਿਲ ਦੇ ਆਧਾਰ ’ਤੇ ਹੱਲ ਕਰਵਾਵਾਂਗਾ। ਉਨ੍ਹਾਂ ਸਮੂਹ ਆਏ ਹੋਏ ਪਤਵੰਤੇ ਸੱਜਣਾਂ ਦਾ ਧੰਨਵਾਦ ਕੀਤਾ। ਇਸ ਮੌਕੇ ਉਨ੍ਹਾਂ ਨਾਲ ਕਾਂਗਰਸਮੈਨ ਬ੍ਰੈਂਡਨ ਬੋਇਲ ਵੀ ਹਾਜ਼ਰ ਸਨ।

# ਅਮਰੀਕਾ ਦੇ ਉੱਘੇ ਸਿੱਖ ਅਟਾਰਨੀ ਜਸਪ੍ਰੀਤ ਸਿੰਘ ਬੁਰਜ ਗਲੋਬਲ ਐਵਾਰਡ ਨਾਲ ਸਨਮਾਨਿਤ





**ਵਾਸ਼ਿੰਗਟਨ, (ਰਾਜ ਗੋਗਨਾ/ ਪੰਜਾਬ ਮੇਲ)-** ਵਾਸ਼ਿੰਗਟਨ ਡੀ.ਸੀ ’ਚ ਵੱਕਾਰੀ ਬੁਰਜ ਗਲੋਬਲ ਨਾਂ ਦੀ ਸੰਸਥਾ ਵੱਲੋਂ ਉੱਘੇ ਸਿੱਖ ਅਟਾਰਨੀ ਜਸਪ੍ਰੀਤ ਸਿੰਘ ਨੂੰ ‘ਬੁਰਜ ਗਲੋਬਲ ਐਵਾਰਡ’ ਦੇ ਨਾਲ ਨਾਮਜ਼ਦ ਕੀਤਾ ਗਿਆ ਹੈ। ਇਸ ਵੱਕਾਰੀ ਬੁਰਜ ਗਲੋਬਲ ਨਾਂ ਦੀ ਸੰਸਥਾ ਵੱਲੋਂ ਦੁਨੀਆਂ ਭਰ ਦੇ 100ਵੇਂ ਅਵਾਰਡ ਸਮਾਰੋਹ ਵਿਚ ਅਟਾਰਨੀ ਜਸਪ੍ਰੀਤ ਸਿੰਘ ਨੂੰ ਸਨਮਾਨਿਤ ਕੀਤਾ ਗਿਆ, ਜੋ ਨਿਊਜਰਸੀ ਦੇ ਰਾਜਪਾਲ ਦੇ ਮੁੱਖ ਸਲਾਹਕਾਰ ਵੀ ਹਨ। ਜਸਪ੍ਰੀਤ ਨੂੰ ਅਮਰੀਕਾ ਦੇ ਇੱਕ ਪ੍ਰਸਿੱਧ ਸਹੀ ਕਾਨੂੰਨੀ ਖੇਤਰਾਂ ਵਿਚ ਆਪਣੀਆਂ ਸ਼ਾਨਦਾਰ ਸੇਵਾਵਾਂ ਦੇਣ ਤੇ ਕਾਨੂੰਨੀ ਮਾਹਰ ਹੋਣ ਦੇ ਬਦਲੇ ਬੁਰਜ ਗਲੋਬਲ ਐਵਾਰਡ ਦਾ ਪੁਰਸਕਾਰ ਦਿੱਤਾ ਗਿਆ। ਇਹ ਪਾਵਰ ਗਲੋਬਲ ਸੰਸਥਾ ਵਪਾਰ, ਲੀਡਰਸ਼ਿਪ, ਨਵੀਨਤਾ ਅਤੇ ਸਮਾਜ ਵਿਚ ਸੇਵਾ ਨਾਲ ਸਬੰਧਤ ਵੱਖ-ਵੱਖ ਖੇਤਰਾਂ ਵਿਚ ਵਿਸ਼ਵ ਭਰ ਦੇ ਉੱਤਮ ਲੋਕਾਂ ਨੂੰ ਸਨਮਾਨਿਤ ਕਰਦੀ ਹੈ। ਅਮਰੀਕਾ ਦੇ ਉੱਘੇ ਸਿੱਖ ਵਕੀਲ ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ ਨੂੰ ਇਹ ਗਲੋਬਲ ਅਵਾਰਡ ਉਨ੍ਹਾਂ ਦੀ ਕਾਨੂੰਨੀ ਖੇਤਰ ਵਿਚ ਸ਼ਾਨਦਾਰ ਸੇਵਾਵਾਂ ਅਤੇ ਉਨ੍ਹਾਂ ਦੇ ਲੀਡਰਸ਼ਿਪ ਗੁਣਾਂ ਕਾਰਨ ਦਿੱਤਾ ਗਿਆ। ਇਹ ਅਵਾਰਡ ਸਮਾਰੋਹ ਵਾਸ਼ਿੰਗਟਨ ਡੀ.ਸੀ. ਯੂ.ਐੱਸ.ਏ. ਵਿਚ ਬੀਤੇ ਦਿਨੀਂ ਆਯੋਜਿਤ ਕੀਤਾ ਗਿਆ, ਜਿਸ ਵਿਚ ਦੁਨੀਆਂ ਭਰ ਦੇ ਕਾਰੋਬਾਰੀ ਨੇਤਾਵਾਂ ਨੇ ਇਸ ਸਮਾਗਮ ਵਿਚ ਸ਼ਿਰਕਤ ਕੀਤੀ ਸੀ। ਉਨ੍ਹਾਂ ਨੂੰ ਇਹ ਪੁਰਸਕਾਰ ਕਲੱਬ ਨੈੱਟਵਰਕ ਵਰਲਡਵਾਈਡ ਦੇ ਸੰਸਥਾਪਕ ਅਤੇ ਸੀ.ਈ.ਓ. ਡਾ. ਤਾਰਿਕ ਅਹਿਮਦ ਨਿਜ਼ਾਮੀ ਅਤੇ ਮੈਨਜਿੰਗ ਸੀ.ਈ.ਓ. ਸਾਰਾਹ ਡੇਂਗ ਦੁਆਰਾ ਪ੍ਰਦਾਨ ਕੀਤਾ ਗਿਆ।




Jaspreet Singh
Attorney at Law
ਅਮਰੀਕਾ ਦੀ ਇਮੀਗ੍ਰੇਸ਼ਨ
ਰਿਫਿਊਜ਼ੀ ਸਟੇਅ, ਬੱਚਾ ਗੋਦ ਲੈਣਾ, ਡਿਪੋਰਟੇਸ਼ਨ ਵਿਆਹ,
ਐਚ.1 ਵੀਜ਼ਾ, ਲੇਬਰ ਸਰਟੀਫਿਕੇਟ ਦੇ ਕੇਸਾਂ ਲਈ
ਅਟਾਰਨੀ ਐਟ ਲਾਅ, ਨਿਊਯਾਰਕ ਅਤੇ ਕੈਲੀਫੋਰਨੀਆ



ਜਸਪ੍ਰੀਤ ਸਿੰਘ ਅਟਾਰਨੀ ਐਟ ਲਾਅ

Designed By Punjab Mail USA

**SACRAMENTO**
5855 Auburn Blvd,
Sacramento, CA 95841,
+1-916-307-4620

**FRESNO**
1625 E Shaw Ave
#122, Fresno,
CA 93726
559-271-5511

**FREMONT**
3155 KEARNEY ST,
SUITE #248,
FREMONT, CA 94538.
+1-510-657-6444

**NEWYORK**
108-14 Jamaica Ave,
Richmond Hill,
NY 11418
Phone: 718-533-8444

# ਕੈਲੀਫੋਰਨੀਆ ਦੀਆਂ ਮਹਿਲਾ ਜੇਲ੍ਹਾਂ 'ਚ ਮਹਿਲਾ ਕੈਦੀਆਂ ਦੇ ਨਾਗਰਿਕ ਅਧਿਕਾਰਾਂ ਦੀ ਉਲੰਘਣਾ ਦੀ ਜਾਂਚ ਸ਼ੁਰੂ

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**-ਸਿਵਲ ਰਾਈਟਸ ਡਿਵੀਜ਼ਨ ਦੇ ਮੁਖੀ ਸਹਾਇਕ ਅਟਾਰਨੀ ਜਨਰਲ ਹਰਮੀਤ ਕੌਰ ਢਿੱਲੋਂ ਦੇ ਅਨੁਸਾਰ, ਅਮਰੀਕੀ ਨਿਆਂ ਵਿਭਾਗ ਨੇ ਕੈਲੀਫੋਰਨੀਆ ਦੀਆਂ ਮਹਿਲਾ ਜੇਲ੍ਹਾਂ ਵਿਚ ਮਹਿਲਾ ਕੈਦੀਆਂ ਦੇ ਸੰਭਾਵਿਤ ਨਾਗਰਿਕ ਅਧਿਕਾਰਾਂ ਦੀ ਉਲੰਘਣਾ ਦੀ ਜਾਂਚ ਸ਼ੁਰੂ ਕਰ ਦਿੱਤੀ ਹੈ। ਉਸਨੇ ਸਮਝਾਇਆ ਕਿ ਇਹ ਜਾਂਚ ਇੱਕ ਨਵੀਂ "ਸਿੰਗਲ-ਸੈਕਸ ਪ੍ਰਿਜ਼ਨ ਇਨੀਸ਼ੀਏਟਿਵ" ਦਾ ਹਿੱਸਾ ਹੈ, ਜੋ ਕਿ ਜੇਲ੍ਹਾਂ ਵਿਚ ਰਿਹਾਇਸ਼ੀ ਨੀਤੀਆਂ ਅਤੇ ਮਹਿਲਾ ਕੈਦੀਆਂ ਦੇ ਅਧਿਕਾਰਾਂ 'ਤੇ ਕੇਂਦ੍ਰਿਤ ਹੈ।



ਢਿੱਲੋਂ ਨੇ ਕਿਹਾ ਕਿ ਉਨ੍ਹਾਂ ਦੀ ਅਗਵਾਈ ਹੇਠ, ਸਿਵਲ ਰਾਈਟਸ ਡਿਵੀਜ਼ਨ ਇਹ ਯਕੀਨੀ ਬਣਾਏਗਾ ਕਿ ਮਹਿਲਾ ਕੈਦੀਆਂ ਨੂੰ ਕਿਸੇ ਵੀ ਗੈਰ-ਸੰਵਿਧਾਨਕ ਧਮਕੀ ਦਾ ਸਾਹਮਣਾ ਨਾ ਕਰਨਾ ਪਵੇ। ਉਨ੍ਹਾਂ ਇਹ ਵੀ ਕਿਹਾ ਕਿ ਇਹ ਜਾਂਚ ਇਸ ਗੱਲ ਦੀ ਜਾਂਚ ਕਰੇਗੀ ਕਿ ਕੀ ਮਹਿਲਾ ਜੇਲ੍ਹਾਂ ਵਿਚ ਪੁਰਸ਼ ਕੈਦੀਆਂ ਨੂੰ ਰੱਖਣ ਦਾ ਰੁਝਾਨ ਔਰਤਾਂ ਦੇ ਸੰਵਿਧਾਨਕ ਅਧਿਕਾਰਾਂ ਦੀ ਉਲੰਘਣਾ ਕਰ ਰਿਹਾ ਹੈ।

ਨਿਆਂ ਵਿਭਾਗ ਦੇ ਅਨੁਸਾਰ, ਜਾਂਚ ਖਾਸ ਤੌਰ 'ਤੇ ਦੋ ਜੇਲ੍ਹਾਂ - ਕੈਲੀਫੋਰਨੀਆ ਇੰਸਟੀਚਿਊਸ਼ਨ ਫਾਰ ਵੂਮੈਨ (ਸੀ.ਆਈ.ਡਬਲਯੂ.) ਅਤੇ ਸੈਂਟਰਲ ਕੈਲੀਫੋਰਨੀਆ ਵੂਮੈਨ ਫੈਸਿਲਿਟੀ (ਸੀ.ਸੀ.ਡਬਲਯੂ.ਐੱਫ.) ਵਿਚ ਮਹਿਲਾ ਕੈਦੀਆਂ ਦੇ ਅਧਿਕਾਰਾਂ 'ਤੇ ਕੇਂਦ੍ਰਿਤ ਹੋਵੇਗੀ। ਜਾਂਚ ਇਹ ਵੀ ਦੇਖੇਗੀ ਕਿ ਕੀ ਔਰਤ ਕੈਦੀਆਂ ਨੂੰ ਉਨ੍ਹਾਂ ਮਰਦਾਂ ਨਾਲ ਰੱਖਿਆ ਜਾ ਰਿਹਾ ਹੈ, ਜੋ ਆਪਣੀ ਪਛਾਣ ਔਰਤਾਂ ਵਜੋਂ ਕਰਦੇ ਹਨ, ਅਤੇ ਕੀ ਇਸ ਨਾਲ ਜਿਨਸੀ ਹਮਲੇ, ਹਿੰਸਾ ਜਾਂ ਪਰੇਸ਼ਾਨੀ ਦਾ ਖ਼ਤਰਾ ਵਧਦਾ ਹੈ।

ਇਹ ਜਾਂਚ ਕੈਲੀਫੋਰਨੀਆ ਦੀਆਂ ਜੇਲ੍ਹ ਨੀਤੀਆਂ ਵਿਚ ਹਾਲ ਹੀ ਵਿਚ ਹੋਏ ਬਦਲਾਅ, ਖਾਸ ਤੌਰ 'ਤੇ ਸੈਨੇਟ ਬਿੱਲ 132, ਦੇ ਵਿਚਕਾਰ ਆਈ ਹੈ, ਜੋ ਕਿ 2021 ਵਿਚ ਲਾਗੂ ਹੋਇਆ ਸੀ, ਜਿਸ ਨਾਲ ਟਰਾਂਸਜੈਂਡਰ, ਗੈਰ-ਬਾਈਨਰੀ ਅਤੇ ਇੰਟਰਸੈਕਸ ਕੈਦੀਆਂ ਨੂੰ ਆਪਣੀ ਲਿੰਗ ਪਛਾਣ ਦੇ ਅਨੁਸਾਰ ਜੇਲ੍ਹ ਰਿਹਾਇਸ਼ ਅਤੇ ਖੋਜਾਂ ਦੀ ਬੇਨਤੀ ਕਰਨ ਦੀ ਆਗਿਆ ਦਿੱਤੀ ਗਈ ਸੀ। ਹਾਲਾਂਕਿ, ਰਾਜ ਦੇ ਅਧਿਕਾਰੀਆਂ ਦਾ ਕਹਿਣਾ ਹੈ ਕਿ ਅਜਿਹੇ ਫੈਸਲੇ ਆਟੋਮੈਟਿਕ ਨਹੀਂ ਹੁੰਦੇ, ਸਗੋਂ ਹਰੇਕ ਮਾਮਲੇ ਦੀ ਸੁਰੱਖਿਆ ਅਤੇ ਹੋਰ ਕਾਰਕਾਂ ਨੂੰ ਧਿਆਨ ਵਿਚ ਰੱਖਦੇ ਹੋਏ, ਵੱਖਰੇ ਤੌਰ 'ਤੇ ਸਮੀਖਿਆ ਕੀਤੀ ਜਾਂਦੀ ਹੈ। ਨਿਆਂ ਵਿਭਾਗ ਨੇ ਅਜੇ ਤੱਕ ਜਾਂਚ ਦੀ ਸਮਾਂ-ਸੀਮਾ ਜਾਂ ਸ਼ੁਰੂਆਤੀ ਨਤੀਜਿਆਂ ਬਾਰੇ ਕੋਈ ਜਾਣਕਾਰੀ ਨਹੀਂ ਦਿੱਤੀ ਹੈ। ਇਹ ਕਦਮ ਹਾਲ ਹੀ ਦੇ ਮਹੀਨਿਆਂ ਵਿਚ ਸ਼ੁਰੂ ਕੀਤੀਆਂ ਗਈਆਂ ਵਿਆਪਕ ਜੇਲ੍ਹ-ਸਬੰਧਤ ਨਾਗਰਿਕ ਅਧਿਕਾਰਾਂ ਦੀ ਜਾਂਚ ਦਾ ਹਿੱਸਾ ਹੈ, ਜਿਸ ਵਿਚ ਕੋਲੋਰਾਡੋ ਜੇਲ੍ਹਾਂ ਵਿਚ ਹਾਲਾਤ ਅਤੇ ਕੈਲੀਫੋਰਨੀਆ ਵਿਚ ਦੋ ਮਹਿਲਾ ਜੇਲ੍ਹਾਂ ਵਿਚ ਜਿਨਸੀ ਹਮਲੇ ਦੇ ਦੋਸ਼ ਸ਼ਾਮਲ ਹਨ।

# ਅਮਰੀਕਾ ਸੈਨੇਟਰਾਂ ਵੱਲੋਂ 'ਫਸਟ ਆਈਲੈਂਡ ਚੇਨ ਡਿਟਰੈਂਸ ਐਕਟ' ਪੇਸ਼

**ਇੰਡੋ-ਪੈਸੀਫਿਕ ਖੇਤਰ 'ਚ ਮੁੱਖ ਸਹਿਯੋਗੀਆਂ ਨੂੰ ਹਥਿਆਰਾਂ ਦੀ ਸਪਲਾਈ 'ਚ ਦੇਰੀ ਦੀ ਜਾਂਚ ਕਰਨਾ ਮੁੱਖ ਉਦੇਸ਼**

**ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)**- ਅਮਰੀਕਾ 'ਚ ਇੱਕ ਨਵਾਂ ਬਿੱਲ ਪੇਸ਼ ਕੀਤਾ ਗਿਆ ਹੈ, ਜਿਸਦਾ ਉਦੇਸ਼ ਹਿੰਦ-ਪ੍ਰਸ਼ਾਂਤ ਖੇਤਰ ਵਿਚ ਮੁੱਖ ਸਹਿਯੋਗੀਆਂ ਨੂੰ ਹਥਿਆਰਾਂ ਦੀ ਸਪਲਾਈ ਵਿਚ ਦੇਰੀ ਦੀ ਜਾਂਚ ਕਰਨਾ ਹੈ। ਇਹ ਦੋ-ਪੱਖੀ ਬਿੱਲ ਅਮਰੀਕੀ ਸੈਨੇਟਰ ਮਾਈਕਲ ਬੇਨੇਟ ਅਤੇ ਪੀਟ ਰਿਕੇਟਸ ਦੁਆਰਾ ਪੇਸ਼ ਕੀਤਾ ਗਿਆ ਸੀ। "ਫਸਟ ਆਈਲੈਂਡ ਚੇਨ ਡਿਟਰੈਂਸ ਐਕਟ" ਨਾਮਕ ਇਸ ਕਾਨੂੰਨ ਦਾ ਉਦੇਸ਼ ਹਥਿਆਰਾਂ ਦੀ ਸਪੁਰਦਗੀ ਵਿਚ ਦੇਰੀ ਦੇ ਖੇਤਰ ਵਿਚ ਅਮਰੀਕੀ ਫੌਜੀ ਤਿਆਰੀ ਅਤੇ ਸੁਰੱਖਿਆ 'ਤੇ ਪੈ ਰਹੇ ਪ੍ਰਭਾਵ ਨੂੰ ਸੰਬੋਧਿਤ ਕਰਨਾ ਹੈ।



ਇਹ ਬਿੱਲ ਅਮਰੀਕੀ ਕੰਟਰੋਲਰ ਜਨਰਲ ਨੂੰ 18 ਮਹੀਨਿਆਂ ਦੇ ਅੰਦਰ ਜਾਪਾਨ, ਤਾਈਵਾਨ ਅਤੇ ਫਿਲੀਪੀਨਜ਼ ਨੂੰ ਅਮਰੀਕੀ ਹਥਿਆਰਾਂ ਦੀ ਸਪਲਾਈ ਵਿਚ ਦੇਰੀ ਦੇ ਕਾਰਨਾਂ ਅਤੇ ਪ੍ਰਭਾਵਾਂ ਦਾ ਵਿਸ਼ਲੇਸ਼ਣ ਕਰਨ ਲਈ ਇੱਕ ਵਿਸਤ੍ਰਿਤ ਰਿਪੋਰਟ ਪੇਸ਼ ਕਰਨ ਦਾ ਨਿਰਦੇਸ਼ ਦਿੰਦਾ ਹੈ। ਇਹ ਇਸ ਗੱਲ ਦੀ ਵੀ ਜਾਂਚ ਕਰੇਗਾ ਕਿ ਇਹ ਦੇਰੀ ਪੈਂਟਾਗਨ ਦੀਆਂ ਰਣਨੀਤਕ ਸਮਰੱਥਾਵਾਂ ਨੂੰ ਕਿਵੇਂ ਪ੍ਰਭਾਵਤ ਕਰ ਰਹੀ ਹੈ - ਜਿਵੇਂ ਕਿ ਖੇਤਰ ਵਿਚ ਇੱਕ ਮਜ਼ਬੂਤ ਰੱਖਿਆ ਪ੍ਰਣਾਲੀ ਦਾ ਨਿਰਮਾਣ ਅਤੇ ਰੱਖ-ਰਖਾਅ।

ਸੈਨੇਟਰ ਬੇਨੇਟ ਨੇ ਕਿਹਾ ਕਿ ਟਰੂਮੈਨ ਪ੍ਰਸ਼ਾਸਨ ਤੋਂ ਬਾਅਦ, ਅਮਰੀਕਾ ਨੇ ਇੰਡੋ-ਪੈਸੀਫਿਕ ਵਿਚ ਸਥਿਰਤਾ ਲਈ ਫਸਟ ਆਈਲੈਂਡ ਚੇਨ ਦੀ ਸੁਰੱਖਿਆ ਨੂੰ ਬਹੁਤ ਜ਼ਰੂਰੀ ਮੰਨਿਆ ਹੈ। ਉਨ੍ਹਾਂ ਇਹ ਵੀ ਕਿਹਾ ਕਿ ਅਮਰੀਕਾ ਦੀ ਵਚਨਬੱਧਤਾ ਨੂੰ ਤਾਂ ਹੀ ਮਜ਼ਬੂਤ ਮੰਨਿਆ ਜਾਂਦਾ ਹੈ, ਜੇਕਰ ਉਹ ਆਪਣੇ ਸਹਿਯੋਗੀਆਂ ਨੂੰ ਸਮੇਂ ਸਿਰ ਹਥਿਆਰ ਮੁਹੱਈਆ ਕਰਵਾ ਸਕਦਾ ਹੈ। ਮੌਜੂਦਾ ਦੇਰੀ ਅਤੇ ਬੈਕਲਾਗ ਇਸ ਵਿਸ਼ਵਾਸ ਨੂੰ ਕਮਜ਼ੋਰ ਕਰ ਰਹੇ ਹਨ।

ਸੈਨੇਟਰ ਰਿਕੇਟਸ ਨੇ ਵੀ ਇਸ ਮੁੱਦੇ 'ਤੇ ਚਿੰਤਾ ਪ੍ਰਗਟ ਕੀਤੀ ਅਤੇ ਕਿਹਾ ਕਿ ਇੰਡੋ-ਪੈਸੀਫਿਕ ਸਹਿਯੋਗੀ ਆਪਣੀਆਂ ਰੱਖਿਆ ਸਮਰੱਥਾਵਾਂ ਨੂੰ ਮਜ਼ਬੂਤ ਕਰਨ ਲਈ ਖਰਚ ਵਧਾ ਰਹੇ ਹਨ, ਪਰ ਉਨ੍ਹਾਂ ਨੂੰ ਅਮਰੀਕਾ ਤੋਂ ਖਰੀਦੇ ਗਏ ਹਥਿਆਰ ਸਮੇਂ ਸਿਰ ਨਹੀਂ ਮਿਲ ਰਹੇ ਹਨ। ਉਨ੍ਹਾਂ ਅਨੁਸਾਰ, ਇਹ ਦੇਸ਼ ਖੇਤਰ ਵਿਚ ਚੀਨ ਦੇ ਹਮਲੇ ਨੂੰ ਰੋਕਣ ਵਿਚ ਮਹੱਤਵਪੂਰਨ ਭੂਮਿਕਾ ਨਿਭਾਉਂਦੇ ਹਨ, ਇਸ ਲਈ ਉਨ੍ਹਾਂ ਨੂੰ ਜਲਦੀ ਹਥਿਆਰ ਮੁਹੱਈਆ ਕਰਵਾਉਣੇ ਜ਼ਰੂਰੀ ਹਨ।

ਇਹ ਰਿਪੋਰਟ ਹਥਿਆਰਾਂ ਦੇ ਸੌਦਿਆਂ ਦਾ ਵੀ ਵਿਸ਼ਲੇਸ਼ਣ ਕਰੇਗੀ, ਜੋ ਮਨਜ਼ੂਰ ਹੋ ਚੁੱਕੇ ਹਨ ਪਰ ਅਜੇ ਤੱਕ ਪ੍ਰਦਾਨ ਨਹੀਂ ਕੀਤੇ ਗਏ ਹਨ, ਪੈਂਟਾਗਨ ਪ੍ਰਕਿਰਿਆਵਾਂ, ਉਤਪਾਦਨ ਸਮਰੱਥਾ ਸੀਮਾਵਾਂ ਅਤੇ ਦੇਰੀ ਦੇ ਪਿੱਛੇ ਵਿਸ਼ਵਵਿਆਪੀ ਤਰਜੀਹਾਂ ਵਰਗੇ ਕਾਰਕਾਂ ਦੀ ਜਾਂਚ ਕਰੇਗੀ। ਕਾਨੂੰਨਘਾੜਿਆਂ ਨੇ ਚੇਤਾਵਨੀ ਦਿੱਤੀ ਹੈ ਕਿ ਜੇਕਰ ਦੇਰੀ ਜਾਰੀ ਰਹੀ, ਤਾਂ ਸਹਿਯੋਗੀਆਂ ਨੂੰ ਦੂਜੇ ਦੇਸ਼ਾਂ ਤੋਂ ਹਥਿਆਰ ਖਰੀਦਣ ਲਈ ਮਜਬੂਰ ਕੀਤਾ ਜਾ ਸਕਦਾ ਹੈ, ਜਿਸ ਨਾਲ ਸੰਕਟ ਵਿਚ ਤਾਲਮੇਲ ਕਮਜ਼ੋਰ ਹੋ ਸਕਦਾ ਹੈ।

ਫਸਟ ਆਈਲੈਂਡ ਚੇਨ ਨੂੰ ਜਾਪਾਨ ਤੋਂ ਤਾਈਵਾਨ ਅਤੇ ਫਿਲੀਪੀਨਜ਼ ਤੱਕ ਫੈਲੀ ਇੱਕ ਰਣਨੀਤਕ ਰੱਖਿਆ ਲਾਈਨ ਮੰਨਿਆ ਜਾਂਦਾ ਹੈ, ਜੋ ਕਿ ਪੱਛਮੀ ਪ੍ਰਸ਼ਾਂਤ ਖੇਤਰ ਵਿਚ ਸੁਰੱਖਿਆ ਲਈ ਬਹੁਤ ਮਹੱਤਵਪੂਰਨ ਹੈ। ਬਿੱਲ "ਮਜ਼ਬੂਤ ਇਨਕਾਰ ਬਚਾਅ" ਨੂੰ ਵੀ ਪਰਿਭਾਸ਼ਿਤ ਕਰਦਾ ਹੈ, ਜਿਸਦਾ ਅਰਥ ਹੈ ਦੁਸ਼ਮਣ ਨੂੰ ਇਸ ਹੱਦ ਤੱਕ ਕਮਜ਼ੋਰ ਕਰਨਾ ਕਿ ਉਹ ਕਿਸੇ ਵੀ ਕਾਰਵਾਈ ਵਿਚ ਸਫਲ ਨਾ ਹੋ ਸਕੇ।

ਇਹ ਪ੍ਰਸਤਾਵ ਟਰੰਪ ਪ੍ਰਸ਼ਾਸਨ ਦੀ 2026 ਦੀ ਰਾਸ਼ਟਰੀ ਰੱਖਿਆ ਰਣਨੀਤੀ ਦੇ ਅਨੁਕੂਲ ਹੈ, ਜੋ ਕਿ ਫਸਟ ਆਈਲੈਂਡ ਚੇਨ ਦੇ ਨਾਲ ਇੱਕ ਮਜ਼ਬੂਤ ਰੱਖਿਆ ਢਾਂਚੇ ਦੇ ਨਿਰਮਾਣ 'ਤੇ ਜ਼ੋਰ ਦਿੰਦੀ ਹੈ।

# ਕੰਜ਼ਰਵੇਟਿਵ ਪਾਰਟੀ ਨੇ ਹੋਨਵੀਰ ਸਿੰਘ ਰੰਧਾਵਾ ਨੂੰ ਮੇਅਰ ਅਹੁਦੇ ਲਈ ਉਮੀਦਵਾਰ ਐਲਾਨਿਆ

**ਵੈਨਕੂਵਰ, (ਪੰਜਾਬ ਮੇਲ)**- ਮਿੰਨੀ ਪੰਜਾਬ ਵਜੋਂ ਜਾਣੇ ਜਾਂਦੇ ਕੈਨੇਡਾ ਦੇ ਸ਼ਹਿਰ ਸਰੀ ਦੀਆਂ ਆਗਾਮੀ ਮਿਊਂਸਪਲ ਚੋਣਾਂ ਲਈ ਸਿਆਸੀ ਸਰਗਰਮੀਆਂ ਤੇਜ਼ ਹੋ ਗਈਆਂ ਹਨ। ਕੰਜ਼ਰਵੇਟਿਵ ਪਾਰਟੀ ਆਫ ਸਰੀ ਵੱਲੋਂ ਵੀ ਚੋਣ ਮੈਦਾਨ 'ਚ ਨਿਤਰਦਿਆ ਉੱਘੇ ਵਕੀਲ ਅਤੇ ਸਮਾਜਿਕ ਆਗੂ ਹੋਨਵੀਰ ਸਿੰਘ ਰੰਧਾਵਾ ਨੂੰ ਇਨ੍ਹਾਂ ਚੋਣਾਂ 'ਚ ਮੇਅਰ ਦੇ ਅਹੁਦੇ ਲਈ ਆਪਣਾ ਉਮੀਦਵਾਰ ਐਲਾਨਿਆ ਹੈ।

ਹੋਨਵੀਰ ਸਿੰਘ ਰੰਧਾਵਾ ਦੀ ਉਮੀਦਵਾਰੀ ਦਾ ਰਸਮੀ ਐਲਾਨ ਕਰਨ ਸਬੰਧੀ ਸਰੀ ਸਥਿਤ ਦ



ਐਂਪਰੈਸ ਪੈਲੇਸ ਬਾਲਰੂਮ 'ਚ 29 ਮਾਰਚ ਸ਼ਾਮ ਨੂੰ ਇੱਕ ਵਿਸ਼ੇਸ਼ ਸਮਾਗਮ ਆਯੋਜਿਤ ਕੀਤਾ ਜਾਵੇਗਾ। ਜਿਸ 'ਚ ਕੰਜ਼ਰਵੇਟਿਵ ਪਾਰਟੀ ਨਾਲ ਸੰਬੰਧਿਤ ਵੱਡੀ ਗਿਣਤੀ 'ਚ ਵਰਕਰਾਂ ਦੇ ਪਹੁੰਚਣ ਦਾ ਅਨੁਮਾਨ ਹੈ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :
www.punjabmailusa.com

# ਹੋਰਮੁਜ਼ ਦਾ ਜਲਡਮਰੂ: ਵਿਸ਼ਵ ਊਰਜਾ ਜੰਗ ਦਾ ਕੇਂਦਰ ਅਤੇ ਇਰਾਨ ਦਾ ਰਣਨੀਤਕ ਪੈਂਤੜਾ

**ਵਾਸ਼ਿੰਗਟਨ, (ਪੰਜਾਬ ਮੇਲ)**- ਏਲਾ ਰੋਜ਼ਨਬਰਗ ਅਨੁਸਾਰ, ਅਮਰੀਕਾ-ਇਜ਼ਰਾਈਲ ਅਤੇ ਇਰਾਨ ਵਿਚਕਾਰ ਚੱਲ ਰਹੇ ਸੰਘਰਸ਼ ਵਿਚ 'ਹੋਰਮੁਜ਼ ਦੇ ਜਲਡਮਰੂ' 'ਤੇ ਕੰਟਰੋਲ ਸਭ ਤੋਂ ਫੈਸਲਾਕੁੰਨ ਕਾਰਕ ਬਣ ਕੇ ਉਭਰਿਆ ਹੈ।

ਹੋਰਮੁਜ਼ ਦਾ ਜਲਡਮਰੂ ਸਿਰਫ਼ 4 ਕਿਲੋਮੀਟਰ ਚੌੜਾ ਹੈ, ਪਰ ਇਹ ਦੁਨੀਆਂ ਦੇ ਤੇਲ ਵਪਾਰ ਲਈ ਸਭ ਤੋਂ ਮਹੱਤਵਪੂਰਨ ਰਸਤਾ ਹੈ। ਰੋਜ਼ਨਬਰਗ ਅਨੁਸਾਰ, "ਜੋ ਇਸ ਰਸਤੇ 'ਤੇ ਕਬਜ਼ਾ ਕਰੇਗਾ, ਉਹ ਮੱਧ ਪੂਰਬ ਅਤੇ ਖਾੜੀ ਦੇਸ਼ਾਂ (ਜੀ.ਸੀ.ਸੀ.) ਤੋਂ ਬਾਕੀ ਦੁਨੀਆਂ ਨੂੰ ਹੋਣ ਵਾਲੇ ਤੇਲ ਵਪਾਰ ਨੂੰ ਕੰਟਰੋਲ ਕਰੇਗਾ।" ਇਸ ਸਮੇਂ ਦੁਨੀਆਂ ਦੋ ਹਿੱਸਿਆਂ ਵਿਚ ਵੰਡੀ ਹੋਈ ਹੈ। ਇੱਕ ਪਾਸੇ: ਇਰਾਨ, ਚੀਨ ਅਤੇ ਰੂਸ, ਜਦਕਿ ਦੂਜੇ ਪਾਸੇ: ਅਮਰੀਕਾ, ਖਾੜੀ ਦੇਸ਼, ਇਜ਼ਰਾਈਲ ਅਤੇ ਯੂਰਪੀ ਸੰਘ।

ਉਨ੍ਹਾਂ ਨੇ ਖ਼ਾਰਗ ਟਾਪੂ ਦੇ ਨੇੜੇ ਸੰਭਾਵੀ ਅਮਰੀਕੀ ਫੌਜੀ ਗਤੀਵਿਧੀਆਂ ਵੱਲ ਇਸ਼ਾਰਾ ਕਰਦਿਆਂ ਕਿਹਾ ਕਿ ਆਉਣ ਵਾਲਾ ਹਫ਼ਤਾ ਬਹੁਤ ਦਿਲਚਸਪ ਹੋ ਸਕਦਾ ਹੈ। ਰੋਜ਼ਨਬਰਗ ਅਨੁਸਾਰ, ਕੋਈ ਨਹੀਂ ਜਾਣਦਾ ਕਿ ਹਾਲੀਆ ਹਮਲਿਆਂ ਤੋਂ ਬਾਅਦ ਇਰਾਨ ਪ੍ਰਮਾਣੂ ਬੰਬ ਬਣਾਉਣ ਦੇ ਕਿੰਨਾ ਨੇੜੇ ਹੈ। ਉਨ੍ਹਾਂ ਕਿਹਾ ਕਿ ਇਹ ਜਾਣਕਾਰੀ ਸ਼ਾਇਦ ਸਿਰਫ਼ ਰਾਸ਼ਟਰਪਤੀ ਟਰੰਪ ਜਾਂ ਖ਼ੁਦ ਇਰਾਨੀਆਂ ਕੋਲ ਹੈ। ਪ੍ਰਮਾਣੂ ਹਥਿਆਰ ਬਣਾਉਣਾ ਇੱਕ ਗੁੰਝਲਦਾਰ ਪ੍ਰਕਿਰਿਆ ਹੈ, ਜਿਸ ਵਿਚ ਵਾਰਹੈੱਡ ਬਣਾਉਣਾ ਅਤੇ ਖ਼ਾਸ ਸਮੱਗਰੀ ਤਿਆਰ ਕਰਨਾ ਸ਼ਾਮਲ ਹੈ।

# ਨਿਊਜਰਸੀ ਅਸੈਂਬਲੀ ਮੈਂਬਰ ਰਵਿੰਦਰ ਭੱਲਾ ਵੱਲੋਂ 'ਇਮੀਗ੍ਰੈਂਟ ਟਰੱਸਟ ਐਕਟ' ਪਾਸ ਹੋਣ ਦੀ ਸ਼ਲਾਘਾ

**ਨਿਊ ਜਰਸੀ, (ਪੰਜਾਬ ਮੇਲ)**- ਨਿਊਜਰਸੀ ਦੇ ਅਸੈਂਬਲੀ ਮੈਂਬਰ ਰਵਿੰਦਰ ਐੱਸ. ਭੱਲਾ ਨੇ 23 ਮਾਰਚ ਨੂੰ ਸਟੇਟ ਅਸੈਂਬਲੀ ਵਿਚ ਬਿੱਲ ਏ4071 ਦੇ ਪਾਸ ਹੋਣ ਦੀ ਸ਼ਲਾਘਾ ਕੀਤੀ ਹੈ। ਇਹ ਬਿੱਲ 'ਇਮੀਗ੍ਰੈਂਟ ਟਰੱਸਟ ਡਾਇਰੈਕਟਿਵ' ਨੂੰ ਕਾਨੂੰਨੀ ਰੂਪ ਦੇਣ ਦੀ ਕੋਸ਼ਿਸ਼ ਕਰਦਾ ਹੈ। ਭੱਲਾ ਨੇ ਵੋਟਿੰਗ ਤੋਂ ਪਹਿਲਾਂ ਸਦਨ ਨੂੰ ਸੰਬੋਧਨ ਕਰਦਿਆਂ ਇਸ ਕਾਨੂੰਨ ਨੂੰ "ਪ੍ਰਵਾਸੀ ਭਾਈਚਾਰਿਆਂ ਦਾ ਹੱਕ" ਦੱਸਿਆ।



ਨਿਊ ਜਰਸੀ ਵਿਧਾਨ ਸਭਾ ਨੇ ਡੈਮੋਕਰੇਟਸ ਦੇ ਸਮਰਥਨ ਵਾਲੇ ਤਿੰਨ ਬਿੱਲ ਪਾਸ ਕੀਤੇ ਹਨ, ਜੋ ਅਟਾਰਨੀ ਜਨਰਲ ਦੇ 'ਇਮੀਗ੍ਰੈਂਟ ਟਰੱਸਟ ਡਾਇਰੈਕਟਿਵ' ਨੂੰ ਕਾਨੂੰਨੀ ਦਰਜਾ ਦੇਣਗੇ। ਇਹ ਕਾਨੂੰਨ ਸੀਮਤ ਕਰਦਾ ਹੈ ਕਿ ਸੂਬਾਈ ਅਤੇ ਸਥਾਨਕ ਪੁਲਿਸ ਕਦੋਂ ਸੰਘੀ ਇਮੀਗ੍ਰੇਸ਼ਨ ਅਧਿਕਾਰੀਆਂ ਨਾਲ ਸਹਿਯੋਗ ਕਰ ਸਕਦੀ ਹੈ। ਕਾਨੂੰਨ ਲਾਗੂ ਕਰਨ ਵਾਲੇ ਅਧਿਕਾਰੀਆਂ ਨੂੰ ਆਪਣੀ ਡਿਊਟੀ ਦੌਰਾਨ ਪਛਾਣ ਲੁਕਾਉਣ ਤੋਂ ਰੋਕਿਆ ਗਿਆ ਹੈ। ਸਿਹਤ ਸੰਭਾਲ ਏਜੰਸੀਆਂ ਅਤੇ ਸਰਕਾਰੀ ਸੰਸਥਾਵਾਂ ਵੱਲੋਂ ਨਿੱਜੀ ਡਾਟਾ ਇਕੱਠਾ ਕਰਨ ਜਾਂ ਸਾਂਝਾ ਕਰਨ 'ਤੇ ਪਾਬੰਦੀਆਂ ਲਗਾਈਆਂ ਗਈਆਂ ਹਨ।

ਭੱਲਾ ਨੇ ਇਨ੍ਹਾਂ ਬਿੱਲਾਂ ਦੇ ਪੱਖ ਵਿਚ ਵੋਟ ਪਾਈ ਅਤੇ ਕਿਹਾ ਕਿ ਇਹ ਉਨ੍ਹਾਂ ਦਾ ਚੋਣ ਵਾਅਦਾ ਸੀ, ਜੋ ਹੁਣ ਪੂਰਾ ਹੋ ਗਿਆ ਹੈ। ਉਨ੍ਹਾਂ ਆਪਣੇ ਭਾਸ਼ਣ ਵਿਚ ਕਿਹਾ, "ਇਹ ਸਾਡੇ ਗੁਆਂਢੀ ਹਨ, ਸਾਡੇ ਵੋਟਰ ਹਨ, ਉਹ ਲੋਕ ਹਨ, ਜੋ ਸਾਡੇ ਘਰ ਬਣਾਉਂਦੇ ਹਨ, ਸਾਡੇ ਬਜ਼ੁਰਗਾਂ ਦੀ ਦੇਖਭਾਲ ਕਰਦੇ ਹਨ ਅਤੇ ਰੋਜ਼ਾਨਾ ਇਸ ਸੂਬੇ ਦੀ ਆਰਥਿਕਤਾ ਵਿਚ ਯੋਗਦਾਨ ਪਾਉਂਦੇ ਹਨ।"

ਭੱਲਾ ਨੇ ਸੰਘੀ ਸਰਕਾਰ 'ਤੇ ਇਮੀਗ੍ਰੇਸ਼ਨ ਲਾਗੂ ਕਰਨ ਨੂੰ ਹਥਿਆਰ ਵਜੋਂ ਵਰਤਣ ਅਤੇ ਲੋਕਾਂ ਨੂੰ ਸਕੂਲਾਂ ਤੇ ਚਰਚਾਂ ਤੋਂ ਚੁੱਕਣ ਦੇ ਦੋਸ਼ ਲਾਏ। ਉਨ੍ਹਾਂ ਸਪੱਸ਼ਟ ਕੀਤਾ ਕਿ ਜੇਕਰ ਰਾਜ ਪੱਧਰ 'ਤੇ ਕੁਝ ਸੁਰੱਖਿਆ ਕਮੀਆਂ ਰਹਿ ਜਾਂਦੀਆਂ ਹਨ, ਤਾਂ ਸਥਾਨਕ ਮੇਅਰ ਆਪਣੇ ਪੱਧਰ 'ਤੇ ਸੁਰੱਖਿਆ ਨਿਯਮ ਲਾਗੂ ਕਰ ਸਕਦੇ ਹਨ।

ਇਸ ਤੋਂ ਪਹਿਲਾਂ ਸਾਬਕਾ ਗਵਰਨਰ ਫਿਲ ਮਰਫੀ ਨੇ ਆਪਣੇ ਕਾਰਜਕਾਲ ਦੇ ਆਖਰੀ ਦਿਨ ਇਸ ਬਿੱਲ 'ਤੇ ਵੀਟੋ ਕਰ ਦਿੱਤਾ ਸੀ, ਕਿਉਂਕਿ ਉਨ੍ਹਾਂ ਨੂੰ ਡਰ ਸੀ ਕਿ ਕਾਨੂੰਨ ਬਣਨ 'ਤੇ ਇਹ ਅਦਾਲਤੀ ਜਾਂਚ ਦੇ ਘੇਰੇ ਵਿਚ ਆ ਸਕਦਾ ਹੈ। ਹਾਲਾਂਕਿ, ਭੱਲਾ ਨੇ ਇਨ੍ਹਾਂ ਚਿੰਤਾਵਾਂ ਨੂੰ ਰੱਦ ਕਰਦਿਆਂ ਵਿਧਾਨਕ ਮਾਨਤਾ ਦੀ ਲੋੜ 'ਤੇ ਜ਼ੋਰ ਦਿੱਤਾ।

ਨਿਊ ਜਰਸੀ ਪ੍ਰਵਾਸੀਆਂ ਦੀ ਆਬਾਦੀ ਦੇ ਲਿਹਾਜ਼ ਨਾਲ ਦੇਸ਼ ਦਾ ਪੰਜਵਾਂ ਸਭ ਤੋਂ ਵੱਡਾ ਸੂਬਾ ਹੈ, ਜਿਸ ਕਾਰਨ ਭੱਲਾ ਅਨੁਸਾਰ ਅਜਿਹੇ ਕਾਨੂੰਨ ਬੇਹੱਦ ਜ਼ਰੂਰੀ ਹਨ।

# ਏ.ਏ.ਪੀ.ਆਈ. 'ਚ ਰਾਸ਼ਟਰਪਤੀ ਟਰੰਪ ਦੀਆਂ ਨੀਤੀਆਂ ਪ੍ਰਤੀ ਵੱਡੀ ਅਸੰਤੁਸ਼ਟੀ: ਸਰਵੇਖਣ

**ਵਾਸ਼ਿੰਗਟਨ, (ਪੰਜਾਬ ਮੇਲ)**- ਇੱਕ ਨਵੇਂ ਦੇਸ਼ ਵਿਆਪੀ ਸਰਵੇਖਣ ਅਨੁਸਾਰ, ਜ਼ਿਆਦਾਤਰ ਏਸ਼ੀਆਈ ਅਮਰੀਕੀ, ਨੇਟਿਵ ਹਵਾਈਅਨ ਅਤੇ ਪੈਸੀਫਿਕ ਆਈਲੈਂਡਰ (ਏ.ਏ.ਪੀ.ਆਈ.) ਬਾਲਗਾਂ ਦਾ ਮੰਨਣਾ ਹੈ ਕਿ ਰਾਸ਼ਟਰਪਤੀ ਡੋਨਾਲਡ ਟਰੰਪ ਨੇ ਵਿਦੇਸ਼ੀ ਦੇਸ਼ਾਂ ਵਿਚ ਦਖਲਅੰਦਾਜ਼ੀ ਲਈ ਅਮਰੀਕੀ ਫੌਜ ਦੀ ਵਰਤੋਂ ਕਰਕੇ ਹੱਦ ਪਾਰ ਕਰ ਦਿੱਤੀ ਹੈ।

71 ਫੀਸਦੀ ਅਅਫੀ ਬਾਲਗਾਂ ਦਾ ਮੰਨਣਾ ਹੈ ਕਿ ਟਰੰਪ ਵਿਦੇਸ਼ੀ ਮਿਲਟਰੀ ਦਖਲਅੰਦਾਜ਼ੀ ਵਿਚ ਬਹੁਤ ਅੱਗੇ ਨਿਕਲ ਗਏ ਹਨ। ਇਸ ਮੁੱਦੇ 'ਤੇ ਡੈਮੋਕ੍ਰੇਟਸ (89%) ਅਤੇ ਰਿਪਬਲਿਕਨਾਂ (34%) ਦੇ ਵਿਚਾਰਾਂ ਵਿਚ ਵੱਡਾ ਪਾੜਾ ਦੇਖਿਆ ਗਿਆ ਹੈ।

ਏ.ਏ.ਪੀ.ਆਈ. ਭਾਈਚਾਰਾ ਆਮ ਤੌਰ 'ਤੇ ਇਮੀਗ੍ਰੇਸ਼ਨ ਨੂੰ ਅਮਰੀਕੀ ਆਰਥਿਕਤਾ ਅਤੇ ਸੱਭਿਆਚਾਰ ਲਈ ਲਾਭਦਾਇਕ ਮੰਨਦਾ ਹੈ। 73 ਫੀਸਦੀ ਲੋਕ ਇਮੀਗ੍ਰੇਸ਼ਨ ਅਤੇ ਕਸਟਮ ਐਨਫੋਰਸਮੈਂਟ (ICE) ਬਾਰੇ ਨਕਾਰਾਤਮਕ ਰਾਏ ਰੱਖਦੇ ਹਨ। ਲਗਭਗ 67 ਫੀਸਦੀ ਲੋਕਾਂ ਦਾ ਕਹਿਣਾ ਹੈ ਕਿ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਦੇਸ਼ ਵਿੱਚੋਂ ਕੱਢਣ ਲਈ ਟਰੰਪ ਨੇ ਬਹੁਤ ਸਖ਼ਤ ਰੁਖ ਅਪਣਾਇਆ ਹੈ।

ਕੰਮ ਵਾਲੀਆਂ ਥਾਵਾਂ 'ਤੇ ਛਾਪੇਮਾਰੀ ਅਤੇ ਫੌਜ ਦੀ ਵਰਤੋਂ ਵਰਗੇ ਸਖ਼ਤ ਤਰੀਕਿਆਂ ਦਾ ਭਾਰੀ ਵਿਰੋਧ ਕੀਤਾ ਗਿਆ ਹੈ। ਆਰਥਿਕ ਦਬਾਅ ਇਸ ਸਮੇਂ ਸਭ ਤੋਂ ਵੱਡੀ ਚਿੰਤਾ ਵਜੋਂ ਉੱਭਰਿਆ ਹੈ। 10 ਵਿਚੋਂ 8 ਬਾਲਗ ਕਰਿਆਨੇ, ਰਿਹਾਇਸ਼ ਅਤੇ ਸਿਹਤ ਸੰਭਾਲ ਦੀਆਂ ਵਧਦੀਆਂ ਕੀਮਤਾਂ ਕਾਰਨ ਤਣਾਅ ਵਿਚ ਹਨ। 73 ਫੀਸਦੀ ਲੋਕਾਂ ਦਾ ਮੰਨਣਾ ਹੈ ਕਿ ਟਰੰਪ ਨੇ ਰਹਿਣ-ਸਹਿਣ ਦੀ ਲਾਗਤ ਨੂੰ ਨੁਕਸਾਨ ਪਹੁੰਚਾਇਆ ਹੈ।

ਟਰੰਪ ਦੀਆਂ ਵਪਾਰਕ ਨੀਤੀਆਂ ਅਤੇ ਟੈਰਿਫਾਂ ਦਾ ਵੀ ਵੱਡੇ ਪੱਧਰ 'ਤੇ ਵਿਰੋਧ ਕੀਤਾ ਗਿਆ ਹੈ। ਏ.ਏ.ਪੀ.ਆਈ. ਭਾਈਚਾਰੇ ਵਿਚ ਟਰੰਪ ਦੀ ਕਾਰਜਸ਼ਾਲੀ ਨੂੰ ਸਿਰਫ਼ 30 ਫੀਸਦੀ ਲੋਕਾਂ ਨੇ ਸਹੀ ਮੰਨਿਆ ਹੈ। ਜੇ.ਡੀ. ਵੈਂਸ, ਰੌਬਰਟ ਐੱਫ. ਕੈਨੇਡੀ ਜੂਨੀਅਰ ਅਤੇ ਮਾਰਕੋ ਰੂਬੀਓ ਵਰਗੇ ਰਿਪਬਲਿਕਨ ਆਗੂਆਂ ਪ੍ਰਤੀ ਵੀ ਲੋਕਾਂ ਦੀ ਰਾਏ ਬਹੁਤੀ ਸਕਾਰਾਤਮਕ ਨਹੀਂ ਹੈ। ਸਿਰਫ਼ 29 ਫੀਸਦੀ ਲੋਕਾਂ ਨੂੰ ਭਰੋਸਾ ਹੈ ਕਿ ਆਉਣ ਵਾਲੀ ਪੀੜ੍ਹੀ ਦਾ ਜੀਵਨ ਪੱਧਰ ਉਨ੍ਹਾਂ ਦੇ ਮਾਪਿਆਂ ਨਾਲੋਂ ਬਿਹਤਰ ਹੋਵੇਗਾ।

# ਐੱਚ-1ਬੀ ਵੀਜ਼ਾ ਲਈ ਤਨਖਾਹ ਦੇ ਮਿਆਰ ਵਧਾਉਣ ਦੀ ਤਿਆਰੀ ਕਰ ਰਿਹਾ ਅਮਰੀਕਾ



ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)- ਅਮਰੀਕੀ ਕਿਰਤ ਵਿਭਾਗ ਨੇ ਐੱਚ-1ਬੀ ਅਤੇ ਹੋਰ ਵੀਜ਼ਾ ਪ੍ਰੋਗਰਾਮਾਂ ਤਹਿਤ ਵਿਦੇਸ਼ੀ ਕਾਮਿਆਂ ਦੀ ਤਨਖਾਹ ਵਧਾਉਣ ਲਈ ਨਵੇਂ ਨਿਯਮ ਪ੍ਰਸਤਾਵਿਤ ਕੀਤੇ ਹਨ। ਇਸ ਕਦਮ ਦਾ ਉਦੇਸ਼ ਵਿਦੇਸ਼ੀ ਕਾਮਿਆਂ ਦੀਆਂ ਤਨਖਾਹਾਂ ਨੂੰ ਅਮਰੀਕੀ ਬਾਜ਼ਾਰ ਨਾਲ ਜੋੜਨਾ, ਸਥਾਨਕ ਕਾਮਿਆਂ ਨਾਲ ਤਨਖਾਹ ਅਸਮਾਨਤਾ ਨੂੰ ਘਟਾਉਣਾ ਅਤੇ ਪ੍ਰਣਾਲੀ ਦੀ ਦੁਰਵਰਤੋਂ ਨੂੰ ਰੋਕਣਾ ਹੈ।

ਕਿਰਤ ਸਕੱਤਰ ਲੋਰੀ ਚਾਵੇਜ਼-ਡੀਰੇਮਰ ਨੇ ਕਿਹਾ ਕਿ ਟਰੰਪ ਪ੍ਰਸ਼ਾਸਨ ਇਹ ਯਕੀਨੀ ਬਣਾਉਣ ਲਈ ਵਚਨਬੱਧ ਹੈ ਕਿ ਅਮਰੀਕੀ ਕਾਮਿਆਂ ਨੂੰ ਅਨੁਚਿਤ ਤਨਖਾਹ ਪ੍ਰਥਾਵਾਂ ਤੋਂ ਨੁਕਸਾਨ ਨਾ ਪਹੁੰਚੇ। ਅਧਿਕਾਰੀਆਂ ਦਾ ਮੰਨਣਾ ਹੈ ਕਿ ਮੌਜੂਦਾ ਪ੍ਰਣਾਲੀ ਦੇ ਤਹਿਤ, ਕੰਪਨੀਆਂ ਵਿਦੇਸ਼ੀ ਕਾਮਿਆਂ ਨੂੰ ਘੱਟ ਤਨਖਾਹ 'ਤੇ ਰੱਖਦੀਆਂ ਹਨ, ਜਿਸ ਨਾਲ ਅਮਰੀਕੀ ਕਾਮਿਆਂ ਲਈ ਮੌਕਿਆਂ ਨੂੰ ਨੁਕਸਾਨ ਪਹੁੰਚਦਾ ਹੈ।

ਇਹ ਪ੍ਰਸਤਾਵ "ਮੌਜੂਦਾ ਤਨਖਾਹ" ਦੀ ਗਣਨਾ ਕਰਨ ਦੇ ਤਰੀਕੇ ਨੂੰ ਬਦਲ ਦੇਵੇਗਾ, ਜੋ ਘੱਟੋ-ਘੱਟ ਉਜਰਤ ਨਿਰਧਾਰਤ ਕਰਦਾ ਹੈ, ਜੋ ਮਾਲਕਾਂ ਨੂੰ ਵਿਦੇਸ਼ੀ ਕਾਮਿਆਂ ਨੂੰ ਦੇਣੀ ਚਾਹੀਦੀ ਹੈ। ਨਵੇਂ ਨਿਯਮਾਂ ਦੇ ਤਹਿਤ, ਐਂਟਰੀ-ਲੈਵਲ ਦੀਆਂ ਤਨਖਾਹਾਂ ਵਿਚ ਕਾਫ਼ੀ ਵਾਧਾ ਕੀਤਾ ਜਾਵੇਗਾ - ਸਭ ਤੋਂ ਹੇਠਲਾ ਪੱਧਰ ਲਗਭਗ 17ਵੇਂ ਪ੍ਰਤੀਸ਼ਤ ਤੋਂ 34ਵੇਂ ਪ੍ਰਤੀਸ਼ਤ ਤੱਕ ਵਧੇਗਾ, ਜਦੋਂ ਕਿ ਸਭ ਤੋਂ ਉੱਚਾ ਪੱਧਰ 67ਵੇਂ ਤੋਂ 88ਵੇਂ ਪ੍ਰਤੀਸ਼ਤ ਤੱਕ ਵਧੇਗਾ।

ਸਰਕਾਰੀ ਅੰਕੜਿਆਂ ਅਨੁਸਾਰ, ਐੱਚ-1ਬੀ ਵੀਜ਼ਾ ਵਾਲੇ ਕਾਮੇ ਇਸ ਤਰ੍ਹਾਂ ਦੀਆਂ ਨੌਕਰੀਆਂ ਕਰਨ ਵਾਲੇ ਅਮਰੀਕੀ ਕਾਮਿਆਂ ਨਾਲੋਂ ਔਸਤਨ 10,000 ਡਾਲਰ ਘੱਟ ਕਮਾਉਂਦੇ ਹਨ। ਅਧਿਕਾਰੀਆਂ ਦਾ ਕਹਿਣਾ ਹੈ ਕਿ ਇਹ ਪਾੜਾ ਕੰਪਨੀਆਂ ਨੂੰ ਸਸਤੀ ਵਿਦੇਸ਼ੀ ਕਿਰਤ ਨੂੰ ਤਰਜੀਹ ਦੇਣ ਲਈ ਪ੍ਰੇਰਿਤ ਕਰਦਾ ਹੈ, ਜਿਸ ਨਾਲ ਅਮਰੀਕੀ ਕਾਮਿਆਂ ਦੀ ਥਾਂ ਲੈਣ ਦੀ ਸੰਭਾਵਨਾ ਵੱਧ ਜਾਂਦੀ ਹੈ।

ਮੌਜੂਦਾ ਨਿਯਮਾਂ ਦੇ ਤਹਿਤ, ਮਾਲਕਾਂ ਨੂੰ ਜਾਂ ਤਾਂ ਮੌਜੂਦਾ ਉਜਰਤ ਜਾਂ ਅਮਰੀਕੀ ਕਾਮਿਆਂ ਨੂੰ ਦਿੱਤੀ ਜਾਣ ਵਾਲੀ ਅਸਲ ਉਜਰਤ ਦਾ ਭੁਗਤਾਨ ਕਰਨਾ ਪੈਂਦਾ ਹੈ, ਜੋ ਵੀ ਵੱਧ ਹੋਵੇ। ਹਾਲਾਂਕਿ, ਆਲੋਚਕਾਂ ਦਾ ਕਹਿਣਾ ਹੈ ਕਿ ਮੌਜੂਦਾ ਘੱਟੋ-ਘੱਟ ਉਜਰਤ ਬਹੁਤ ਘੱਟ ਨਿਰਧਾਰਤ ਕੀਤੀ ਗਈ ਹੈ। ਨਵਾਂ ਪ੍ਰਸਤਾਵ ਇਸ ਘੱਟੋ-ਘੱਟ ਸੀਮਾ ਨੂੰ ਹੋਰ ਯਥਾਰਥਵਾਦੀ ਬਣਾਉਣ ਦੀ ਕੋਸ਼ਿਸ਼ ਕਰਦਾ ਹੈ, ਸਮਾਨ ਹੁਨਰ ਅਤੇ ਤਜ਼ਰਬੇ ਵਾਲੇ ਕਾਮਿਆਂ ਲਈ ਅਨੁਪਾਤੀ ਤਨਖਾਹ ਨੂੰ ਯਕੀਨੀ ਬਣਾਉਂਦਾ ਹੈ।

ਇਹ ਪ੍ਰਸਤਾਵ ਸਿਰਫ਼ ਨਵੀਆਂ ਵੀਜ਼ਾ ਅਰਜ਼ੀਆਂ 'ਤੇ ਲਾਗੂ ਹੋਵੇਗਾ ਅਤੇ ਪਹਿਲਾਂ ਪ੍ਰਵਾਨਿਤ ਮਾਮਲਿਆਂ ਨੂੰ ਪ੍ਰਭਾਵਤ ਨਹੀਂ ਕਰੇਗਾ। ਵਿਭਾਗ ਦਾ ਅੰਦਾਜ਼ਾ ਹੈ ਕਿ ਇਸ ਬਦਲਾਅ ਨਾਲ ਪ੍ਰਤੀ ਕਰਮਚਾਰੀ ਸਾਲਾਨਾ ਤਨਖਾਹ ਲਗਭਗ 14,000 ਡਾਲਰ ਵਧ ਸਕਦੀ ਹੈ, ਜਿਸ ਨਾਲ ਮਾਲਕਾਂ ਦੀ ਲਾਗਤ ਵਧ ਸਕਦੀ ਹੈ।

ਸਰਕਾਰ ਦਾ ਕਹਿਣਾ ਹੈ ਕਿ ਇਸ ਕਦਮ ਦਾ ਮੁੱਖ ਉਦੇਸ਼ ਕਿਰਤ ਬਾਜ਼ਾਰ ਵਿਚ ਨਿਰਪੱਖਤਾ ਬਹਾਲ ਕਰਨਾ ਹੈ, ਵਿਦੇਸ਼ੀ ਕਾਮਿਆਂ ਨੂੰ ਅਮਰੀਕੀ ਤਨਖਾਹਾਂ 'ਚ ਕਟੌਤੀ ਕਰਨ ਲਈ ਵਰਤੇ ਜਾਣ ਤੋਂ ਰੋਕਣਾ ਹੈ। ਇਹ ਪ੍ਰਸਤਾਵ 27 ਮਾਰਚ ਨੂੰ ਫੈਡਰਲ ਰਜਿਸਟਰ ਵਿਚ ਪ੍ਰਕਾਸ਼ਤ ਹੋਣ ਤੋਂ ਬਾਅਦ 60 ਦਿਨਾਂ ਲਈ ਜਨਤਕ ਟਿੱਪਣੀ ਲਈ ਖੁੱਲ੍ਹਾ ਰਹੇਗਾ।

ਐੱਚ-1ਬੀ ਵੀਜ਼ਾ ਅਮਰੀਕਾ ਵਿਚ ਹੁਨਰਮੰਦ ਵਿਦੇਸ਼ੀ ਕਾਮਿਆਂ ਨੂੰ ਰੁਜ਼ਗਾਰ ਦੇਣ ਲਈ ਮੁੱਖ ਪ੍ਰੋਗਰਾਮ ਹੈ, ਜਿਨ੍ਹਾਂ ਵਿਚੋਂ ਬਹੁਤ ਸਾਰੇ ਬਾਅਦ ਵਿਚ ਸਥਾਈ ਨਿਵਾਸ (ਗ੍ਰੀਨ ਕਾਰਡ) ਵੱਲ ਤਰੱਕੀ ਕਰਦੇ ਹਨ। ਪ੍ਰਸਤਾਵਿਤ ਤਬਦੀਲੀਆਂ ਦਾ ਤਕਨਾਲੋਜੀ ਖੇਤਰ ਵਿਚ ਮਾਲਕਾਂ ਅਤੇ ਵਿਦੇਸ਼ੀ ਪੇਸ਼ੇਵਰਾਂ 'ਤੇ ਸਭ ਤੋਂ ਵੱਧ ਪ੍ਰਭਾਵ ਪੈ ਸਕਦਾ ਹੈ।

ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com

# ਫੀਫਾ ਵਿਸ਼ਵ ਕੱਪ ਤੋਂ ਪਹਿਲਾਂ ਬਦਲਿਆ ਜਾਵੇਗਾ ਬਰੁਕਲਿਨ ਬ੍ਰਿਜ ਦਾ ਡਿਜ਼ਾਈਨ: ਮੇਅਰ ਮਮਦਾਨੀ



**ਨਿਊਯਾਰਕ, (ਪੰਜਾਬ ਮੇਲ)-** ਨਿਊਯਾਰਕ ਸਿਟੀ ਦੇ ਮੇਅਰ ਜ਼ੋਹਰਾਨ ਮਮਦਾਨੀ ਅਤੇ ਡਿਪਾਰਟਮੈਂਟ ਆਫ਼ ਟ੍ਰਾਂਸਪੋਰਟੇਸ਼ਨ (DOT) ਦੇ ਕਮਿਸ਼ਨਰ ਮਾਈਕ ਫਲਿਨ ਨੇ 27 ਮਾਰਚ ਨੂੰ ਬਰੁਕਲਿਨ ਬ੍ਰਿਜ ਦੇ ਮੈਨਹਟਨ ਪ੍ਰਵੇਸ਼ ਦੁਆਰ ਨੂੰ ਸਥਾਈ ਤੌਰ 'ਤੇ ਨਵੇਂ ਤਰੀਕੇ ਨਾਲ ਡਿਜ਼ਾਈਨ ਕਰਨ ਦਾ ਐਲਾਨ ਕੀਤਾ ਹੈ। ਇਸ ਯੋਜਨਾ ਦਾ ਮੁੱਖ ਉਦੇਸ਼ ਸਾਈਕਲ ਸਵਾਰਾਂ ਅਤੇ ਪੈਦਲ ਚੱਲਣ ਵਾਲਿਆਂ ਦੇ ਰਸਤੇ ਵੱਖ-ਵੱਖ ਕਰਨਾ ਹੈ।

ਉਸਾਰੀ ਅਗਲੇ ਕੁਝ ਹਫ਼ਤਿਆਂ ਵਿਚ ਸ਼ੁਰੂ ਹੋ ਜਾਵੇਗੀ ਅਤੇ ਜੂਨ 2026 ਵਿਚ ਹੋਣ ਵਾਲੇ ਫੀਫਾ ਵਿਸ਼ਵ ਕੱਪ ਤੋਂ ਪਹਿਲਾਂ ਮੁਕੰਮਲ ਕਰ ਲਈ ਜਾਵੇਗੀ। ਸੈਂਟਰ ਸਟ੍ਰੀਟ ਦੇ ਨਾਲ ਇੱਕ ਸਮਰਪਿਤ ਸਾਈਕਲ ਲਿੰਕ ਬਣਾਇਆ ਜਾਵੇਗਾ। ਸਿਟੀ ਹਾਲ ਪਾਰਕ ਤੱਕ ਦੱਖਣੀ ਕਰਾਸਵਾਕ ਨੂੰ ਚੌੜਾ ਕੀਤਾ ਜਾਵੇਗਾ।

ਜ਼ਿਕਰਯੋਗ ਹੈ ਕਿ ਬਰੁਕਲਿਨ ਬ੍ਰਿਜ ਦੀ ਰੋਜ਼ਾਨਾ ਵਰਤੋਂ ਲਗਭਗ 30,000 ਪੈਦਲ ਯਾਤਰੀਆਂ ਅਤੇ 5,600 ਤੋਂ ਵੱਧ ਸਾਈਕਲ ਸਵਾਰਾਂ ਦੁਆਰਾ ਕੀਤੀ ਜਾਂਦੀ ਹੈ। ਹਾਲਾਂਕਿ 2021 ਵਿਚ ਪੁਲ ਦੇ ਉੱਪਰ ਰਸਤੇ ਵੱਖ ਕੀਤੇ ਗਏ ਸਨ, ਪਰ ਮੈਨਹਟਨ ਵਾਲੇ ਪਾਸੇ ਦਾ ਪ੍ਰਵੇਸ਼ ਦੁਆਰ ਅਜੇ ਵੀ ਭੀੜ-ਭੜੱਕੇ ਵਾਲਾ ਸੀ, ਜਿਸ ਨਾਲ ਹਾਦਸਿਆਂ ਦਾ ਡਰ ਰਹਿੰਦਾ ਸੀ। 2021 ਵਿਚ ਰੋਜ਼ਾਨਾ ਸਾਈਕਲ ਸਵਾਰਾਂ ਦੀ ਗਿਣਤੀ 2,652 ਸੀ, ਜੋ 2025 ਤੱਕ ਵਧ ਕੇ 5,625 ਹੋ ਗਈ ਹੈ।

ਮੇਅਰ ਜ਼ੋਹਰਾਨ ਮਮਦਾਨੀ ਨੇ ਕਿਹਾ ਕਿ ਹਰ ਨਾਗਰਿਕ ਬਿਨਾਂ ਕਿਸੇ ਡਰ ਦੇ ਆਪਣੀ ਮੰਜ਼ਿਲ 'ਤੇ ਪਹੁੰਚਣ ਦਾ ਹੱਕਦਾਰ ਹੈ, ਚਾਹੇ ਉਹ ਪੈਦਲ ਹੋਵੇ, ਸਾਈਕਲ 'ਤੇ ਜਾਂ ਕਾਰ ਵਿਚ। 'ਵਰਲਡ ਕੱਪ ਜ਼ਾਰ' ਮਾਇਆ ਹਾਂਡਾ ਨੇ ਦੱਸਿਆ ਕਿ ਇਹ ਸੁਧਾਰ ਸਿਰਫ਼ ਟੂਰਨਾਮੈਂਟ ਲਈ ਨਹੀਂ, ਸਗੋਂ ਸਥਾਈ ਹਨ, ਤਾਂ ਜੋ ਨਿਊਯਾਰਕ ਵਾਸੀਆਂ ਨੂੰ ਲੰਬੇ ਸਮੇਂ ਤੱਕ ਸੁਰੱਖਿਅਤ ਸੜਕਾਂ ਮਿਲ ਸਕਣ।

ਇਹ ਪ੍ਰੋਜੈਕਟ ਫੀਫਾ ਵਿਸ਼ਵ ਕੱਪ ਦੀਆਂ ਤਿਆਰੀਆਂ ਦਾ ਹਿੱਸਾ ਹੈ, ਜਿਸ ਵਿਚ ਹੈਲਜ਼ ਕਿਚਨ ਅਤੇ ਲੈਫੇਏਟ ਸਟ੍ਰੀਟ ਵਿਚ ਨਵੀਆਂ ਸਾਈਕਲ ਲੇਨਾਂ ਅਤੇ ਫੁੱਟਪਾਥਾਂ ਦਾ ਵਿਸਥਾਰ ਸ਼ਾਮਲ ਹੈ।


Global Allianz

ਕਾਨੂੰਨੀ ਸਲਾਹ

LAW FIRM LLP

- ਇਮੀਗਰੇਸ਼ਨ ਸੇਵਾਵਾਂ
- ਘਰੇਲੂ ਹਿੰਸਾ ਦੇ ਕੇਸ
- ਨਸ਼ਾ ਕਰਕੇ ਗੱਡੀ ਚਲਾਉਣਾ
- ਕੰਮ 'ਤੇ ਸੱਟ ਲਗਣਾ

Asylum & Deportation Defense



Atul Kapoor
C.E.O



Neat Allen Sawyer
Attorney at law


Designed By Punjab Mail USA

555 Capitol Mall SUITE 1245, Sacramento, CA 95814
Phone:209-808-2136, 209-952-5578, 1-916-806-7042, Fax: 209-476-7188

# ਟਰੰਪ ਦੀਆਂ ਨੀਤੀਆਂ ਅਤੇ ਇਰਾਨ ਜੰਗ ਖਿਲਾਫ਼ ਲੋਕ ਸੜਕਾਂ 'ਤੇ ਉਤਰੇ

ਸੇਂਟ ਪੌਲ (ਅਮਰੀਕਾ), (ਪੰਜਾਬ ਮੇਲ)- ਅਮਰੀਕਾ ਤੇ ਯੂਰਪ ਦੇ ਇਲਾਕਿਆਂ 'ਚ ਤਾਨਾਸ਼ਾਹੀ ਵਿਰੋਧੀ ਰੈਲੀਆਂ 'ਚ ਵੱਡੀ ਗਿਣਤੀ ਲੋਕਾਂ ਨੇ ਹਿੱਸਾ ਲੈ ਕੇ ਇਰਾਨ ਜੰਗ ਅਤੇ ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੀਆਂ ਨੀਤੀਆਂ ਖ਼ਿਲਾਫ਼ ਰੋਸ ਵਿਖਾਵਾ ਕੀਤਾ। ਅਮਰੀਕਾ ਦਾ ਮਿਨੀਸੋਟਾ ਸੂਬਾ ਇਸ ਸੰਘਰਸ਼ ਦਾ ਮੁੱਖ ਕੇਂਦਰ ਬਣ ਕੇ ਉਭਰਿਆ ਹੈ, ਜਿੱਥੇ ਹਜ਼ਾਰਾਂ ਲੋਕਾਂ ਨੇ ਇਕਜੁੱਟਤਾ ਦਿਖਾਉਂਦਿਆਂ ਟਰੰਪ ਦੀਆਂ ਸਖ਼ਤ ਪਰਵਾਸ ਨੀਤੀਆਂ ਖ਼ਿਲਾਫ਼ ਆਵਾਜ਼ ਬੁਲੰਦ ਕੀਤੀ।

ਸੇਂਟ ਪੌਲ ਦੇ ਕੈਪੀਟਲ ਲਾਅਨ 'ਚ ਕੀਤੀ ਮੁੱਖ ਰੈਲੀ ਵਿਚ ਮਸ਼ਹੂਰ ਗਾਇਕ ਬਰੂਸ ਸਪ੍ਰਿੰਗਸਟੀਨ ਵੀ ਸ਼ਾਮਲ ਹੋਏ। ਬਰੂਸ ਤੇ ਹੋਰ ਬੁਲਾਰਿਆਂ ਨੇ ਕੜਾਕੇ ਦੀ ਠੰਢ ਦੇ ਬਾਵਜੂਦ ਸੜਕਾਂ 'ਤੇ ਉਤਰ ਕੇ ਅਮਰੀਕੀ ਪਰਵਾਸ ਏਜੰਸੀ ਦੀ ਕਾਰਵਾਈ ਦਾ ਵਿਰੋਧ ਕਰਨ ਲਈ ਸੂਬੇ ਦੇ ਲੋਕਾਂ ਦੀ ਸ਼ਲਾਘਾ ਕੀਤੀ।



ਅਮਰੀਕੀ ਰਾਸ਼ਟਰਪਤੀ ਡੋਨਲਡ ਟਰੰਪ ਦੀਆਂ ਨੀਤੀਆਂ ਖ਼ਿਲਾਫ਼ ਪ੍ਰਦਰਸ਼ਨ ਕਰਦੇ ਹੋਏ ਲੋਕ।

ਬਰੂਸ ਸਪ੍ਰਿੰਗਸਟੀਨ ਨੇ ਫੈਡਰਲ ਏਜੰਟਾਂ ਦੀ ਗੋਲੀਬਾਰੀ 'ਚ ਰਿਨੀ ਗੁੱਡ ਅਤੇ ਐਲੇਕਸ ਪ੍ਰੈੱਟੀ ਦੀ ਮੌਤ 'ਤੇ ਰੋਸ ਜ਼ਾਹਿਰ ਕਰਦਿਆਂ ਆਪਣਾ ਗੀਤ 'ਸਟ੍ਰੀਟਸ ਆਫ ਮਿਨੇਪੋਲਿਸ' ਗਾਇਆ। ਉਨ੍ਹਾਂ ਲੋਕਾਂ ਨੂੰ ਕਿਹਾ, "ਤੁਹਾਡੀ ਤਾਕਤ ਤੇ ਪ੍ਰਤੀਬੱਧਤਾ ਨੇ ਸਾਨੂੰ ਅਹਿਸਾਸ ਕਰਵਾਇਆ ਹੈ ਕਿ ਇਹ ਹੁਣ ਵੀ ਉਹੀ ਦੇਸ਼ ਹੈ ਅਤੇ ਭਿਆਨਕ ਰੂੜ੍ਹੀਵਾਦੀ ਦੌਰ ਤੇ ਅਮਰੀਕੀ ਸ਼ਹਿਰਾਂ 'ਚ ਅਜਿਹੀ ਕਾਰਵਾਈ ਜ਼ਿਆਦਾ ਸਮੇਂ ਤੱਕ ਨਹੀਂ ਚੱਲੇਗੀ।" 85 ਲੱਖ ਦੀ ਅਬਾਦੀ ਵਾਲੇ ਨਿਊਯਾਰਕ ਸ਼ਹਿਰ ਤੋਂ ਲੈ ਕੇ ਦੋ ਹਜ਼ਾਰ ਤੋਂ ਵੀ ਘੱਟ ਆਬਾਦੀ ਬਾਰੇ ਡ੍ਰਿਗਜ਼ ਕਸਬੇ ਤੱਕ ਲੋਕ ਸੜਕਾਂ 'ਤੇ ਉਤਰ ਆਏ। ਵਾਸ਼ਿੰਗਟਨ 'ਚ ਹਜ਼ਾਰਾਂ ਲੋਕਾਂ ਨੇ ਲਿੰਕਨ ਮੈਮੋਰੀਅਲ ਤੇ ਨੈਸ਼ਨਲ ਮਾਲ ਰੋਡ ਤੱਕ ਰੋਸ ਮਾਰਚ ਕੀਤੇ।

ਅਮਰੀਕਾ ਤੋਂ ਇਲਾਵਾ ਯੂਰਪ, ਲਾਤੀਨੀ ਅਮਰੀਕਾ, ਲੰਡਨ ਅਤੇ ਆਸਟ੍ਰੇਲੀਆ ਸਮੇਤ ਘੱਟੋ-ਘੱਟ 12 ਮੁਲਕਾਂ 'ਚ ਵੀ ਰੋਸ ਮੁਜ਼ਾਹਰੇ ਹੋਏ।

## ਅਮਰੀਕਾ ਤੇ ਯੂਰਪ 'ਚ ਤਾਨਾਸ਼ਾਹੀ ਵਿਰੋਧੀ ਰੈਲੀਆਂ

ਇਨ੍ਹਾਂ ਰੋਸ ਮੁਜ਼ਾਹਰਿਆਂ ਦੀ ਅਗਵਾਈ ਕਰ ਰਹੀ ਜਥੇਬੰਦੀ 'ਇੰਡੀਵਿਜ਼ੀਬਲ' ਦੇ ਸਹਿ-ਕਾਰਜਕਾਰੀ ਨਿਰਦੇਸ਼ਕ ਐਜ਼ਰਾ ਲੈਵਿਨ ਅਨੁਸਾਰ ਜਮਹੂਰੀ ਮੁਲਕਾਂ 'ਚ ਲੋਕ ਇਨ੍ਹਾਂ ਪ੍ਰਦਰਸ਼ਨਾਂ ਨੂੰ 'ਕੋਈ ਤਾਨਾਸ਼ਾਹ ਨਹੀਂ' ਦੇ ਨਾਂ ਨਾਲ ਜਾਣਦੇ ਹਨ। ਰੋਮ 'ਚ ਹਜ਼ਾਰਾਂ ਲੋਕ ਸੜਕਾਂ 'ਤੇ ਉਤਰੇ ਅਤੇ ਉਨ੍ਹਾਂ ਪ੍ਰਧਾਨ ਮੰਤਰੀ ਜੌਰਜੀਆ ਮੈਲੋਨੀ ਖ਼ਿਲਾਫ਼ ਨਾਅਰੇਬਾਜ਼ੀ ਕੀਤੀ। ਇਹ ਮੁਜ਼ਾਹਰੇ ਹਾਲਾਂਕਿ ਸ਼ਾਂਤਮਈ ਰਹੇ ਪਰ ਪੁਲਿਸ ਨੇ ਭੀੜ ਖਿੰਡਾਉਣ ਲਈ ਅੱਥਰੂ ਗੈਸ ਦੇ ਗੋਲਿਆਂ ਦੀ ਵਰਤੋਂ ਵੀ ਕੀਤੀ ਹੈ। ਉੱਧਰ, ਵ੍ਹਾਈਟ ਹਾਊਸ ਦੇ ਬੁਲਾਰੇ ਅਬੀਗਾਇਲ ਜੈਕਸਨ ਨੇ ਇਨ੍ਹਾਂ ਰੋਸ ਵਿਖਾਵਿਆਂ ਨੂੰ 'ਖੱਬੇ ਪੱਖੀਆਂ ਤੋਂ ਫੰਡ ਪ੍ਰਾਪਤ' ਗਤੀਵਿਧੀ ਕਰਾਰ ਦਿੱਤਾ ਹੈ।

# ਪ੍ਰਵਾਸੀ ਦੀ ICE ਹਿਰਾਸਤ 'ਚ ਮੌਤ; 2026 'ਚ ਹੁਣ ਤੱਕ 14 ਮੌਤਾਂ

ਲਾਸ ਏਂਜਲਸ, (ਪੰਜਾਬ ਮੇਲ)- ਅਮਰੀਕਨ ਇਮੀਗ੍ਰੇਸ਼ਨ ਅਤੇ ਕਸਟਮਜ਼ ਇਨਫੋਰਸਮੈਂਟ (ICE) ਦੇ ਐਡੇਲੈਂਟੋ ਪ੍ਰੋਸੈਸਿੰਗ ਸੈਂਟਰ ਵਿਚ ਇੱਕ ਮੈਕਸੀਕਨ ਪ੍ਰਵਾਸੀ ਜੋਸ ਗੁਆਡਾਲੁਪ ਰਾਮੋਸ ਦੀ ਮੌਤ ਹੋ ਗਈ। ਉਹ ਬੇਹੋਸ਼ੀ ਦੀ ਹਾਲਤ 'ਚ ਮਿਲਿਆ ਸੀ, ਜਿਸ ਨੂੰ ਹਸਪਤਾਲ ਲਿਜਾਇਆ ਗਿਆ, ਜਿੱਥੇ ਉਸਨੂੰ ਮ੍ਰਿਤਕ ਐਲਾਨ ਦਿੱਤਾ ਗਿਆ।

ICE ਅਨੁਸਾਰ, ਰਾਮੋਸ ਨੂੰ ਪਹਿਲਾਂ 2025 'ਚ ਕੁਝ ਅਪਰਾਧਾਂ ਲਈ ਦੋਸ਼ੀ ਠਹਿਰਾਇਆ ਗਿਆ ਸੀ। ਹਿਰਾਸਤ 'ਚ ਉਸ ਦੀ ਸ਼ੁਰੂਆਤੀ ਸਿਹਤ ਜਾਂਚ 'ਚ ਸ਼ੂਗਰ, ਉੱਚ ਕੋਲੈਸਟ੍ਰੋਲ ਅਤੇ ਹਾਈ ਬਲੱਡ ਪ੍ਰੈਸ਼ਰ ਵਰਗੀਆਂ ਬਿਮਾਰੀਆਂ ਦਰਜ ਹੋਈਆਂ। ਇਸ ਮੌਤ ਨਾਲ 2026 ਵਿਚ ICE ਹਿਰਾਸਤ ਵਿਚ ਮੌਤਾਂ ਦੀ ਗਿਣਤੀ 14 ਹੋ ਗਈ। 2025 ਵਿਚ ਇਹ ਗਿਣਤੀ 31 ਸੀ। ICE ਹਿਰਾਸਤ ਵਿਚ ਲੋਕਾਂ ਦੀ ਗਿਣਤੀ ਵੀ ਬਹੁਤ ਵਧੀ ਹੈ, ਇੱਕ ਸਮੇਂ ਲਗਭਗ 68,000 ਲੋਕ ਬੰਦ ਸਨ।

ਮੈਕਸੀਕੋ ਸਰਕਾਰ ਨੇ ICE ਨਜ਼ਰਬੰਦੀ ਕੇਂਦਰਾਂ ਵਿਚ ਮਾੜੀਆਂ




ਸਥਿਤੀਆਂ ਅਤੇ ਅਧੂਰੀ ਡਾਕਟਰੀ ਦੇਖਭਾਲ ਦਾ ਦੋਸ਼ ਲਾਇਆ ਹੈ। ਮੈਕਸੀਕਨ ਡਿਪਲੋਮੈਟ ਵੈਨੇਸਾ ਕੈਲਵਾ ਰੂਇਜ਼ ਨੇ ਇਸ ਮੌਤ ਨੂੰ "ਚਿੰਤਾਜਨਕ ਅਤੇ ਅਸਵੀਕਾਰਨਯੋਗ ਰੁਝਾਨ" ਕਿਹਾ।

ICE ਨੇ ਕਿਹਾ ਕਿ ਹਿਰਾਸਤ ਵਿਚ ਮੌਤਾਂ ਦੀ ਗਿਣਤੀ ਕੁੱਲ ਬੰਦੀਆਂ ਦੇ ਮੁਕਾਬਲੇ ਘੱਟ ਹੈ ਅਤੇ ਕੇਂਦਰਾਂ ਵਿਚ ਸਿਹਤ ਸਹੂਲਤਾਂ ਮੌਜੂਦ ਹਨ।

ਹਾਲਾਂਕਿ ਹਿਰਾਸਤ ਪ੍ਰਣਾਲੀ ਤੇਜ਼ੀ ਨਾਲ ਭਰ ਰਹੀ ਹੈ ਅਤੇ ਨਵੀਆਂ ਨੀਤੀਆਂ ਦੇ ਨਾਲ ICE ਵੱਡੇ ਪੱਧਰ 'ਤੇ ਲੋਕਾਂ ਨੂੰ ਰੱਖ ਸਕਦਾ ਹੈ, ਪਰ ਇਹ ਮਾਮਲਾ ਮਨੁੱਖੀ ਅਧਿਕਾਰਾਂ ਤੇ ਚਰਚਾ ਨੂੰ ਜਨਮ ਦੇ ਰਿਹਾ ਹੈ।

# ਰੋ ਖੰਨਾ ਤੋਂ ਬਾਅਦ, ਕਮਲਾ ਹੈਰਿਸ ਨੂੰ ਨਾਗਰਿਕ ਅਧਿਕਾਰ ਸੰਮੇਲਨ ਲਈ ਸੱਦਾ

ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)- ਸਾਬਕਾ ਅਮਰੀਕੀ ਉਪ ਰਾਸ਼ਟਰਪਤੀ ਕਮਲਾ ਹੈਰਿਸ 10 ਅਪ੍ਰੈਲ ਨੂੰ ਨਿਊਯਾਰਕ ਵਿਚ ਨੈਸ਼ਨਲ ਐਕਸ਼ਨ ਨੈੱਟਵਰਕ (ਐੱਨ.ਏ.ਐੱਨ.) ਕਾਨਫਰੰਸ 'ਚ ਵਿਸ਼ੇਸ਼ ਮਹਿਮਾਨ ਹੋਣਗੇ। ਸੰਗਠਨ ਦੀ 35ਵੀਂ ਵਰ੍ਹੇਗੰਢ ਦਾ ਜਸ਼ਨ ਮਨਾਉਂਦੇ ਹੋਏ, ਅਲ ਸ਼ਾਰਪਟਨ ਦੁਆਰਾ ਸਥਾਪਿਤ ਅਮਰੀਕੀ ਗੈਰ-ਮੁਨਾਫ਼ਾ ਨਾਗਰਿਕ ਅਧਿਕਾਰ ਸੰਗਠਨ ਐੱਨ.ਏ.ਐੱਨ. 8 ਤੋਂ 11 ਅਪ੍ਰੈਲ ਤੱਕ ਸ਼ੈਰੇਟਨ ਨਿਊਯਾਰਕ ਟਾਈਮਜ਼ ਸਕੁਏਅਰ ਹੋਟਲ ਵਿਚ ਆਪਣੀ ਸਾਲਾਨਾ ਕਾਨਫਰੰਸ ਕਰੇਗਾ।

ਹੈਰਿਸ ਦੀ ਭਾਗੀਦਾਰੀ ਦਾ ਐਲਾਨ ਕਰਦੇ ਹੋਏ, ਐੱਨ.ਏ.ਐੱਨ. ਦੇ ਸੰਸਥਾਪਕ ਸ਼ਾਰਪਟਨ ਨੇ ਉਸਨੂੰ ਇੱਕ ਅਜਿਹੀ ਵਿਅਕਤੀ ਵਜੋਂ ਦਰਸਾਇਆ, ਜੋ ਨੀਤੀ ਅਤੇ ਇਸਦੇ ਪ੍ਰਭਾਵ ਨੂੰ ਸਮਝਦੀ ਹੈ। ਉਨ੍ਹਾਂ ਕਿਹਾ ਕਿ ਵੋਟਿੰਗ ਅਧਿਕਾਰਾਂ, ਪ੍ਰਜਨਨ ਆਜ਼ਾਦੀ ਅਤੇ ਕਾਨੂੰਨ ਦੇ ਤਹਿਤ ਬਰਾਬਰ ਸੁਰੱਖਿਆ 'ਤੇ ਹਮਲਿਆਂ ਦੇ ਇਸ ਯੁੱਗ ਵਿਚ, ਸਾਨੂੰ ਅਜਿਹੀ ਲੀਡਰਸ਼ਿਪ ਦੀ ਲੋੜ ਹੈ, ਜੋ ਨੀਤੀ ਅਤੇ ਇਸ ਨਾਲ ਪ੍ਰਭਾਵਿਤ ਲੋਕਾਂ ਦੋਵਾਂ ਨੂੰ ਸਮਝਦੀ ਹੋਵੇ। ਇਸ ਲਈ



ਅਸੀਂ ਸੰਯੁਕਤ ਰਾਜ ਅਮਰੀਕਾ ਦੇ 49ਵੇਂ ਉਪ ਰਾਸ਼ਟਰਪਤੀ ਕਮਲਾ ਡੀ. ਹੈਰਿਸ ਦਾ ਸਵਾਗਤ ਕਰਨ ਲਈ ਉਤਸੁਕ ਹਾਂ। ਸਿਵਲ ਰਾਈਟਸ ਕਾਨਫਰੰਸ 8 ਅਪ੍ਰੈਲ ਤੋਂ ਸ਼ੁਰੂ ਹੋ ਰਹੀ ਹੈ, ਰੋ ਖੰਨਾ ਵਿਸ਼ੇਸ਼ ਮਹਿਮਾਨ ਹੋਣਗੇ

ਸ਼ਾਰਪਟਨ ਨੇ ਹੈਰਿਸ ਨੂੰ ਸਮਾਜਿਕ ਕਾਰਜਾਂ ਦਾ ਚੈਂਪੀਅਨ ਦੱਸਿਆ। ਸਾਬਕਾ ਉਪ ਰਾਸ਼ਟਰਪਤੀ ਦੇ ਅਦਾਲਤਾਂ ਤੋਂ ਵ੍ਹਾਈਟ ਹਾਊਸ ਤੱਕ ਦੇ ਸਫ਼ਰ ਦਾ ਵਰਣਨ ਕਰਦੇ ਹੋਏ, ਉਨ੍ਹਾਂ ਕਿਹਾ ਕਿ ਜੈਪਾਲ ਨੇ ਜਨਤਕ ਸੇਵਾ ਵਿਚ ਡੁੱਬੇ ਆਪਣੇ ਕਰੀਅਰ ਦੌਰਾਨ ਨਿਆਂ, ਸਮਾਨਤਾ ਅਤੇ ਜਵਾਬਦੇਹੀ ਦੇ ਮੁੱਦਿਆਂ 'ਤੇ ਧਿਆਨ ਕੇਂਦਰਿਤ ਕੀਤਾ ਹੈ। ਉਨ੍ਹਾਂ ਕਿਹਾ ਕਿ ਨੈਸ਼ਨਲ ਐਕਸ਼ਨ ਨੈੱਟਵਰਕ ਦੀ 35ਵੀਂ ਵਰ੍ਹੇਗੰਢ ਮਨਾਉਣਾ ਸਿਰਫ਼ ਆਤਮ-ਨਿਰੀਖਣ ਦੇ ਸਮੇਂ ਤੋਂ ਵੱਧ ਹੈ। ਇਹ ਦਿਸ਼ਾ-ਨਿਰਦੇਸ਼ ਦਾ ਸਮਾਂ ਹੈ।

# ਸੀ.ਬੀ.ਪੀ. ਅਧਿਕਾਰੀਆਂ ਵੱਲੋਂ ਨੇਵਾਡਾ 'ਚ ਅਮਰੀਕੀ ਅਟਾਰਨੀ ਦਫ਼ਤਰ ਵੱਲੋਂ ਲੋੜੀਂਦਾ ਕੈਨੇਡੀਅਨ ਨਾਗਰਿਕ ਗ੍ਰਿਫ਼ਤਾਰ

ਨਿਆਗਰਾ ਫਾਲਸ, (ਪੰਜਾਬ ਮੇਲ)- ਪੋਰਟ ਆਫ਼ ਬਫੇਲੋ, ਰੇਨਬੋ ਬ੍ਰਿਜ ਬਾਰਡਰ ਕਰਾਸਿੰਗ 'ਤੇ ਅਮਰੀਕੀ ਕਸਟਮ ਅਤੇ ਸਰਹੱਦੀ ਸੁਰੱਖਿਆ ਅਧਿਕਾਰੀਆਂ ਨੇ ਨੇਵਾਡਾ ਜ਼ਿਲ੍ਹੇ ਲਈ ਅਮਰੀਕੀ ਜ਼ਿਲ੍ਹਾ ਅਦਾਲਤ ਤੋਂ ਵਾਰੰਟ 'ਤੇ ਇੱਕ ਕੈਨੇਡੀਅਨ ਨਾਗਰਿਕ ਨੂੰ ਗ੍ਰਿਫ਼ਤਾਰ ਕੀਤਾ।

16 ਮਾਰਚ ਨੂੰ ਸੀ.ਬੀ.ਪੀ. ਅਧਿਕਾਰੀਆਂ ਦਾ ਸਾਹਮਣਾ ਕੈਨੇਡਾ ਦੇ 41 ਸਾਲਾ ਨਾਗਰਿਕ ਨਰਿੰਦਰ ਕੰਬੋ ਨਾਲ ਹੋਇਆ। ਇੱਕ ਜਾਂਚ ਦੌਰਾਨ, ਸੀ.ਬੀ.ਪੀ. ਅਧਿਕਾਰੀਆਂ ਨੇ ਪਾਇਆ ਕਿ ਸ਼੍ਰੀ ਕੰਬੋ ਨੇਵਾਡਾ 'ਚ ਵਾਇਰ ਧੋਖਾਧੜੀ, ਬੈਂਕ ਧੋਖਾਧੜੀ ਕਰਨ ਦੀ ਸਾਜ਼ਿਸ਼ ਅਤੇ ਪਛਾਣ ਚੋਰੀ ਦੇ ਸੰਘੀ ਦੋਸ਼ਾਂ ਲਈ ਇੱਕ ਸਰਗਰਮ ਰਾਸ਼ਟਰੀ ਅਪਰਾਧ ਸੂਚਨਾ ਕੇਂਦਰ 'ਚ ਲੋੜੀਂਦਾ ਸੀ। ਸੈਕੰਡਰੀ ਨਿਰੀਖਣ ਦੌਰਾਨ, ਸੀ.ਬੀ.ਪੀ. ਅਧਿਕਾਰੀਆਂ ਨੇ ਨੇਵਾਡਾ ਜ਼ਿਲ੍ਹੇ ਤੋਂ ਕੰਬੋ ਦੀ ਪਛਾਣ ਦੀ ਪੁਸ਼ਟੀ ਕੀਤੀ।

# ਅਮਰੀਕਾ 'ਚ ਭਾਰਤੀ ਵਿਅਕਤੀ ਗੰਭੀਰ ਦੋਸ਼ਾਂ ਤਹਿਤ ਗ੍ਰਿਫ਼ਤਾਰ

ਓਹਾਇਓ, (ਪੰਜਾਬ ਮੇਲ)- ਅਮਰੀਕਾ ਦੇ ਓਹਾਇਓ ਵਿਚ 33 ਸਾਲਾ ਭਾਰਤੀ ਮੂਲ ਦੇ ਵਿਅਕਤੀ ਤਰਸੇਮ ਸਿੰਘ 'ਤੇ ਕਈ ਗੰਭੀਰ ਦੋਸ਼ ਲਗਾਏ ਗਏ ਹਨ, ਜਿਸ ਦੀ ਤੇਜ਼ ਰਫ਼ਤਾਰ ਐੱਸ.ਯੂ.ਵੀ. ਕਾਰਨ ਇੱਕ 17 ਸਾਲਾ ਗਰਭਵਤੀ ਕੁੜੀ ਅਤੇ ਉਸ ਦੇ ਅਣਜੰਮੇ ਬੱਚੇ ਦੀ ਮੌਤ ਹੋ ਗਈ। ਪੁਲਿਸ ਅਨੁਸਾਰ ਤਰਸੇਮ ਸਿੰਘ ਆਪਣੀ ਰੇਂਜ ਰੋਵਰ ਗੱਡੀ ਨੂੰ ਲਗਪਗ 100 ਮੀਲ ਪ੍ਰਤੀ ਘੰਟਾ ਦੀ ਰਫ਼ਤਾਰ ਨਾਲ ਚਲਾ ਰਿਹਾ ਸੀ ਅਤੇ ਪੁਲਿਸ ਦੇ ਰੁਕਣ ਦੇ ਇਸ਼ਾਰੇ ਦੇ ਬਾਵਜੂਦ ਉਸ ਨੇ ਰਫ਼ਤਾਰ 120 ਮੀਲ ਤੋਂ ਵੀ ਉੱਪਰ ਕਰ ਦਿੱਤੀ। ਇਸ ਦੌਰਾਨ ਉਸ ਦੀ ਗੱਡੀ ਦੀ ਇੱਕ ਜੀਪ ਨਾਲ ਸਿੱਧੀ ਟੱਕਰ ਹੋ ਗਈ, ਜਿਸ ਕਾਰਨ ਗੱਡੀ ਵਿਚ ਸਵਾਰ 17 ਸਾਲਾ ਐਸ਼ਲੀ ਹੋਮਸ ਬਾਹਰ ਜਾ ਡਿੱਗੀ ਅਤੇ ਉਸ ਦੀ ਮੌਕੇ 'ਤੇ ਹੀ ਮੌਤ ਹੋ ਗਈ। ਹਾਦਸੇ ਵਿਚ ਜ਼ਖ਼ਮੀ ਹੋਣ ਤੋਂ ਬਾਅਦ ਤਰਸੇਮ ਨੂੰ ਹਸਪਤਾਲ ਲਿਜਾਇਆ ਗਿਆ ਅਤੇ ਫਿਰ ਹਿਰਾਸਤ ਵਿਚ ਲੈ ਲਿਆ ਗਿਆ।

# ਟਰੰਪ ਪ੍ਰਸ਼ਾਸਨ ਵੱਲੋਂ ਅਸਾਇਲਮ ਅਰਜ਼ੀਆਂ 'ਤੇ ਲੱਗੀ ਰੋਕ ਹਟਾਈ!

ਵਾਸ਼ਿੰਗਟਨ, (ਪੰਜਾਬ ਮੇਲ)- ਅਮਰੀਕਾ ਵਿਚ ਅਸਾਇਲਮ (ਪਨਾਹ) ਲਈ ਸੰਘਰਸ਼ ਕਰ ਰਹੇ ਪੰਜਾਬੀਆਂ ਸਮੇਤ ਲੱਖਾਂ ਪ੍ਰਵਾਸੀਆਂ ਲਈ ਰਾਹਤ ਦੀ ਵੱਡੀ ਖ਼ਬਰ ਸਾਹਮਣੇ ਆਈ ਹੈ। ਟਰੰਪ ਸਰਕਾਰ ਨੇ ਸਿਟੀਜ਼ਨਸ਼ਿਪ ਅਤੇ ਇੰਮੀਗ੍ਰੇਸ਼ਨ ਸੇਵਾਵਾਂ ਵਿਭਾਗ ਨੂੰ ਅਸਾਇਲਮ ਅਰਜ਼ੀਆਂ ਨੂੰ ਅੱਗੇ ਵਧਾਉਣ ਦੀ ਇਜਾਜ਼ਤ ਦੇ ਦਿੱਤੀ ਹੈ। ਇਸ ਫੈਸਲੇ ਨਾਲ ਹਜ਼ਾਰਾਂ ਪੰਜਾਬੀਆਂ ਦੇ ਅਮਰੀਕਾ ਵਿਚ ਪੱਕੇ ਤੌਰ 'ਤੇ ਵਸਣ ਦਾ ਰਾਹ ਪੱਧਰਾ ਹੋਣ ਦੀ ਉਮੀਦ ਜਤਾਈ ਜਾ ਰਹੀ ਹੈ।

ਜ਼ਿਕਰਯੋਗ ਹੈ ਕਿ ਵਾਸ਼ਿੰਗਟਨ ਡੀ.ਸੀ. ਵਿਚ ਇੱਕ ਅਫ਼ਗਾਨ ਨਾਗਰਿਕ ਵੱਲੋਂ ਨੈਸ਼ਨਲ ਗਾਰਡਜ਼

## 39 ਮੁਲਕਾਂ ਦੇ ਰਫਿਊਜ਼ੀਆਂ 'ਤੇ ਰੋਕ ਰਹੇਗੀ ਬਰਕਰਾਰ

ਉੱਤੇ ਗੋਲੀਆਂ ਚਲਾਏ ਜਾਣ ਦੀ ਘਟਨਾ ਤੋਂ ਬਾਅਦ ਅਸਾਇਲਮ ਅਰਜ਼ੀਆਂ ਦੀ ਪ੍ਰੋਸੈਸਿੰਗ 'ਤੇ ਰੋਕ ਲਗਾ ਦਿੱਤੀ ਗਈ ਸੀ। ਡਿਪਾਰਟਮੈਂਟ ਆਫ਼ ਹੋਮਲੈਂਡ ਸਕਿਉਰਿਟੀ ਨੇ ਐਤਵਾਰ ਨੂੰ ਜਾਰੀ ਬਿਆਨ ਵਿਚ ਕਿਹਾ ਕਿ ਕੌਮੀ ਸੁਰੱਖਿਆ ਲਈ ਖ਼ਤਰਾ ਪੈਦਾ ਨਾ ਕਰਨ ਵਾਲੇ ਮੁਲਕਾਂ ਦੇ ਨਾਗਰਿਕਾਂ ਦੀਆਂ ਅਰਜ਼ੀਆਂ 'ਤੇ ਲੱਗੀ ਰੋਕ ਹਟਾ ਦਿੱਤੀ ਗਈ ਹੈ। ਹਾਲਾਂਕਿ, ਅਫ਼ਗਾਨਿਸਤਾਨ, ਸੋਮਾਲੀਆ, ਕਿਊਬਾ, ਹੈਤੀ ਅਤੇ ਵੈਨੇਜ਼ੁਏਲਾ ਸਮੇਤ 39 ਮੁਲਕਾਂ ਦੇ ਰਫਿਊਜ਼ੀਆਂ 'ਤੇ ਰੋਕ ਬਰਕਰਾਰ ਰਹੇਗੀ।

ਸਰਕਾਰ ਨੇ ਸਪੱਸ਼ਟ ਕੀਤਾ ਹੈ ਕਿ ਅਰਜ਼ੀਆਂ ਦੀ ਪ੍ਰਕਿਰਿਆ ਸ਼ੁਰੂ ਹੋਣ ਦੇ ਬਾਵਜੂਦ, ਹਰ ਨਾਗਰਿਕ ਦੀ ਡੂੰਘਾਈ ਨਾਲ ਪੁਣ-ਛਾਣ ਕਰਨ ਤੋਂ ਬਾਅਦ ਹੀ ਪਨਾਹ ਦਿੱਤੀ ਜਾਵੇਗੀ। ਜੋਅ ਬਾਇਡਨ ਦੇ ਕਾਰਜਕਾਲ ਦੌਰਾਨ ਮੈਕਸੀਕੋ ਜਾਂ ਕੈਨੇਡਾ ਦੇ ਰਸਤੇ ਅਮਰੀਕਾ ਦਾਖਲ ਹੋ ਕੇ ਪਨਾਹ ਮੰਗਣ ਵਾਲੇ ਪੰਜਾਬੀਆਂ ਦੀ ਗਿਣਤੀ ਹਜ਼ਾਰਾਂ ਵਿਚ ਹੈ। ਟਰੰਪ ਦੇ ਦੁਬਾਰਾ ਸੱਤਾ ਵਿਚ ਆਉਣ ਤੋਂ ਬਾਅਦ ਪ੍ਰਵਾਸੀਆਂ ਨੂੰ ਡਿਪੋਰਟ ਕਰਨ ਦਾ ਸਿਲਸਿਲਾ ਸ਼ੁਰੂ ਹੋਇਆ ਸੀ, ਪਰ ਹੁਣ ਇਸ ਮਾਮਲੇ ਵਿਚ ਪਹਿਲਾਂ ਦੇ ਮੁਕਾਬਲੇ ਕੁਝ ਘੱਟ ਸਖ਼ਤੀ ਦੇਖਣ ਨੂੰ ਮਿਲ ਰਹੀ ਹੈ। ਅੰਕੜਿਆਂ ਅਨੁਸਾਰ, ਸਾਲ 2010 ਤੋਂ 2024 ਦਰਮਿਆਨ ਅਮਰੀਕਾ ਵਿਚ ਭਾਰਤੀ ਮੂਲ ਦੇ ਲੋਕਾਂ ਦੀ ਆਬਾਦੀ ਵਿਚ 14 ਲੱਖ ਦਾ ਵਾਧਾ ਹੋਇਆ ਹੈ, ਜਿਸ ਵਿਚ ਗੈਰ-ਕਾਨੂੰਨੀ ਤਰੀਕੇ ਨਾਲ ਬਾਰਡਰ ਪਾਰ ਕਰਕੇ ਅਸਾਇਲਮ ਮੰਗਣ ਵਾਲੇ ਵੀ ਸ਼ਾਮਲ ਹਨ। ਅਮਰੀਕਾ ਵਿਚ ਪ੍ਰਵਾਸੀਆਂ ਦੀ ਸਭ ਤੋਂ ਵੱਧ ਵਸੋਂ ਕੈਲੀਫੋਰਨੀਆ ਵਿਚ ਹੈ, ਜੋ ਸੂਬੇ ਦੀ ਕੁੱਲ ਆਬਾਦੀ ਦਾ 28 ਫ਼ੀਸਦੀ ਹਿੱਸਾ ਬਣਦੀ ਹੈ। ਇਸ ਤੋਂ ਇਲਾਵਾ ਟੈਕਸਾਸ ਅਤੇ ਫਲੋਰੀਡਾ ਵਿਚ ਵੀ ਪ੍ਰਵਾਸੀਆਂ ਦੀ ਵੱਡੀ ਗਿਣਤੀ ਰਹਿ ਰਹੀ ਹੈ।

# ਅਮਰੀਕਾ 'ਚ ਈਰਾਨੀ ਪ੍ਰਵਾਸੀਆਂ 'ਚ ਯੁੱਧ, ਸ਼ਾਸਨ ਤਬਦੀਲੀ ਤੇ ਰਾਜਨੀਤੀ ਨੂੰ ਲੈ ਕੇ ਵੱਡਾ ਪਾੜਾ

ਲਾਸ ਏਂਜਲਸ, (ਪੰਜਾਬ ਮੇਲ)- ਮਾਰਚ 2026 ਵਿਚ, 1,000 ਤੋਂ ਵੱਧ ਈਰਾਨੀ ਪ੍ਰਵਾਸੀਆਂ ਨੇ ਵਾਸ਼ਿੰਗਟਨ, ਡੀ.ਸੀ. ਵਿਚ ਰੈਲੀ ਕੀਤੀ, ਈਰਾਨ ਉੱਤੇ ਅਮਰੀਕਾ-ਇਜ਼ਰਾਈਲੀ ਹਮਲਿਆਂ ਦਾ ਸਮਰਥਨ ਪ੍ਰਗਟ ਕੀਤਾ ਅਤੇ ਜਲਾਵਤਨ ਕ੍ਰਾਊਨ ਪ੍ਰਿੰਸ ਰੇਜ਼ਾ ਪਹਿਲਵੀ ਦੀ ਵਾਪਸੀ ਦੀ ਮੰਗ ਕੀਤੀ। ਬਹੁਤ ਸਾਰੇ ਭਾਗੀਦਾਰਾਂ ਨੇ "ਈਰਾਨ ਨੂੰ ਦੁਬਾਰਾ ਮਹਾਨ ਬਣਾਓ" ਟੋਪੀਆਂ ਪਹਿਨੀਆਂ ਅਤੇ ਤਹਿਰਾਨ ਵਿਰੁੱਧ ਸਖ਼ਤ ਰੁਖ਼ ਦਾ ਸਮਰਥਨ ਕੀਤਾ ਅਤੇ ਸ਼ਾਸਨ ਤਬਦੀਲੀ ਦੀ ਮੰਗ ਕੀਤੀ। ਇਸ ਦੌਰਾਨ ਲਾਸ ਏਂਜਲਸ, ਕੈਲੀਫੋਰਨੀਆ ਵਿਚ – ਜੋ ਕਿ ਸਭ ਤੋਂ ਵੱਡੀ ਈਰਾਨੀ ਪ੍ਰਵਾਸੀ ਆਬਾਦੀ ਦਾ ਘਰ ਹੈ – ਇੱਕ ਵੱਖਰਾ ਸਮੂਹ ਲਾਸ ਏਂਜਲਸ ਸਿਟੀ ਹਾਲ ਦੇ ਬਾਹਰ ਇਕੱਠਾ ਹੋਇਆ ਅਤੇ "ਈਰਾਨ ਤੋਂ ਹੱਥ ਹਟਾਓ" ਦੇ ਨਾਅਰੇ ਲਗਾਉਂਦੇ ਹੋਏ ਯੁੱਧ ਦਾ ਵਿਰੋਧ ਕੀਤਾ। ਉਨ੍ਹਾਂ ਨੇ ਰਾਸ਼ਟਰਪਤੀ ਡੋਨਲਡ ਟਰੰਪ ਦੀ ਨਿੰਦਾ ਕੀਤੀ ਅਤੇ ਚੇਤਾਵਨੀ ਦਿੱਤੀ ਕਿ ਅਮਰੀਕਾ ਅਤੇ ਇਜ਼ਰਾਈਲ ਦੁਆਰਾ ਫੌਜੀ ਦਖਲਅੰਦਾਜ਼ੀ ਪੂਰੇ ਮੱਧ ਪੂਰਬ ਖੇਤਰ ਨੂੰ ਤਬਾਹ ਕਰ ਸਕਦੀ ਹੈ।

# ਊਸ਼ਾ ਵੈਂਸ ਵੱਲੋਂ ਉਪ ਰਾਸ਼ਟਰਪਤੀ ਦੇ ਸੁਪਨੇ ਦਾ ਸਮਰਥਨ

ਵਾਸ਼ਿੰਗਟਨ ਡੀ.ਸੀ., (ਪੰਜਾਬ ਮੇਲ)- ਊਸ਼ਾ ਵੈਂਸ ਨੇ ਇੱਕ ਵਿਸ਼ੇਸ਼ ਇੰਟਰਵਿਊ ਵਿਚ ਅਮਰੀਕੀ ਉਪ ਰਾਸ਼ਟਰਪਤੀ ਦੇ ਨਿਵਾਸ ਸਥਾਨ ਵਿਚ ਜੀਵਨ ਬਾਰੇ ਆਪਣੇ ਅਨੁਭਵ ਸਾਂਝੇ ਕੀਤੇ। ਜੇ.ਡੀ. ਵੈਂਸ ਦੀ ਪਤਨੀ ਅਤੇ ਪਹਿਲੀ ਭਾਰਤੀ-ਅਮਰੀਕੀ ਦੂਜੀ ਮਹਿਲਾ ਨੇ ਇੱਕ ਇੰਟਰਵਿਊ ਵਿਚ ਪਰਿਵਾਰ, ਰਾਜਨੀਤੀ ਅਤੇ ਆਪਣੀ ਬਦਲਦੀ ਜਨਤਕ ਭੂਮਿਕਾ ਬਾਰੇ ਖੁੱਲ੍ਹ ਕੇ ਗੱਲ ਕੀਤੀ।

40 ਸਾਲਾ ਊਸ਼ਾ ਵੈਂਸ ਨੇ ਕਿਹਾ ਕਿ ਇੱਕ ਸਫਲ ਕਾਨੂੰਨੀ ਕਰੀਅਰ ਤੋਂ ਜਨਤਕ ਜੀਵਨ ਵਿਚ ਤਬਦੀਲੀ ਸ਼ੁਰੂ ਵਿਚ "ਕਾਫ਼ੀ ਉਲਝਣ ਵਾਲਾ ਅਨੁਭਵ" ਸੀ। ਉਸਨੇ ਕਿਹਾ ਕਿ ਆਪਣੇ ਪੇਸ਼ੇਵਰ ਕੰਮ ਤੋਂ ਦੂਰ ਰਹਿਣਾ ਆਸਾਨ ਨਹੀਂ ਸੀ, ਕਿਉਂਕਿ ਇਸਨੇ ਉਸਦੀ ਪੂਰੀ ਰੁਟੀਨ ਬਦਲ ਦਿੱਤੀ। ਹਾਲਾਂਕਿ, ਉਸਨੇ ਇਸਨੂੰ ਇੱਕ ਮੌਕੇ ਵਜੋਂ ਵੀ ਦੇਖਿਆ, ਜਿਸ ਨਾਲ ਉਹ ਸਿੱਖਿਆ ਅਤੇ ਪਰਿਵਾਰਕ ਜੀਵਨ ਵਰਗੇ ਮੁੱਦਿਆਂ 'ਤੇ ਧਿਆਨ ਕੇਂਦਰਿਤ ਕਰ ਸਕੀ।

ਉਸਨੇ ਸਪੱਸ਼ਟ ਕੀਤਾ ਕਿ ਉਸਦੀ ਮੁੱਖ ਭੂਮਿਕਾ ਉਸਦੇ ਪਤੀ ਦਾ ਸਮਰਥਨ ਕਰਨਾ ਹੈ। ਜਦੋਂ ਉਸਨੂੰ ਉਸਦੇ ਭਵਿੱਖ ਦੀਆਂ ਰਾਜਨੀਤਿਕ ਇੱਛਾਵਾਂ ਬਾਰੇ ਪੁੱਛਿਆ ਗਿਆ, ਤਾਂ ਉਸਨੇ ਕਿਹਾ, "ਮੇਰਾ ਕੰਮ ਉਸਦਾ ਸਮਰਥਨ ਕਰਨਾ ਅਤੇ ਇਸ ਸਮੇਂ ਵਿਚ ਉਸਦੀ ਮਦਦ ਕਰਨਾ ਹੈ।" ਉਸਨੇ ਇਹ ਵੀ ਦੱਸਿਆ ਕਿ ਉਪ ਰਾਸ਼ਟਰਪਤੀ ਦੇ ਕੰਮ ਵਿਚ ਉਸਦੀ ਭੂਮਿਕਾ ਗੈਰ-ਰਸਮੀ ਪਰ ਜਾਰੀ ਹੈ।

ਊਸ਼ਾ ਵੈਂਸ ਨੇ ਕਿਹਾ ਕਿ ਉਹ ਅਤੇ ਉਸਦਾ ਪਤੀ ਲਗਾਤਾਰ ਗੱਲਬਾਤ ਕਰਦੇ ਹਨ, ਅਤੇ ਜਦੋਂ ਵੀ ਕੋਈ ਚੀਜ਼ ਉਸਨੂੰ ਪਰੇਸ਼ਾਨ ਕਰਦੀ ਹੈ, ਤਾਂ ਉਹ ਸਰਗਰਮੀ ਨਾਲ ਸਲਾਹ ਦਿੰਦੀ ਹੈ। ਉਸਨੇ ਆਪਣੇ ਰਾਜਨੀਤਿਕ ਵਿਚਾਰਾਂ ਵਿਚ ਆਈ ਤਬਦੀਲੀ ਬਾਰੇ ਵੀ ਖੁੱਲ੍ਹ ਕੇ ਗੱਲ ਕੀਤੀ, ਇਹ ਕਹਿੰਦੇ ਹੋਏ ਕਿ ਉਸਨੂੰ ਹੁਣ ਆਪਣੇ ਵਿਚਾਰਾਂ ਦਾ ਪ੍ਰਚਾਰ ਕਰਨ ਦੀ ਜ਼ਰੂਰਤ ਮਹਿਸੂਸ ਨਹੀਂ ਹੁੰਦੀ।

ਊਸ਼ਾ ਵੈਂਸ ਨੇ ਕਿਹਾ ਕਿ ਉਨ੍ਹਾਂ ਨੇ ਘਟਦੀ ਸਾਖਰਤਾ ਦਰ ਦੇ ਅੰਕੜਿਆਂ ਨੂੰ ਦੇਖਣ ਤੋਂ ਬਾਅਦ ਇਹ ਪਹਿਲ ਸ਼ੁਰੂ ਕਰਨ ਦਾ ਫੈਸਲਾ ਕੀਤਾ। ਉਨ੍ਹਾਂ ਕਿਹਾ ਕਿ ਇਹ ਇੱਕ ਚਿੰਤਾਜਨਕ ਰੁਝਾਨ ਹੈ, ਜੋ ਲੰਬੇ ਸਮੇਂ ਤੋਂ ਚੱਲ ਰਿਹਾ ਹੈ ਅਤੇ ਇਸਨੂੰ ਉਲਟਾਉਣ ਲਈ ਅਜਿਹੇ ਯਤਨ ਜ਼ਰੂਰੀ ਹਨ।

# ਐੱਨ.ਆਰ.ਆਈ. ਬਜ਼ੁਰਗ ਜੋੜੇ ਕੋਲੋਂ ਗੋਲਡੀ ਬਰਾੜ ਦੇ ਨਾਮ 'ਤੇ ਫਿਰੌਤੀ

**■ ਮੁਲਜ਼ਮਾਂ ਨੇ ਪੈਸੇ ਨਾ ਦੇਣ 'ਤੇ ਗੰਭੀਰ ਨਤੀਜੇ ਭੁਗਤਣ ਦੀ ਦਿੱਤੀ ਸੀ ਧਮਕੀ**



**ਜਲੰਧਰ, (ਪੰਜਾਬ ਮੇਲ)**-ਜਲੰਧਰ ਦਿਹਾਤੀ ਪੁਲਿਸ ਨੇ ਗੋਲਡੀ ਬਰਾੜ ਦੇ ਨਾਮ 'ਤੇ ਇੱਕ ਐੱਨ.ਆਰ.ਆਈ. ਬਜ਼ੁਰਗ ਜੋੜੇ ਤੋਂ ਦੋ ਕਰੋੜ ਰੁਪਏ ਦੀ ਫਿਰੌਤੀ ਮੰਗਣ ਵਾਲੇ ਦੋ ਮੁਲਜ਼ਮਾਂ ਨੂੰ ਗ੍ਰਿਫ਼ਤਾਰ ਕਰਨ ਵਿਚ ਸਫ਼ਲਤਾ ਹਾਸਲ ਕੀਤੀ ਹੈ।

ਪੁਲਿਸ ਵੱਲੋਂ ਇਸ ਮਾਮਲੇ ਵਿਚ ਇੱਕ ਵਿਸ਼ੇਸ਼ ਟੀਮ ਗਠਿਤ ਕੀਤੀ ਗਈ ਸੀ। ਟੀਮ ਵੱਲੋਂ ਆਧੁਨਿਕ, ਮਨੁੱਖੀ ਅਤੇ ਤਕਨੀਕੀ ਢੰਗਾਂ ਦੀ ਵਰਤੋਂ ਕਰਦੇ ਹੋਏ 2 ਮੁਲਜ਼ਮਾਂ ਨੂੰ ਟ੍ਰੇਸ ਕਰਕੇ ਗ੍ਰਿਫਤਾਰ ਕੀਤਾ ਗਿਆ ਹੈ। ਇਨ੍ਹਾਂ ਦੀ ਪਹਿਚਾਣ ਤੀਰਥ ਸਿੰਘ ਪੁੱਤਰ ਬਲਵਿੰਦਰ ਸਿੰਘ ਵਾਸੀ ਬਹਾਦਰਪੁਰ, ਥਾਣਾ ਬਿਲਗਾ ਅਤੇ ਜਸ਼ਨਦੀਪ ਸਿੰਘ ਉਰਫ ਜਸ਼ਨ ਪੁੱਤਰ ਅਮਰਜੀਤ ਸਿੰਘ ਵਾਸੀ ਧਰਮਕੋਟ, ਥਾਣਾ ਸਦਰ ਨਵਾਂ ਸ਼ਹਿਰ ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ ਵਜੋਂ ਹੋਈ ਹੈ।

ਮੀਡੀਆ ਨੂੰ ਜਾਣਕਾਰੀ ਦਿੰਦਿਆਂ ਪੁਲਿਸ ਕਪਤਾਨ (ਤਫਤੀਸ਼) ਵਿਨੀਤ ਅਹਲਾਵਤ ਨੇ ਦੱਸਿਆ ਕਿ ਬਲਜਿੰਦਰ ਕੌਰ ਪਤਨੀ ਪਵਿੱਤਰ ਸਿੰਘ ਵਾਸੀ ਪਿੰਡ ਸ਼ੰਕਰ, ਥਾਣਾ ਸਦਰ ਨਕੋਦਰ ਨੇ ਦਰਖ਼ਾਸਤ ਦਿੱਤੀ ਸੀ ਕਿ ਉਸ ਦੇ ਪਤੀ ਨੂੰ ਇੱਕ ਅਣਪਛਾਤੇ ਵਿਦੇਸ਼ੀ ਨੰਬਰ ਤੋਂ ਫੋਨ ਆਇਆ ਸੀ, ਜਿਸ ਵਿਚ ਫੋਨ ਕਰਨ ਵਾਲੇ ਨੇ ਆਪਣੇ ਆਪ ਨੂੰ ਗੋਲਡੀ ਬਰਾੜ ਗਰੁੱਪ ਨਾਲ ਸੰਬੰਧਿਤ ਦੱਸਦਿਆਂ 2 ਕਰੋੜ ਰੁਪਏ ਦੀ ਮੰਗ ਕੀਤੀ ਅਤੇ 10 ਦਿਨਾਂ ਵਿਚ ਪੈਸੇ ਤਿਆਰ ਰੱਖਣ ਲਈ ਕਿਹਾ, ਨਹੀਂ ਤਾਂ ਗੰਭੀਰ ਨਤੀਜਿਆਂ ਦੀ ਧਮਕੀ ਦਿੱਤੀ।

ਇਸ ਤੋਂ ਬਾਅਦ ਵਿਦੇਸ਼ ਵਿਚ ਰਹਿੰਦੇ ਉਸ ਦੇ ਪੁੱਤਰ ਰਣਜੀਤ ਸਿੰਘ ਨੂੰ ਵੀ ਕਾਲ ਅਤੇ ਵਟਸਐਪ ਮੈਸੇਜ ਪ੍ਰਾਪਤ ਹੋਇਆ, ਜਿਸ ਵਿਚ ਇੱਕ ਦਿਨ 'ਚ 1.5 ਕਰੋੜ ਰੁਪਏ ਦੀ ਮੰਗ ਕੀਤੀ ਗਈ ਅਤੇ ਧਮਕੀ ਦਿੱਤੀ ਗਈ ਕਿ ਪਿੰਡ ਸ਼ੰਕਰ ਵਿਚ ਉਸ ਦੇ ਘਰ 'ਤੇ ਗੋਲੀਆਂ ਚਲਾਈਆਂ ਜਾਣਗੀਆਂ। ਦੋਸ਼ੀਆਂ ਵੱਲੋਂ ਉਸ ਦੀ ਜਾਇਦਾਦ ਬਾਰੇ ਵੀ ਜਾਣਕਾਰੀ ਦਿੱਤੀ ਗਈ, ਜਿਸ ਵਿਚ ਇੱਕ ਫਾਰਚੂਨਰ ਗੱਡੀ ਅਤੇ ਵੱਡੀ ਕੋਠੀ ਦਾ ਜ਼ਿਕਰ ਸੀ।

ਪੁਲਿਸ ਕਪਤਾਨ ਨੇ ਦੱਸਿਆ ਕਿ ਤਫਤੀਸ਼ ਦੌਰਾਨ ਇਹ ਗੱਲ ਸਾਹਮਣੇ ਆਈ ਕਿ ਸ਼ਿਕਾਇਤਕਰਤਾ ਦਾ ਪੁੱਤਰ ਰਣਜੀਤ ਸਿੰਘ ਵਿਦੇਸ਼ ਵਿਚ ਰਹਿੰਦਾ ਹੈ, ਜਦਕਿ ਉਸ ਦੇ ਬਜ਼ੁਰਗ ਮਾਤਾ-ਪਿਤਾ ਪਿੰਡ ਸ਼ੰਕਰ ਵਿਚ ਰਹਿੰਦੇ ਹਨ। ਮੁਲਜ਼ਮ ਤੀਰਥ ਸਿੰਘ, ਜੋ ਕਿ ਸਹੁਰੇ ਪਰਿਵਾਰ ਵੱਲੋਂ ਰਿਸ਼ਤੇਦਾਰ ਹੈ ਅਤੇ ਕੈਨੇਡਾ ਦਾ ਵਸਨੀਕ ਹੈ, ਫਰਵਰੀ ਮਹੀਨੇ ਵਿਚ ਆਪਣੇ ਪਰਿਵਾਰ ਸਮੇਤ ਭਾਰਤ ਆਇਆ ਸੀ।

# ਸਾਬਕਾ ਡੀ.ਆਈ.ਜੀ. ਭੁੱਲਰ ਦੇ ਮੋਬਾਈਲ 'ਚੋਂ ਮਿਲੀ ਸ਼ੱਕੀ ਚੈਟ!

**■ ਪੰਜਾਬ ਦੇ ਕਈ ਆਈ.ਏ.ਐੱਸ. ਤੇ ਆਈ.ਪੀ.ਐੱਸ. ਅਧਿਕਾਰੀ ਸੀ.ਬੀ.ਆਈ. ਦੀ ਰਾਡਾਰ 'ਤੇ!**

**ਚੰਡੀਗੜ੍ਹ, (ਪੰਜਾਬ ਮੇਲ)**- ਰਿਸ਼ਵਤ ਮਾਮਲੇ 'ਚ ਫਸੇ ਪੰਜਾਬ ਪੁਲਿਸ ਦੇ ਮੁਅੱਤਲ ਡੀ.ਆਈ.ਜੀ. ਹਰਚਰਨ ਸਿੰਘ ਭੁੱਲਰ ਦੇ ਮੋਬਾਇਲ 'ਚ ਆਈ.ਏ.ਐੱਸ. ਅਤੇ ਆਈ.ਪੀ.ਐੱਸ. ਦੇ ਅਧਿਕਾਰੀਆਂ ਨਾਲ ਸ਼ੱਕੀ ਚੈਟ ਮਿਲੀ ਹੈ। ਚੈਟ 'ਚ ਪੈਸਿਆਂ ਦੇ ਲੈਣ-ਦੇਣ ਅਤੇ ਗੈਰ-ਕਾਨੂੰਨੀ ਕੰਮਾਂ ਸ਼ਾਮਲ ਹਨ। ਸੀ.ਬੀ.ਆਈ. ਨੇ ਅਣਪਛਾਤੇ ਅਧਿਕਾਰੀਆਂ ਖ਼ਿਲਾਫ਼ ਮੁੱਢਲੀ ਜਾਂਚ ਸ਼ੁਰੂ ਕਰ ਦਿੱਤੀ ਹੈ। ਸੀ.ਬੀ.ਆਈ. ਦੀ ਡੀ.ਐੱਸ.ਪੀ. ਸੋਨਾਲੀ ਨੇ ਮਾਮਲੇ 'ਚ ਅਰਜ਼ੀ ਸੀ.ਬੀ.ਆਈ. ਦੀ ਵਿਸ਼ੇਸ਼ ਅਦਾਲਤ 'ਚ ਦਰਜ ਕੀਤੀ ਹੈ। ਸੀ.ਬੀ.ਆਈ. ਨੇ ਕਿਹਾ ਕਿ ਭੁੱਲਰ ਦੇ ਨਾਲ ਪੰਜਾਬ ਸਰਕਾਰ ਦੇ ਕਈ ਅਧਿਕਾਰੀ ਗੈਰ-ਕਾਨੂੰਨੀ ਕੰਮਾਂ 'ਚ ਸ਼ਾਮਲ ਹਨ। ਚੈਟ ਸੀ.ਬੀ.ਆਈ. ਨੂੰ ਭੁੱਲਰ ਦੇ ਮੋਬਾਇਲ ਫੋਨ ਅਤੇ ਲੈਪਟਾਪ 'ਚ ਮਿਲੀ ਹੈ। ਸੀ.ਬੀ.ਆਈ. ਨੇ ਭੁੱਲਰ ਦਾ ਮੋਬਾਇਲ ਫੋਨ ਅਤੇ ਲੈਪਟਾਪ ਜਾਂਚ ਲਈ ਸੀ.ਐੱਫ.ਐੱਸ.ਐੱਲ. ਨੂੰ ਭੇਜ ਦਿੱਤਾ ਹੈ। ਸੀ.ਬੀ.ਆਈ. ਨੇ ਭੁੱਲਰ ਦੇ ਨਾਲ ਗੈਰ-ਕਾਨੂੰਨੀ ਕੰਮਾਂ 'ਚ ਸ਼ਾਮਲ ਕਰੀਬ 30 ਵਿਅਕਤੀਆਂ ਦੀ ਸੂਚੀ ਬਣਾਈ ਹੈ। ਜਿਸ 'ਚ ਡੀ.ਐੱਸ.ਪੀ. ਤੋਂ ਲੈ ਕੇ ਆਈ.ਪੀ.ਐੱਸ. ਤੱਕ ਸ਼ਾਮਲ ਹਨ। ਸੀ.ਬੀ.ਆਈ. ਟੀਮ ਜਲਦੀ ਹੀ ਭੁੱਲਰ ਦੇ ਨਾਲ ਗੈਰ-ਕਾਨੂੰਨੀ ਕੰਮਾਂ ਤੇ ਪੈਸਿਆਂ ਦੇ ਲੈਣ-ਦੇਣ 'ਚ ਸ਼ਾਮਲ ਅਧਿਕਾਰੀਆਂ ਨੂੰ ਪੁੱਛਗਿੱਛ ਲਈ ਬੁਲਾਏਗੀ। ਪੁਲਿਸ ਜਲਦੀ ਹੀ ਉਨ੍ਹਾਂ ਸਾਰਿਆਂ ਨੂੰ ਜਾਂਚ 'ਚ ਸ਼ਾਮਲ ਹੋਣ ਲਈ ਸੰਮਨ ਜਾਰੀ ਕਰੇਗੀ। ਜਾਂਚ ਏਜੰਸੀ ਮੁਤਾਬਕ ਇਹ ਮਾਮਲਾ ਪਿਛਲੇ ਸਾਲ ਦਰਜ ਭ੍ਰਿਸ਼ਟਾਚਾਰ ਦੇ ਮਾਮਲੇ ਨਾਲ ਜੁੜਿਆ ਹੋਇਆ ਹੈ। ਜਾਂਚ ਦੌਰਾਨ ਇਲੈਕਟ੍ਰਾਨਿਕ ਉਪਕਰਨਾਂ ਦੀ ਫਾਰੈਂਸਿਕ ਜਾਂਚ, ਵਟਸਐਪ ਚੈਟ, ਪੁੱਛਗਿੱਛ ਅਤੇ ਦਸਤਾਵੇਜ਼ਾਂ ਤੋਂ ਕਈ ਸੀਨੀਅਰ ਅਧਿਕਾਰੀਆਂ ਨਾਲ ਅਕਸਰ ਸੰਪਰਕ ਹੋਣ ਦੇ ਸਬੂਤ ਸਾਹਮਣੇ ਆਏ ਹਨ। ਸੀ.ਬੀ.ਆਈ. ਦਾ ਦਾਅਵਾ ਹੈ ਕਿ ਮੁਲਜ਼ਮ ਆਪਣੀ ਪਹੁੰਚ ਦੀ ਵਰਤੋਂ ਕਰ ਕੇ ਨਿੱਜੀ ਲੋਕਾਂ ਨੂੰ ਲਾਭ ਦਿਵਾਉਣ ਦੇ ਬਦਲੇ ਰਿਸ਼ਵਤ ਲੈਂਦੇ ਸਨ। ਇਸ ਤੋਂ ਪਹਿਲਾਂ ਭੁੱਲਰ ਦੀ ਜ਼ਮਾਨਤ ਪਟੀਸ਼ਨ ਹਾਈਕੋਰਟ ਨੇ ਰੱਦ ਕਰ ਦਿੱਤੀ ਸੀ ਅਤੇ ਉਹ ਫਿਲਹਾਲ ਚੰਡੀਗੜ੍ਹ ਦੀ ਬੁੜੈਲ ਜੇਲ੍ਹ 'ਚ ਬੰਦ ਹੈ। ਜ਼ਿਕਰਯੋਗ ਹੈ ਕਿ 6 ਅਕਤੂਬਰ, 2025 ਨੂੰ ਭੁੱਲਰ ਅਤੇ ਵਿਚੋਲੀਏ ਕ੍ਰਿਸ਼ਨੂ ਸ਼ਾਰਦਾ ਨੂੰ ਗ੍ਰਿਫ਼ਤਾਰ ਕੀਤਾ ਗਿਆ ਸੀ। ਇਸ ਦੇ ਬਾਅਦ ਭੁੱਲਰ ਦੇ ਟਿਕਾਣਿਆਂ ਤੋਂ ਕਰੀਬ 2 ਕਿਲੋ ਸੋਨਾ, ਸਾਢੇ 7 ਕਰੋੜ ਰੁਪਏ ਨਕਦ ਅਤੇ ਹੋਰ ਕਾਫੀ ਸਮਾਨ ਬਰਾਮਦ ਕੀਤਾ ਗਿਆ ਸੀ।



# ਅਮਰੀਕਾ ਵੱਲੋਂ ਐੱਚ-1ਬੀ ਵੀਜ਼ਾ ਨਿਯਮਾਂ 'ਚ ਵੱਡੇ ਬਦਲਾਅ; 1 ਅਪ੍ਰੈਲ ਤੋਂ ਨਵੇਂ ਨਿਯਮ ਲਾਗੂ

**ਵਾਸ਼ਿੰਗਟਨ, (ਪੰਜਾਬ ਮੇਲ)**- ਅਮਰੀਕਾ ਨੇ ਐੱਚ-1ਬੀ ਅਤੇ ਹੋਰ ਕੰਮਕਾਜੀ ਵੀਜ਼ਿਆਂ ਲਈ ਵਰਤੇ ਜਾਣ ਵਾਲੇ ਫਾਰਮ ਆਈ-129 ਦੇ ਨਿਯਮਾਂ ਵਿਚ ਬਦਲਾਅ ਕੀਤਾ ਹੈ। ਯੂ.ਐਸ. ਸਿਟੀਜ਼ਨਸ਼ਿਪ ਐਂਡ ਇਮੀਗ੍ਰੇਸ਼ਨ ਸਰਵਿਸਿਜ਼ (ਯੂ.ਐੱਸ.ਸੀ.ਆਈ.ਐੱਸ.) ਨੇ ਫਾਰਮ ਆਈ-129 ਨਾਲ ਸਬੰਧਤ ਨਿਯਮਾਂ ਵਿਚ ਮਹੱਤਵਪੂਰਨ ਬਦਲਾਅ ਕੀਤੇ ਹਨ। ਇਹ ਨਵੇਂ ਨਿਯਮ 1 ਅਪ੍ਰੈਲ, 2026 ਤੋਂ ਲਾਗੂ ਹੋਣਗੇ। ਇਸ ਬਦਲਾਅ ਤੋਂ ਬਾਅਦ ਪੁਰਾਣੇ ਫਾਰਮ (01/20/25 ਐਡੀਸ਼ਨ) ਦੀ ਵਰਤੋਂ ਕਰਕੇ ਜਮ੍ਹਾਂ ਕੀਤੀ ਗਈ ਕੋਈ ਵੀ ਅਰਜ਼ੀ ਸਵੀਕਾਰ ਨਹੀਂ ਕੀਤੀ ਜਾਵੇਗੀ।

ਫਾਰਮ ਆਈ-129 ਦੀ ਵਰਤੋਂ ਅਮਰੀਕੀ ਕੰਪਨੀਆਂ ਦੁਆਰਾ ਵਿਦੇਸ਼ੀ ਕਰਮਚਾਰੀਆਂ ਨੂੰ ਨੌਕਰੀ 'ਤੇ ਰੱਖਣ ਲਈ ਕੀਤੀ ਜਾਂਦੀ ਹੈ। ਇਹ ਫਾਰਮ ਉਨ੍ਹਾਂ ਲੋਕਾਂ ਦੁਆਰਾ ਭਰਿਆ ਜਾਂਦਾ ਹੈ, ਜੋ ਕੰਮ ਕਰਨ ਜਾਂ ਸਿਖਲਾਈ ਲੈਣ ਲਈ ਅਸਥਾਈ ਤੌਰ 'ਤੇ ਅਮਰੀਕਾ ਆਉਂਦੇ ਹਨ। ਇਹ ਵੱਖ-ਵੱਖ ਗੈਰ-ਪ੍ਰਵਾਸੀ ਵੀਜ਼ਿਆਂ ਨੂੰ ਕਵਰ ਕਰਦਾ ਹੈ, ਜਿਵੇਂ ਕਿ ਐੱਚ-1ਬੀ, ਐੱਚ-2ਏ, ਐੱਚ-1ਬੀ, ਐੱਚ-3, ਐੱਲ-1, ਓ-1, ਓ-2, ਪੀ-1, ਪੀ-1ਐੱਸ, ਪੀ-2, ਪੀ-2ਐੱਸ, ਪੀ-3, ਪੀ-3ਐੱਸ, ਕਿਊ-1, ਅਤੇ ਆਰ-1। ਫਾਰਮ ਆਈ-129 ਦੇ ਨਵੇਂ ਸੰਸਕਰਣ ਵਿਚ ਵਿੱਤੀ ਸਾਲ 2027 ਐੱਚ-1ਬੀ ਕੈਪ ਸੀਜ਼ਨ ਲਈ ਕਈ ਮਹੱਤਵਪੂਰਨ ਬਦਲਾਅ ਸ਼ਾਮਲ ਹਨ। ਇਹ ਹੁਣ ਇੱਕ ਨਵੀਂ ਤਨਖਾਹ-ਆਧਾਰਿਤ ਲਾਟਰੀ ਪ੍ਰਣਾਲੀ ਦੇ ਅਧੀਨ ਕੰਮ ਕਰੇਗਾ। ਨਵੇਂ ਫਾਰਮ ਵਿਚ ਮਾਲਕਾਂ ਨੂੰ ਨੌਕਰੀ ਲਈ ਲੋੜੀਂਦੀ ਘੱਟੋ-ਘੱਟ ਸਿੱਖਿਆ ਬਾਰੇ ਵਿਸਤ੍ਰਿਤ ਜਾਣਕਾਰੀ ਪ੍ਰਦਾਨ ਦੇਣੀ ਹੋਵੇਗੀ। ਇਸ ਦੇ ਨਾਲ ਹੀ ਅਧਿਐਨ ਦਾ ਸਹੀ ਵਿਸ਼ਾ, ਲੋੜੀਂਦਾ ਘੱਟੋ-ਘੱਟ ਤਜ਼ਰਬਾ ਅਤੇ ਇਹ ਵੀ ਦੱਸਣਾ ਹੋਵੇਗਾ, ਕੀ ਉਸ ਅਹੁਦੇ ਵਿਚ ਸੁਪਰਵਾਈਜ਼ਰ ਦੀਆਂ ਜ਼ਿੰਮੇਵਾਰੀਆਂ ਸ਼ਾਮਲ ਹਨ।



# ਸਿਆਸੀ ਚੰਦਾ: ਪੰਜਾਬ ਦੇ ਕਾਰਪੋਰੇਟਾਂ ਵੱਲੋਂ ਭਾਜਪਾ ਨੂੰ ਖੁੱਲ੍ਹੇ ਗੱਫੇ !

■ **ਹਰਿਆਣਾ ਵਿਚੋਂ 'ਆਪ' ਨੂੰ ਪੰਜਾਬ ਤੋਂ ਵੱਧ ਚੰਦਾ**

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਵਿਚੋਂ ਸਭ ਤੋਂ ਵੱਧ ਸਿਆਸੀ ਚੰਦਾ ਲੈਣ 'ਚ ਭਾਜਪਾ ਮੋਹਰੀ ਹੈ ਅਤੇ ਆਮ ਆਦਮੀ ਪਾਰਟੀ ਨੂੰ ਸੂਬੇ 'ਚੋਂ ਮਾਮੂਲੀ ਚੰਦਾ ਮਿਲਿਆ ਹੈ; ਹਾਲਾਂਕਿ ਪੇਂਡੂ ਪੰਜਾਬ ਦੀ ਭਾਜਪਾ ਪ੍ਰਤੀ ਨਰਾਜ਼ਗੀ ਭਾਵੇਂ ਕਿਸੇ ਤੋਂ ਲੁਕੀ ਨਹੀਂ। ਪੰਜਾਬ ਦੇ ਕਾਰਪੋਰੇਟਾਂ ਤੇ ਕਾਰੋਬਾਰੀ ਘਰਾਣਿਆਂ ਨੇ ਭਾਜਪਾ ਦੀ ਝੋਲੀ ਖੁੱਲ੍ਹੇ ਗੱਫੇ ਪਾਏ ਹਨ।

ਐਸੋਸੀਏਸ਼ਨ ਫਾਰ ਡੈਮੋਕਰੈਟਿਕ ਰਿਫਾਰਮਜ਼ ਦੀਆਂ ਬੀਤੇ ਤਿੰਨ ਸਾਲਾਂ ਦੀਆਂ ਰਿਪੋਰਟਾਂ ਦੀ ਘੋਖ ਤੋਂ ਇਹ ਨਵੇਂ ਤੱਥ ਸਾਹਮਣੇ ਆਏ ਹਨ। 2024-25 ਦੌਰਾਨ ਪੰਜਾਬ 'ਚੋਂ ਭਾਜਪਾ ਨੂੰ 60.29 ਕਰੋੜ ਰੁਪਏ ਚੰਦਾ ਮਿਲਿਆ। ਇਕੱਲੇ ਕਾਰਪੋਰੇਟਾਂ ਨੇ ਤਿੰਨੋਂ ਧਿਰਾਂ ਨੂੰ 57.10 ਕਰੋੜ ਰੁਪਏ ਦਾ ਚੰਦਾ ਦਿੱਤਾ, ਜਿਸ 'ਚੋਂ ਵੱਡਾ ਹਿੱਸਾ ਭਾਜਪਾ ਦੇ ਹਿੱਸੇ ਆਇਆ।

ਸੱਤਾ 'ਚ ਹੋਣ ਦੇ ਬਾਵਜੂਦ 'ਆਪ' ਨੂੰ 71 ਲੱਖ ਰੁਪਏ ਚੰਦਾ ਮਿਲਿਆ, ਜਦੋਂ ਕਿ ਸੂਬੇ 'ਚ ਦੂਜੇ ਨੰਬਰ 'ਤੇ ਰਹੀ ਕਾਂਗਰਸ ਨੂੰ 3.73 ਕਰੋੜ ਰੁਪਏ ਮਿਲੇ ਹਨ। ਬੀਤੇ ਤਿੰਨ ਵਰ੍ਹਿਆਂ (2022-23 ਤੋਂ 2024-25) 'ਚ ਭਾਜਪਾ ਨੂੰ ਸਭ ਤੋਂ ਵੱਧ 65.95 ਕਰੋੜ ਰੁਪਏ ਚੰਦਾ ਮਿਲਿਆ, 'ਆਪ' ਨੂੰ 1.27 ਕਰੋੜ ਅਤੇ ਕਾਂਗਰਸ ਨੂੰ 6.71 ਕਰੋੜ ਰੁਪਏ ਚੰਦਾ ਮਿਲਿਆ। ਤਿੰਨ ਸਾਲਾਂ ਦੌਰਾਨ ਪੰਜਾਬ ਦੇ ਇਕੱਲੇ ਕਾਰਪੋਰੇਟਾਂ ਅਤੇ ਕਾਰੋਬਾਰੀਆਂ ਨੇ ਤਿੰਨੋਂ ਪ੍ਰਮੁੱਖ ਪਾਰਟੀਆਂ ਨੂੰ 62.58 ਕਰੋੜ ਦਾ ਚੰਦਾ ਦਿੱਤਾ ਹੈ, ਵਿਅਕਤੀਗਤ ਤੌਰ 'ਤੇ 11.46 ਕਰੋੜ ਰੁਪਏ ਦਾ ਚੰਦਾ ਦਿੱਤਾ ਗਿਆ ਹੈ।

ਗੁਆਂਢੀ ਸੂਬੇ ਹਰਿਆਣਾ 'ਚ ਵੀ ਭਾਜਪਾ ਨੂੰ ਚੰਦੇ ਦੇ ਗੱਫੇ ਮਿਲੇ ਹਨ। ਬੀਤੇ ਤਿੰਨ ਸਾਲਾਂ ਵਿਚ ਹਰਿਆਣਾ 'ਚ ਭਾਜਪਾ ਨੂੰ 196.40 ਕਰੋੜ, ਕਾਂਗਰਸ ਨੂੰ 40 ਕਰੋੜ ਰੁਪਏ ਦਾ ਚੰਦਾ ਮਿਲਿਆ ਹੈ। ਆਮ ਆਦਮੀ ਪਾਰਟੀ ਨੂੰ ਹਰਿਆਣਾ 'ਚ ਪੰਜਾਬ ਨਾਲੋਂ ਕਿਤੇ ਵੱਧ ਚੰਦਾ ਮਿਲਿਆ ਹੈ, ਜੋ 12.29 ਕਰੋੜ ਰੁਪਏ ਹੈ। ਹਰਿਆਣਾ ਵਿਚ ਤਿੰਨ ਸਾਲਾਂ ਦੌਰਾਨ ਕਾਰਪੋਰੇਟਾਂ ਨੇ ਸਭ ਧਿਰਾਂ ਨੂੰ ਕੁੱਲ 186.31 ਕਰੋੜ ਰੁਪਏ ਚੰਦਾ ਦਿੱਤਾ।

ਇਸੇ ਤਰ੍ਹਾਂ ਦਿੱਲੀ 'ਚ ਤਿੰਨ ਸਾਲਾਂ ਦੌਰਾਨ ਭਾਜਪਾ ਨੂੰ 3453.35 ਕਰੋੜ, ਕਾਂਗਰਸ ਨੂੰ 412.15 ਕਰੋੜ ਅਤੇ ਆਮ ਆਦਮੀ ਪਾਰਟੀ ਨੂੰ 37.07 ਕਰੋੜ ਰੁਪਏ ਚੰਦਾ ਮਿਲਿਆ। ਆਮ ਆਦਮੀ ਪਾਰਟੀ ਨੂੰ ਜ਼ਿਆਦਾ ਚੰਦਾ ਪਰਚੂਨ 'ਚ ਮਿਲਿਆ ਹੈ, ਕਾਰਪੋਰੇਟਾਂ ਨੇ ਭਾਜਪਾ ਨੂੰ ਖੁੱਲ੍ਹੇ ਗੱਫੇ ਵਰਤਾਏ ਹਨ। ਸਿਆਸੀ ਵਿਸ਼ਲੇਸ਼ਕ ਪ੍ਰੋ. ਜਗਰੂਪ ਸਿੰਘ ਸੇਖੋਂ ਆਖਦੇ ਹਨ ਕਿ ਸਿਆਸੀ ਚੰਦਾ ਆਮ ਤੌਰ 'ਤੇ ਕਾਰਪੋਰੇਟ ਹੀ ਦਿੰਦੇ ਹਨ, ਜੋ ਹਵਾ ਦਾ ਰੁਖ਼ ਦੇਖ ਕੇ ਹੀ ਵਿੱਤੀ ਮਦਦ ਦਾ ਫ਼ੈਸਲਾ ਕਰਦੇ ਹਨ।

ਸ਼੍ਰੋਮਣੀ ਅਕਾਲੀ ਦਲ ਨੂੰ ਵੀ ਸਾਲ 2024-25 ਦੌਰਾਨ ਪੰਜਾਬ ਵਿਚੋਂ 'ਆਪ' ਨਾਲੋਂ ਵੱਧ ਚੰਦਾ ਮਿਲਿਆ ਹੈ। ਚੋਣ ਕਮਿਸ਼ਨ ਦੀ ਰਿਪੋਰਟ ਮੁਤਾਬਕ ਸ਼੍ਰੋਮਣੀ ਅਕਾਲੀ ਦਲ ਨੂੰ ਸਾਲ 2024-25 ਦੌਰਾਨ 4.06 ਕਰੋੜ ਦਾ ਚੰਦਾ ਮਿਲਿਆ ਹੈ। ਸ਼੍ਰੋਮਣੀ ਅਕਾਲੀ ਦਲ ਨੂੰ ਸਭ ਤੋਂ ਵੱਧ ਚੰਦਾ 1.81 ਕਰੋੜ ਔਰਬਿਟ ਰਿਜਾਰਜ ਲਿਮਟਿਡ ਨੇ ਦਿੱਤਾ ਹੈ ਅਤੇ ਔਰਬਿਟ ਏਵੀਏਸ਼ਨ ਨੇ 10 ਲੱਖ ਰੁਪਏ ਦਾ ਚੰਦਾ ਦਿੱਤਾ ਹੈ।

**ਪੰਜਾਬ 'ਚੋਂ ਪ੍ਰਾਪਤ ਸਿਆਸੀ ਚੰਦਾ**

| ਵਿੱਤੀ ਸਾਲ | ਭਾਜਪਾ | ਕਾਂਗਰਸ | ਆਮ ਆਦਮੀ ਪਾਰਟੀ |
|---|---|---|---|
| 2024-25 | 60.29 ਕਰੋੜ | 3.73 ਕਰੋੜ | 71 ਲੱਖ |
| 2023-24 | 5.34 ਕਰੋੜ | 1.92 ਕਰੋੜ | 11.50 ਲੱਖ |
| 2022-23 | 32.12 ਲੱਖ | 1.06 ਕਰੋੜ | 44.60 ਲੱਖ |
| **ਕੁੱਲ** | **65.95 ਕਰੋੜ** | **6.71 ਕਰੋੜ** | **1.27 ਕਰੋੜ** |




# ਪਠਾਣਮਾਜਰਾ ਦੇ ਪੁਲਿਸ ਰਿਮਾਂਡ 'ਚ ਵਾਧਾ

**ਪਟਿਆਲਾ, (ਪੰਜਾਬ ਮੇਲ)-** ਪੁਲਿਸ ਨੇ ਸਨੌਰ ਤੋਂ 'ਆਪ' ਵਿਧਾਇਕ ਹਰਮੀਤ ਸਿੰਘ ਪਠਾਣਮਾਜਰਾ ਦਾ ਚਾਰ ਦਿਨਾਂ ਦਾ ਪੁਲਿਸ ਰਿਮਾਂਡ ਪੂਰਾ ਹੋਣ ਮਗਰੋਂ ਮੁੜ ਅਦਾਲਤ 'ਚ ਪੇਸ਼ ਕੀਤਾ। ਇਸ ਦੌਰਾਨ ਪੁਲਿਸ ਨੇ ਜੇ.ਐੱਮ.ਆਈ.ਸੀ. ਦਮਨਦੀਪ ਕਮਲ ਹੀਰਾ ਦੀ ਅਦਾਲਤ ਕੋਲੋਂ ਮੁਲਜ਼ਮ ਦਾ ਦਸ ਦਿਨਾਂ ਦਾ ਹੋਰ ਰਿਮਾਂਡ ਮੰਗਿਆ। ਉਨ੍ਹਾਂ ਦਲੀਲ ਰੱਖੀ ਕਿ ਪੁੱਛ-ਪੜਤਾਲ ਲਈ ਵਿਧਾਇਕ ਨੂੰ ਬਾਹਰਲੇ ਸੂਬੇ 'ਚ ਲੈ ਕੇ ਜਾਣਾ ਹੈ। ਵਿਧਾਇਕ ਦੇ ਵਕੀਲ ਨੇ ਇਸ ਦਾ ਵਿਰੋਧ ਕੀਤਾ ਪਰ ਸਰਕਾਰੀ ਵਕੀਲ ਨੇ ਰਿਮਾਂਡ ਦੀ ਲੋੜ 'ਤੇ ਜ਼ੋਰ ਦਿੱਤਾ। ਦੋਵਾਂ ਧਿਰਾਂ ਦੀ ਬਹਿਸ ਸੁਣਨ ਮਗਰੋਂ ਅਦਾਲਤ ਨੇ ਵਿਧਾਇਕ ਦਾ ਸੱਤ ਦਿਨਾਂ ਦਾ ਹੋਰ ਪੁਲਿਸ ਰਿਮਾਂਡ ਦੇ ਦਿੱਤਾ।



ਜ਼ਿਕਰਯੋਗ ਹੈ ਕਿ ਪਿਛਲੇ ਸਾਲ ਹੜ੍ਹਾਂ ਦੌਰਾਨ ਵਿਧਾਇਕ ਨੇ ਆਪਣੀ ਹੀ ਸਰਕਾਰ ਖਿਲਾਫ਼ ਜਨਤਕ ਟਿੱਪਣੀਆਂ ਕੀਤੀਆਂ ਸਨ। ਇਸ ਮਗਰੋਂ ਸਰਕਾਰ ਨੇ ਵਿਧਾਇਕ ਦੇ ਗੰਨਮੈਨ ਵਾਪਸ ਲੈ ਲਏ ਅਤੇ ਪੀ.ਆਰ.ਟੀ.ਸੀ. ਚੇਅਰਮੈਨ ਰਣਜੋਧ ਹਡਾਣਾ ਦੀ ਸਨੌਰ ਹਲਕੇ ਵਿਚ ਇੰਚਾਰਜ ਵਜੋਂ ਤਾਇਨਾਤੀ ਕਰ ਦਿੱਤੀ।

ਬਾਅਦ ਵਿਚ ਇੱਕ ਔਰਤ ਦੀ ਸ਼ਿਕਾਇਤ ਦੇ ਆਧਾਰ 'ਤੇ ਪਟਿਆਲਾ ਵਿਚ ਗੰਭੀਰ ਦੋਸ਼ਾਂ ਤਹਿਤ ਕੇਸ ਦਰਜ ਕਰ ਕੇ ਪੁਲਿਸ ਨੇ ਵਿਧਾਇਕ ਦੇ ਹਰਿਆਣਾ ਸਥਿਤ ਰਿਸ਼ਤੇਦਾਰਾਂ ਦੇ ਘਰੋਂ ਗ੍ਰਿਫ਼ਤਾਰੀ ਕੀਤੀ। ਪਰ ਉਹ ਪੁਲਿਸ ਹਿਰਾਸਤ 'ਚੋਂ ਫਰਾਰ ਹੋ ਗਿਆ ਅਤੇ ਆਸਟ੍ਰੇਲੀਆ ਪੁੱਜ ਗਿਆ। ਵਤਨ ਪਰਤਣ ਮਗਰੋਂ ਯੂ.ਪੀ. ਦੇ ਇੱਕ ਹੋਟਲ ਅੰਦਰ ਠਹਿਰ ਦੌਰਾਨ ਵਾਈ-ਫਾਈ ਦੀ ਵਰਤੋਂ ਕਰਨ 'ਤੇ ਪੁਲਿਸ ਚੌਕਸ ਹੋ ਗਈ। ਪੁਲਿਸ ਦੇ ਪੁੱਜਣ ਤੋਂ ਪਹਿਲਾਂ ਹੀ ਉਹ ਫਰਾਰ ਹੋ ਗਿਆ, ਪਰ ਪੁਲਿਸ ਨੇ ਉਸ ਨੂੰ ਗਵਾਲੀਅਰ ਤੋਂ ਗ੍ਰਿਫ਼ਤਾਰ ਕਰ ਲਿਆ।

## ਸੁਪਰੀਮ ਕੋਰਟ 'ਚ ਹਲਫ਼ੀਆ ਬਿਆਨ ਦੇਣ ਵਤਨ ਪਰਤਿਆ ਸੀ ਪਠਾਣਮਾਜਰਾ

**ਪਟਿਆਲਾ, (ਪੰਜਾਬ ਮੇਲ)-** ਗਵਾਲੀਅਰ ਤੋਂ ਗ੍ਰਿਫ਼ਤਾਰ ਕਰ ਕੇ ਪਟਿਆਲਾ ਲਿਆਂਦਾ ਸਨੌਰ ਤੋਂ 'ਆਪ' ਵਿਧਾਇਕ ਹਰਮੀਤ ਪਠਾਣਮਾਜਰਾ ਸੁਪਰੀਮ ਕੋਰਟ 'ਚ ਹਲਫ਼ੀਆ ਬਿਆਨ ਦਰਜ ਕਰਾਉਣ ਲਈ ਵਤਨ ਪਰਤਿਆ ਸੀ। ਦੂਜੀ ਪਤਨੀ ਹੋਣ ਦਾ ਦਾਅਵਾ ਕਰਨ ਵਾਲੀ ਮਹਿਲਾ ਦੀ ਸ਼ਿਕਾਇਤ 'ਤੇ ਥਾਣਾ ਸਿਵਲ ਲਾਈਨ 'ਚ ਦਰਜ ਹੋਏ ਜਬਰ-ਜਨਾਹ ਦੇ ਕੇਸ ਸਬੰਧੀ ਅਦਾਲਤ 'ਚ ਪੇਸ਼ ਨਾ ਹੋਣ ਕਰ ਕੇ ਉਸ ਨੂੰ ਭਗੌੜਾ ਕਰਾਰ ਦੇ ਦਿੱਤਾ ਗਿਆ ਸੀ। ਉਸ ਨੇ ਆਪਣੇ ਵਕੀਲਾਂ ਬੀ.ਐੱਸ. ਭੁੱਲਰ ਅਤੇ ਐੱਸ.ਐੱਸ. ਸੱਗੂ ਰਾਹੀਂ ਸੁਪਰੀਮ ਕੋਰਟ 'ਚ ਪਟੀਸ਼ਨ ਦਾਖ਼ਲ ਕੀਤੀ ਸੀ। ਸਿਖਰਲੀ ਅਦਾਲਤ ਨੇ 23 ਮਾਰਚ ਤੱਕ ਵਿਧਾਇਕ ਨੂੰ ਹਲਫ਼ੀਆ ਬਿਆਨ ਦਾਖ਼ਲ ਕਰਨ ਲਈ ਕਿਹਾ ਸੀ। ਹਲਫ਼ੀਆ ਬਿਆਨ 'ਤੇ ਉਸ ਦੇ ਦਸਤਖ਼ਤ ਜ਼ਰੂਰੀ ਸਨ, ਜਿਸ ਕਾਰਨ ਉਸ ਨੂੰ ਆਸਟਰੇਲੀਆ ਤੋਂ ਵਤਨ ਪਰਤਣਾ ਪਿਆ ਤੇ ਭਿਣਕ ਪੈਣ 'ਤੇ ਪਟਿਆਲਾ ਪੁਲਿਸ ਨੇ ਉਸ ਨੂੰ ਗ੍ਰਿਫ਼ਤਾਰ ਕਰ ਲਿਆ ਸੀ। ਉਧਰ, ਤੈਅ ਸਮੇਂ 'ਚ ਬਿਆਨ ਦਾਖ਼ਲ ਨਾ ਕਰ ਸਕਣ ਕਾਰਨ ਅਦਾਲਤ ਨੇ ਉਸ ਦੀ ਪਟੀਸ਼ਨ ਖ਼ਾਰਜ ਕਰ ਦਿੱਤੀ ਸੀ।



# ਏਅਰ ਇੰਡੀਆ ਵੱਲੋਂ ਖਾੜੀ ਦੇਸ਼ਾਂ ਲਈ 30 ਨਵੀਆਂ ਉਡਾਣਾਂ ਚਲਾਉਣ ਦਾ ਫੈਸਲਾ

**ਨਵੀਂ ਦਿੱਲੀ, (ਪੰਜਾਬ ਮੇਲ)-** ਏਅਰ ਇੰਡੀਆ ਅਤੇ ਏਅਰ ਇੰਡੀਆ ਐਕਸਪ੍ਰੈੱਸ ਨੇ ਪੱਛਮੀ ਏਸ਼ੀਆ ਵਿਚ ਵਧਦੇ ਤਣਾਅ ਅਤੇ ਉਡਾਣਾਂ ਦੇ ਵਿਘਨ ਦੇ ਮੱਦੇਨਜ਼ਰ ਐਤਵਾਰ ਨੂੰ 30 ਵਿਸ਼ੇਸ਼ ਅਤੇ ਨਿਰਧਾਰਤ ਉਡਾਣਾਂ ਚਲਾਉਣ ਦਾ ਫੈਸਲਾ ਕੀਤਾ ਹੈ। ਇਸ ਵਿਚ ਸਭ ਤੋਂ ਵੱਧ ਧਿਆਨ ਸੰਯੁਕਤ ਅਰਬ ਅਮੀਰਾਤ (ਯੂ.ਏ.ਈ.) 'ਤੇ ਦਿੱਤਾ ਗਿਆ ਹੈ, ਜਿੱਥੇ 16 ਗੈਰ-ਨਿਰਧਾਰਤ (ਐਡ ਹਾਕ) ਉਡਾਣਾਂ ਚਲਾਈਆਂ ਜਾਣਗੀਆਂ। ਦੁਬਈ, ਅਬੂ ਧਾਬੀ ਅਤੇ ਸ਼ਾਰਜਾਹ ਵਰਗੇ ਸ਼ਹਿਰਾਂ ਨੂੰ ਦਿੱਲੀ, ਮੁੰਬਈ, ਕੋਜ਼ੀਕੋਡ ਅਤੇ ਅੰਮ੍ਰਿਤਸਰ ਵਰਗੇ ਭਾਰਤੀ ਸ਼ਹਿਰਾਂ ਨਾਲ ਜੋੜਿਆ ਜਾ ਰਿਹਾ ਹੈ। ਹਾਲਾਂਕਿ, ਇਜ਼ਰਾਈਲ, ਕਤਰ ਅਤੇ

**▪ ਯੂ.ਏ.ਈ. ਲਈ ਵਿਸ਼ੇਸ਼ ਉਡਾਣਾਂ ਦਾ ਐਲਾਨ; ਤਣਾਅ ਦਰਮਿਆਨ ਮੁਸਾਫਰਾਂ ਲਈ ਸਹੂਲਤ**



ਕੁਵੈਤ ਵਰਗੇ ਮੁਲਕਾਂ ਲਈ ਸੇਵਾਵਾਂ ਫਿਲਹਾਲ ਮੁਅੱਤਲ ਰਹਿਣਗੀਆਂ, ਪਰ ਯੂਰਪ ਅਤੇ ਉੱਤਰੀ ਅਮਰੀਕਾ ਦੀਆਂ ਉਡਾਣਾਂ ਆਪਣੇ ਤੈਅ ਸਮੇਂ ਅਨੁਸਾਰ ਜਾਰੀ ਹਨ।

ਪ੍ਰਭਾਵਿਤ ਮੁਸਾਫਰਾਂ ਦੀ ਸਹੂਲਤ ਲਈ ਏਅਰਲਾਈਨ ਨੇ ਵੱਡੀ ਰਾਹਤ ਦਾ ਐਲਾਨ ਕੀਤਾ ਹੈ। ਜਿਹੜੇ ਯਾਤਰੀਆਂ ਦੀਆਂ ਉਡਾਣਾਂ ਰੱਦ ਹੋਈਆਂ ਹਨ, ਉਹ ਬਿਨਾਂ ਕਿਸੇ ਵਾਧੂ ਖਰਚੇ ਦੇ ਆਪਣੀ ਟਿਕਟ ਮੁੜ ਬੁੱਕ ਕਰਵਾ ਸਕਦੇ ਹਨ ਜਾਂ ਪੂਰਾ ਰਿਫੰਡ ਲੈ ਸਕਦੇ ਹਨ।

ਇਸ ਤੋਂ ਇਲਾਵਾ, ਏਅਰ ਇੰਡੀਆ ਐਕਸਪ੍ਰੈੱਸ ਨੇ ਯੂ.ਏ.ਈ. ਤੋਂ ਆਉਣ ਵਾਲੇ ਮੁਸਾਫਰਾਂ ਨੂੰ ਭਾਰਤ ਦੇ ਕਿਸੇ ਵੀ ਹੋਰ ਸਟੇਸ਼ਨ ਲਈ ਉਡਾਣ ਬਦਲਣ ਦੀ ਖੁੱਲ੍ਹ ਦਿੱਤੀ ਹੈ। ਕੰਪਨੀ ਨੇ ਯਾਤਰੀਆਂ ਨੂੰ ਅਪੀਲ ਕੀਤੀ ਹੈ ਕਿ ਉਹ ਤਾਜ਼ਾ ਜਾਣਕਾਰੀ ਲਈ ਅਧਿਕਾਰਤ ਵੈੱਬਸਾਈਟ ਜਾਂ ਕਸਟਮਰ ਕੇਅਰ ਦੀ ਮਦਦ ਲੈਣ, ਤਾਂ ਜੋ ਉਨ੍ਹਾਂ ਨੂੰ ਸਫਰ ਦੌਰਾਨ ਕਿਸੇ ਦਿੱਕਤ ਦਾ ਸਾਹਮਣਾ ਨਾ ਕਰਨਾ ਪਵੇ।

## ਮਨੀ ਲਾਂਡਰਿੰਗ ਕੇਸ: ਨਿਰਮਲ ਭੰਗੂ ਦੀ ਧੀ ਦੀ ਅਗਾਊਂ ਜ਼ਮਾਨਤ ਖਾਰਜ

**ਨਵੀਂ ਦਿੱਲੀ, (ਪੰਜਾਬ ਮੇਲ)-** ਦਿੱਲੀ ਹਾਈ ਕੋਰਟ ਨੇ ਸੋਮਵਾਰ ਨੂੰ ਪੀ.ਏ.ਸੀ.ਐੱਲ. ਦੇ ਪ੍ਰਮੋਟਰ ਮਰਹੂਮ ਨਿਰਮਲ ਸਿੰਘ ਭੰਗੂ ਦੀ ਧੀ ਬਰਿੰਦਰ ਕੌਰ ਦੀ ਅਗਾਊਂ ਜ਼ਮਾਨਤ ਅਰਜ਼ੀ ਖਾਰਜ ਕਰ ਦਿੱਤੀ ਹੈ। ਅਦਾਲਤ ਨੇ ਕਿਹਾ ਕਿ ਜਾਂਚ ਦੌਰਾਨ ਬਰਿੰਦਰ ਕੌਰ ਦਾ ਵਤੀਰਾ ਅਜਿਹਾ ਨਹੀਂ ਰਿਹਾ ਕਿ ਉਸ ਨੂੰ ਇਸ ਰਾਹਤ ਦਾ ਹੱਕਦਾਰ ਮੰਨਿਆ ਜਾਵੇ। ਬਰਿੰਦਰ ਕੌਰ 'ਤੇ ਦੋਸ਼ ਲੱਗੇ ਹਨ ਕਿ ਉਹ ਉਨ੍ਹਾਂ ਸੰਸਥਾਵਾਂ ਨਾਲ ਜੁੜੀ ਹੋਈ ਸੀ, ਜਿਨ੍ਹਾਂ ਨੇ ਕਥਿਤ ਤੌਰ 'ਤੇ ਅਪਰਾਧ ਰਾਹੀਂ ਕਮਾਏ ਗਏ ਪੈਸੇ ਪ੍ਰਾਪਤ ਕੀਤੇ ਸਨ। ਇਹ ਮਾਮਲਾ ਲਗਪਗ 48,000 ਕਰੋੜ ਰੁਪਏ ਦੀ ਪੋਂਜ਼ੀ ਸਕੀਮ ਨਾਲ ਸਬੰਧਤ ਹੈ, ਜਿਸ ਵਿਚ ਲੱਖਾਂ ਨਿਵੇਸ਼ਕਾਂ ਨਾਲ ਠੱਗੀ ਮਾਰੀ ਗਈ ਸੀ ਅਤੇ ਹੁਣ ਐਨਫੋਰਸਮੈਂਟ ਡਾਇਰੈਕਟੋਰੇਟ (ਈ.ਡੀ.) ਵੱਲੋਂ ਇਸ ਦੀ ਜਾਂਚ ਕੀਤੀ ਜਾ ਰਹੀ ਹੈ।


## MATRIMONIAL

Jatt Sikh, Chatha, Age 33yrs, height 6'-1", American born boy, Fully family values known, Gursikh Lawyer boy, working in Los Angeles county as Lawyer supervisor, looking for an educated & beautiful girl in California.
for more information Contact at : 818-645-9810
895


# ਹਾਈ ਕੋਰਟ ਵੱਲੋਂ 'ਆਪ' ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਬਰੀ; ਐੱਫ.ਆਈ.ਆਰ. ਰੱਦ

**ਚੰਡੀਗੜ੍ਹ, (ਪੰਜਾਬ ਮੇਲ)-** ਆਪ ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਨੂੰ ਸਾਲ 2013 ਦੇ ਇੱਕ ਮਾਮਲੇ ਵਿਚ ਦੋਸ਼ੀ ਕਰਾਰ ਦਿੱਤੇ ਗਏ ਫੈਸਲੇ ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਰੱਦ ਕਰ ਦਿੱਤਾ ਹੈ ਅਤੇ ਲਾਲਪੁਰਾ ਸਮੇਤ ਹੋਰਾਂ ਨੂੰ ਇਸ ਕੇਸ ਵਿਚੋਂ ਬਰੀ ਕਰ ਦਿੱਤਾ ਗਿਆ ਹੈ। ਆਮ ਆਦਮੀ ਪਾਰਟੀ ਦੇ ਵਿਧਾਇਕ ਮਨਜਿੰਦਰ ਸਿੰਘ ਲਾਲਪੁਰਾ ਉਨ੍ਹਾਂ ਦੋਸ਼ੀਆਂ ਵਿਚ ਸ਼ਾਮਲ ਸਨ, ਜਿਨ੍ਹਾਂ ਨੂੰ ਪੰਜਾਬ ਅਤੇ ਹਰਿਆਣਾ ਹਾਈ ਕੋਰਟ ਨੇ ਧਿਰਾਂ ਵਿਚਕਾਰ ਹੋਏ ਸਮਝੌਤੇ ਦੇ ਆਧਾਰ 'ਤੇ 2025 ਦੇ ਸਜ਼ਾ ਦੇ ਫੈਸਲੇ ਨੂੰ ਪਾਸੇ ਰੱਖਦਿਆਂ ਅਤੇ 2013 ਦੀ ਐੱਫ.ਆਈ.ਆਰ. ਨੂੰ ਰੱਦ ਕਰਦਿਆਂ ਬਰੀ ਕਰ ਦਿੱਤਾ ਹੈ।



ਜਸਟਿਸ ਤ੍ਰਿਭੁਵਨ ਦਹੀਆ ਨੇ ਪਟੀਸ਼ਨ ਨੂੰ ਪ੍ਰਵਾਨ ਕਰਦਿਆਂ 10 ਸਤੰਬਰ 2025 ਦੇ ਦੋਸ਼ੀ ਕਰਾਰ ਦੇਣ ਵਾਲੇ ਫੈਸਲੇ ਅਤੇ 12 ਤੇ 22 ਸਤੰਬਰ 2025 ਦੇ ਸਜ਼ਾ ਦੇ ਹੁਕਮਾਂ ਦੇ ਨਾਲ-ਨਾਲ ਥਾਣਾ ਸਿਟੀ ਤਰਨਤਾਰਨ ਵਿਖੇ 4 ਮਾਰਚ 2013 ਨੂੰ ਆਈ.ਪੀ.ਸੀ. ਦੀਆਂ ਧਾਰਾਵਾਂ 323, 354, 506 ਸਮੇਤ 148, 149 ਅਤੇ ਐੱਸ.ਸੀ./ਐੱਸ.ਟੀ. ਐਕਟ ਦੀਆਂ ਧਾਰਾਵਾਂ ਤਹਿਤ ਦਰਜ ਐੱਫ.ਆਈ.ਆਰ. ਨੰਬਰ 69 ਨੂੰ ਰੱਦ ਕਰ ਦਿੱਤਾ। ਲਾਲਪੁਰਾ ਸਮੇਤ ਪਟੀਸ਼ਨਰਾਂ ਨੂੰ ਹਰ ਪੱਖੋਂ ਸਾਰੇ ਦੋਸ਼ਾਂ ਤੋਂ ਬਰੀ ਕਰ ਦਿੱਤਾ ਗਿਆ ਹੈ। ਇਹ ਮਾਮਲਾ ਹਾਈ ਕੋਰਟ ਵਿਚ ਕਈ ਫੌਜਦਾਰੀ ਅਪੀਲਾਂ ਦਾ ਕਾਰਨ ਬਣਿਆ ਸੀ, ਜਿਸ ਵਿਚ ਲਾਲਪੁਰਾ ਵੱਲੋਂ ਦਾਇਰ ਇੱਕ ਅਪੀਲ ਵੀ ਸ਼ਾਮਲ ਸੀ, ਜੋ ਉਸ ਸਮੇਂ ਵਿਚਾਰ ਅਧੀਨ ਸੀ, ਜਦੋਂ ਧਿਰਾਂ ਨੇ 4 ਫਰਵਰੀ 2026 ਨੂੰ ਸਮਝੌਤਾ ਕਰ ਲਿਆ ਸੀ। ਅਦਾਲਤ ਨੇ ਦਰਜ ਕੀਤਾ ਕਿ ਸਮਝੌਤੇ ਦੀ ਪੁਸ਼ਟੀ ਮੁੱਖ ਜੁਡੀਸ਼ੀਅਲ ਮੈਜਿਸਟ੍ਰੇਟ, ਤਰਨਤਾਰਨ ਵੱਲੋਂ ਕੀਤੀ ਗਈ ਸੀ, ਜਿਨ੍ਹਾਂ ਨੇ ਰਿਪੋਰਟ ਦਿੱਤੀ ਕਿ ਇਹ ਬਿਨਾਂ ਕਿਸੇ ਦਬਾਅ, ਜ਼ਬਰਦਸਤੀ ਦੇ ਸੀ।

# ਹਲਵਾਰਾ ਏਅਰਪੋਰਟ ਤੋਂ ਮਈ ਦੇ ਅੱਧ 'ਚ ਸ਼ੁਰੂ ਹੋਣਗੀਆਂ ਉਡਾਣਾਂ

**ਲੁਧਿਆਣਾ, (ਪੰਜਾਬ ਮੇਲ)-** ਹਲਵਾਰਾ ਏਅਰਪੋਰਟ ਤੋਂ ਹਵਾਈ ਸੇਵਾਵਾਂ ਸ਼ੁਰੂ ਕਰਨ ਦਾ ਲੰਬਾ ਇੰਤਜ਼ਾਰ ਹੁਣ ਖ਼ਤਮ ਹੋਣ ਜਾ ਰਿਹਾ ਹੈ। ਏਅਰ ਇੰਡੀਆ ਨੇ ਮਈ ਦੇ ਅੱਧ ਤੋਂ ਹਲਵਾਰਾ ਤੋਂ ਦੋ ਉਡਾਣਾਂ ਸ਼ੁਰੂ ਕਰਨ ਦਾ ਫੈਸਲਾ ਕੀਤਾ ਹੈ, ਜਿਨ੍ਹਾਂ ਦੀ ਬੁਕਿੰਗ ਅਪ੍ਰੈਲ ਦੇ ਪਹਿਲੇ ਹਫ਼ਤੇ ਤੋਂ ਹੀ ਸ਼ੁਰੂ ਹੋ ਜਾਵੇਗੀ। ਰੇਲਵੇ ਅਤੇ ਫੂਡ ਪ੍ਰੋਸੈਸਿੰਗ ਉਦਯੋਗ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਇਸ ਦਾ ਰਸਮੀ ਐਲਾਨ ਕਰਦਿਆਂ ਕਿਹਾ, "ਇਹ ਪੰਜਾਬ ਲਈ ਮਾਣ ਵਾਲੀ ਗੱਲ ਹੈ। ਹਲਵਾਰਾ ਏਅਰਪੋਰਟ ਤੋਂ ਉਡਾਣਾਂ ਦੀ ਬੁਕਿੰਗ ਅਪ੍ਰੈਲ ਵਿਚ ਸ਼ੁਰੂ ਹੋਵੇਗੀ ਅਤੇ ਪਹਿਲੀ ਉਡਾਣ



10 ਤੋਂ 15 ਮਈ ਦੇ ਵਿਚਕਾਰ ਸ਼ੁਰੂ ਹੋਣ ਦੀ ਉਮੀਦ ਹੈ।"

ਉਨ੍ਹਾਂ ਦੱਸਿਆ ਕਿ ਸ਼ੁਰੂਆਤ ਵਿਚ ਦਿੱਲੀ ਅਤੇ ਹਲਵਾਰਾ ਦਰਮਿਆਨ ਰੋਜ਼ਾਨਾ ਦੋ ਉਡਾਣਾਂ (ਇੱਕ ਸਵੇਰੇ ਅਤੇ ਇੱਕ ਦੁਪਹਿਰ) ਚੱਲਣਗੀਆਂ, ਜਿਸ ਲਈ 180 ਸੀਟਾਂ ਵਾਲੇ ਏ-320 ਇਕਾਨਮੀ ਜਹਾਜ਼ ਦੀ ਵਰਤੋਂ ਕੀਤੀ ਜਾਵੇਗੀ।



# ਸ਼੍ਰੋਮਣੀ ਕਮੇਟੀ ਦਾ 2026-27 ਲਈ 1487 ਕਰੋੜ 41 ਲੱਖ ਰੁਪਏ ਦਾ ਬਜਟ ਜੈਕਾਰਿਆਂ ਦੀ ਗੂੰਜ 'ਚ ਪਾਸ





**ਅੰਮ੍ਰਿਤਸਰ, (ਪੰਜਾਬ ਮੇਲ)-** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦਾ ਵਿੱਤੀ ਵਰ੍ਹੇ 2026-27 ਲਈ 1487 ਕਰੋੜ 41 ਲੱਖ ਦਾ ਬਜਟ ਹਾਜ਼ਰ ਮੈਂਬਰਾਂ ਵੱਲੋਂ ਜੈਕਾਰਿਆਂ ਦੀ ਗੂੰਜ ਵਿਚ ਪਾਸ ਕੀਤਾ ਗਿਆ। ਸ਼੍ਰੋਮਣੀ ਕਮੇਟੀ ਦਫ਼ਤਰ ਸਥਿਤ ਤੇਜਾ ਸਿੰਘ ਸਮੁੰਦਰੀ ਹਾਲ ਅੰਦਰ ਸ੍ਰੀ ਗੁਰੂ ਗ੍ਰੰਥ ਸਾਹਿਬ ਦੀ ਹਜ਼ੂਰੀ ਵਿਚ ਹੋਏ ਬਜਟ ਇਜਲਾਸ ਦੀ ਪ੍ਰਧਾਨਗੀ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕੀਤੀ, ਜਦਕਿ ਜਨਰਲ ਸਕੱਤਰ ਸ. ਸ਼ੇਰ ਸਿੰਘ ਮੰਡਵਾਲਾ ਨੇ ਬਜਟ ਪੇਸ਼ ਕੀਤਾ। ਇਜਲਾਸ ਦੌਰਾਨ ਸੱਚਖੰਡ ਸ੍ਰੀ ਹਰਿਮੰਦਰ ਸਾਹਿਬ ਦੇ ਕਾਰਜਕਾਰੀ ਮੁੱਖ ਗ੍ਰੰਥੀ ਸਿੰਘ ਸਾਹਿਬ ਗਿਆਨੀ ਅਮਰਜੀਤ ਸਿੰਘ, ਸ੍ਰੀ ਅਕਾਲ ਤਖ਼ਤ ਸਾਹਿਬ ਦੇ ਕਾਰਜਕਾਰੀ ਜਥੇਦਾਰ ਤੇ ਤਖ਼ਤ ਸ੍ਰੀ ਕੇਸਗੜ੍ਹ ਸਾਹਿਬ ਦੇ ਜਥੇਦਾਰ ਗਿਆਨੀ ਕੁਲਦੀਪ ਸਿੰਘ ਗੜਗੱਜ, ਤਖ਼ਤ ਸ੍ਰੀ ਦਮਦਮਾ ਸਾਹਿਬ ਦੇ ਜਥੇਦਾਰ ਗਿਆਨੀ ਟੇਕ ਸਿੰਘ ਉਚੇਚੇ ਤੌਰ 'ਤੇ ਮੌਜੂਦ ਰਹੇ।

ਸ਼੍ਰੋਮਣੀ ਕਮੇਟੀ ਦੇ ਇਸ ਸਾਲ ਪਾਸ ਕੀਤੇ ਗਏ 1487 ਕਰੋੜ 41 ਲੱਖ ਰੁਪਏ ਦੇ ਬਜਟ ਵਿਚ ਪਿਛਲੇ ਸਾਲ ਨਾਲੋਂ 7.28 ਫੀਸਦੀ ਦਾ ਵਾਧਾ ਦਰਜ ਕੀਤਾ ਗਿਆ ਹੈ। ਜਨਰਲ ਸਕੱਤਰ ਸ. ਸ਼ੇਰ ਸਿੰਘ ਮੰਡਵਾਲਾ ਨੇ ਬਜਟ ਪੇਸ਼ ਕਰਦਿਆਂ ਵੱਖ-ਵੱਖ ਵਿਭਾਗਾਂ ਅਤੇ ਅਦਾਰਿਆਂ ਲਈ ਹੋਣ ਵਾਲੀ ਆਮਦਨ ਦੇ ਵੇਰਵੇ ਸਾਂਝੇ ਕੀਤੇ ਅਤੇ ਭਵਿੱਖੀ ਕਾਰਜਾਂ ਲਈ ਰੱਖੀ ਗਈ ਰਾਸ਼ੀ ਦਾ ਖੁਲਾਸਾ ਕੀਤਾ। ਉਨ੍ਹਾਂ ਸ਼੍ਰੋਮਣੀ ਕਮੇਟੀ ਵੱਲੋਂ ਬੀਤੇ ਅਰਸੇ ਵਿਚ ਕੀਤੇ ਗਏ ਪੰਥਕ, ਵਿਦਿਅਕ, ਧਰਮ ਪ੍ਰਚਾਰ ਅਤੇ ਲੋਕ ਭਲਾਈ ਦੇ ਕਾਰਜਾਂ ਦਾ ਵੀ ਜ਼ਿਕਰ ਕੀਤਾ।

ਬਜਟ ਇਜਲਾਸ ਤੋਂ ਬਾਅਦ ਪੱਤਰਕਾਰਾਂ ਨਾਲ ਗੱਲਬਾਤ ਕਰਦਿਆਂ ਸ਼੍ਰੋਮਣੀ ਕਮੇਟੀ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਕਿਹਾ ਕਿ ਜਨਰਲ ਸਕੱਤਰ ਸ. ਸ਼ੇਰ ਸਿੰਘ ਮੰਡਵਾਲਾ ਵੱਲੋਂ ਪੇਸ਼ ਕੀਤਾ ਗਿਆ ਬਜਟ ਸੰਗਤਾਂ ਦੀਆਂ ਭਾਵਨਾਵਾਂ ਦੀ ਤਰਜਮਾਨੀ ਵਾਲਾ ਹੈ ਅਤੇ ਇਸ ਵਿਚ ਸੰਗਤਾਂ ਲਈ ਸਹੂਲਤਾਂ ਦਾ ਖ਼ਾਸ ਧਿਆਨ ਰੱਖਿਆ ਗਿਆ ਹੈ। ਇਸ ਤਹਿਤ ਸ੍ਰੀ ਦਰਬਾਰ ਸਾਹਿਬ ਨਾਲ ਸਬੰਧਤ ਨਵੀਆਂ ਸਰਾਵਾਂ ਦੀ ਉਸਾਰੀ ਲਈ 33 ਕਰੋੜ ਰੁਪਏ ਰਾਖਵੇਂ ਰੱਖੇ ਗਏ ਹਨ। ਇਸੇ ਤਰ੍ਹਾਂ ਸਿਹਤ ਅਤੇ ਸਿੱਖਿਆ ਸੇਵਾਵਾਂ ਵਿਚ ਪ੍ਰਭਾਵੀ ਵਾਧਾ ਅਤੇ ਧਰਮ ਪ੍ਰਚਾਰ ਖੇਤਰ ਅੰਦਰ ਬਿਹਤਰ ਨਤੀਜੇ ਹਾਸਲ ਕਰਨ ਦਾ ਯਤਨ ਕੀਤਾ ਜਾਵੇਗਾ।

ਐਡਵੋਕੇਟ ਧਾਮੀ ਨੇ ਵੇਰਵੇ ਸਾਂਝੇ ਕਰਦਿਆਂ ਕਿਹਾ ਕਿ ਇਸ ਸਾਲ ਧਰਮ ਪ੍ਰਚਾਰ ਕਮੇਟੀ ਦਾ ਬਜਟ 120 ਕਰੋੜ ਰੁਪਏ, ਜਦਕਿ ਗੁਰਦੁਆਰਾ ਸਾਹਿਬਾਨ ਦਾ ਬਜਟ 1127 ਕਰੋੜ 34 ਲੱਖ ਰੁਪਏ ਹੈ। ਇਸੇ ਤਰ੍ਹਾਂ ਜਨਰਲ ਬੋਰਡ ਫੰਡ, ਟਰੱਸਟ ਫੰਡ, ਵਿਦਿਆ ਫੰਡ, ਖੇਡਾਂ, ਪ੍ਰਿੰਟਿੰਗ ਪ੍ਰੈੱਸਾਂ ਅਤੇ ਵਿਦਿਅਕ ਅਦਾਰਿਆਂ ਲਈ ਵਿਸ਼ੇਸ਼ ਰਾਸ਼ੀ ਦਾ ਪ੍ਰਬੰਧ ਕੀਤਾ ਗਿਆ ਹੈ। ਉਨ੍ਹਾਂ ਦੱਸਿਆ ਕਿ ਪੰਥਕ ਭਲਾਈ ਕਾਰਜਾਂ ਲਈ 7 ਕਰੋੜ 61 ਲੱਖ ਰੁਪਏ ਰੱਖੇ ਗਏ ਹਨ। ਇਸ ਤਹਿਤ ਨਿਹੰਗ ਸਿੰਘ ਜਥੇਬੰਦੀਆਂ ਦਾ ਬੰਧਾਨ, ਪੰਥਕ ਭਲਾਈ ਕਾਰਜਾਂ ਲਈ ਸਹਾਇਤਾ, ਜੇਲ੍ਹਾਂ ਵਿਚ ਬੰਦ ਸਿੰਘਾਂ ਦੇ ਕੇਸਾਂ ਦੀ ਪੈਰਵਾਈ ਅਤੇ ਵਕੀਲਾਂ ਦੀ ਫੀਸ, ਜੇਲ੍ਹਾਂ ਵਿਚ ਬੰਦ ਸਿੰਘਾਂ ਨੂੰ ਮਾਸਿਕ ਸਨਮਾਨ ਭੱਤਾ, ਸਿੱਖ ਧਰਮ ਲਈ ਕੁਰਬਾਨੀ ਕਰਨ ਵਾਲੇ ਸਿੰਘਾਂ ਦੇ ਪਰਿਵਾਰਾਂ ਨੂੰ ਪੈਨਸ਼ਨਾਂ, ਸ਼ਹੀਦ ਅਤੇ ਜ਼ਖ਼ਮੀ ਸਿੰਘਾਂ ਦੇ ਪਰਿਵਾਰਾਂ ਨੂੰ ਸਹਾਇਤਾ, ਧਰਮੀ ਫ਼ੌਜੀਆਂ, ਸਿਕਲੀਗਰ ਤੇ ਵਣਜਾਰੇ ਸਿੱਖਾਂ ਲਈ ਸਹਾਇਤਾ ਦੇ ਨਾਲ-ਨਾਲ ਪੰਥਕ ਸਮਾਜਸੇਵੀ ਜਥੇਬੰਦੀਆਂ ਅਤੇ ਪਿੰਡਾਂ ਦੇ ਗ੍ਰੰਥੀ ਸਿੰਘਾਂ ਰਾਹੀਂ ਸਿੱਖੀ ਪ੍ਰਚਾਰ ਕਰਵਾਉਣ ਲਈ ਸਹਾਇਤਾ ਸ਼ਾਮਲ ਹੈ।

ਇਸੇ ਤਰ੍ਹਾਂ ਸਿੱਖ ਬੱਚਿਆਂ ਨੂੰ ਮੁਫਤ ਵਿਦਿਆ ਲਈ 12 ਕਰੋੜ 50 ਲੱਖ ਰੁਪਏ ਰਾਖਵੇਂ ਰੱਖੇ ਹਨ। ਇਸ ਵਿਚ ਅੰਮ੍ਰਿਤਧਾਰੀ ਵਿਦਿਆਰਥੀਆਂ ਦੀਆਂ ਫੀਸਾਂ, ਅੰਮ੍ਰਿਤਧਾਰੀ ਲੜਕੀਆਂ ਨੂੰ ਮੁਫ਼ਤ ਵਿੱਦਿਆ, ਗ਼ਰੀਬ ਵਿਦਿਆਰਥੀਆਂ ਲਈ ਸਹਾਇਤਾ, ਨਿਸ਼ਚੈ ਅਕੈਡਮੀ ਰਾਹੀਂ ਪ੍ਰਸ਼ਾਸਕੀ ਤੇ ਜੁਡੀਸ਼ੀਅਲ ਸੇਵਾਵਾਂ ਵਾਸਤੇ ਸਿੱਖ ਨੌਜਵਾਨਾਂ ਦੀ ਤਿਆਰੀ ਦਾ ਪ੍ਰਬੰਧ ਕੀਤਾ ਗਿਆ ਹੈ। ਇਸ ਦੇ ਨਾਲ-ਨਾਲ ਪ੍ਰਸ਼ਾਸਨਿਕ ਪ੍ਰੀਖਿਆ ਦਾ ਮੁੱਢਲਾ ਟੈਸਟ ਪਾਸ ਕਰਨ ਵਾਲੇ ਗੁਰਸਿੱਖ ਵਿਦਿਆਰਥੀਆਂ ਲਈ ਮੇਨ ਦੀ ਤਿਆਰੀ ਵਾਸਤੇ 5 ਕਰੋੜ ਰੁਪਏ ਰਾਖਵੇਂ ਕੀਤੇ ਗਏ ਹਨ। ਇਸੇ ਤਰ੍ਹਾਂ ਸਿੱਖੀ ਪ੍ਰਚਾਰ ਲਈ 13 ਕਰੋੜ 25 ਲੱਖ ਰੁਪਏ ਅਤੇ ਸ਼ਤਾਬਦੀ ਸਮਾਗਮਾਂ ਲਈ 7 ਕਰੋੜ ਰੁਪਏ ਹਨ।

# ਐੱਸ.ਜੀ.ਪੀ.ਸੀ. ਆਗੂਆਂ 'ਤੇ ਐੱਫ.ਆਈ.ਆਰ. ਦਰਜ ਕਰਨ 'ਤੇ ਐਡਵੋਕੇਟ ਧਾਮੀ ਵੱਲੋਂ ਸਖਤ ਨਿੰਦਾ



**ਅੰਮ੍ਰਿਤਸਰ, (ਪੰਜਾਬ ਮੇਲ)-** ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਦੇ ਪ੍ਰਧਾਨ ਐਡਵੋਕੇਟ ਹਰਜਿੰਦਰ ਸਿੰਘ ਧਾਮੀ ਨੇ ਹਰਿਆਣਾ ਪੁਲਿਸ ਵੱਲੋਂ ਸ਼੍ਰੋਮਣੀ ਕਮੇਟੀ ਦੇ ਸੀਨੀਅਰ ਮੀਤ ਪ੍ਰਧਾਨ ਰਘੂਜੀਤ ਸਿੰਘ ਵਿਰਕ, ਅੰਤ੍ਰਿੰਗ ਮੈਂਬਰ ਬਲਦੇਵ ਸਿੰਘ ਕਾਇਮਪੁਰ ਸਮੇਤ ਹੋਰਾਂ 'ਤੇ ਪਰਚਾ ਦਰਜ ਕੀਤੇ ਜਾਣ ਦੀ ਸਖ਼ਤ ਸ਼ਬਦਾਂ ਵਿਚ ਨਿੰਦਾ ਕੀਤੀ ਹੈ। ਐਡਵੋਕੇਟ ਧਾਮੀ ਨੇ ਕਿਹਾ ਕਿ ਪੁਲਿਸ ਸ਼੍ਰੋਮਣੀ ਕਮੇਟੀ ਦੇ ਪ੍ਰਬੰਧ ਹੇਠ ਕਾਰਜਸ਼ੀਲ ਮੀਰੀ ਪੀਰੀ ਮੈਡੀਕਲ ਕਾਲਜ ਸ਼ਾਹਬਾਦ ਮਾਰਕੰਡਾ 'ਤੇ ਜਬਰੀ ਕਬਜ਼ਾ ਕਰਨ ਆਏ ਬਲਜੀਤ ਸਿੰਘ ਦਾਦੂਵਾਲ ਤੇ ਉਸ ਦੇ ਸਾਥੀਆਂ ਨੂੰ ਗ੍ਰਿਫਤਾਰ ਕਰਨ ਦੀ ਥਾਂ ਸੰਸਥਾ ਦੇ ਨੁਮਾਇੰਦਿਆਂ 'ਤੇ ਪਰਚਾ ਦਰਜ ਕਰਕੇ ਦੋਸ਼ੀਆਂ ਦੇ ਹੱਕ ਵਿਚ ਭੁਗਤ ਰਹੀ ਹੈ।


ਉਨ੍ਹਾਂ ਕਿਹਾ ਕਿ ਇੰਜ ਲੱਗਦਾ ਹੈ ਕਿ ਸਰਕਾਰਾਂ ਅਜਿਹੇ ਲੋਕਾਂ ਦੀ ਧੱਕੇਸ਼ਾਹੀ ਰੋਕਣ ਦੀ ਥਾਂ ਮੂਕ ਸਹਿਮਤੀ ਦੇ ਰਹੀਆਂ ਹਨ। ਐਡਵੋਕੇਟ ਧਾਮੀ ਨੇ ਕਿਹਾ ਕਿ ਇਹ ਮੈਡੀਕਲ ਕਾਲਜ ਹਰਿਆਣਾ ਦੇ ਲੋਕਾਂ ਦੀ ਸਹੂਲਤ ਲਈ ਕਾਰਜਸ਼ੀਲ ਹੈ ਅਤੇ ਸ਼੍ਰੋਮਣੀ ਕਮੇਟੀ ਇਸ ਦੀ ਸਹਾਇਤਾ ਲਈ ਹਰ ਸਾਲ ਕਰੋੜਾਂ ਰੁਪਏ ਦਿੰਦੀ ਹੈ। ਉਨ੍ਹਾਂ ਹਰਿਆਣਾ ਸਰਕਾਰ ਨੂੰ ਆਖਿਆ ਕਿ ਸ਼੍ਰੋਮਣੀ ਕਮੇਟੀ ਦੇ ਅਹੁਦੇਦਾਰਾਂ 'ਤੇ ਕੀਤੀ ਐੱਫ.ਆਈ.ਆਰ. ਤੁਰੰਤ ਰੱਦ ਕੀਤੀ ਜਾਵੇ ਅਤੇ ਜਬਰੀ ਕਬਜ਼ਾ ਕਰਨ ਦੀ ਹਰਕਤ ਕਰਨ ਵਾਲਿਆਂ ਖ਼ਿਲਾਫ਼ ਕਾਰਵਾਈ ਯਕੀਨੀ ਬਣਾਈ ਜਾਵੇ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ :**
**www.punjabmailusa.com**




# ਡਾ. ਵਿਜੈ ਗਰਗ ਦੀ ਕਿਤਾਬ "ਅਸਫਲਤਾ ਤੋਂ ਸਫਲਤਾ ਤੱਕ" ਨਿਸ਼ਾਨ ਅਕੈਡਮੀ ਔਲਖ ਵਿਖੇ ਰਿਲੀਜ਼






**ਮਲੋਟ, (ਪੰਜਾਬ ਮੇਲ)-** ਪ੍ਰਸਿੱਧ ਲੇਖਕ ਅਤੇ ਰਿਟਾਇਰਡ ਪ੍ਰਿੰਸੀਪਲ ਡਾ. ਵਿਜੈ ਗਰਗ ਦੁਆਰਾ ਲਿਖੀ ਗਈ "ਫ੍ਰੋਮ ਫੇਲਰ ਟੂ ਸੈਕਸੇਸ" ਸਿਰਲੇਖ ਵਾਲੀ ਇੱਕ ਨਵੀਂ ਕਿਤਾਬ ਪ੍ਰਿੰਸੀਪਲ ਹਰਪ੍ਰੀਤ ਕੌਰ ਅਤੇ ਡਾਇਰੈਕਟਰ ਸ. ਇਕੋਨਕਾਰ ਸਿੰਘ ਦੁਆਰਾ ਲੋਕ ਅਰਪਣ ਕੀਤੀ ਗਈ ਹੈ। ਰਿਲੀਜ਼ ਸਮਾਰੋਹ ਵਿਚ ਸੀਨੀਅਰ ਫੈਕਲਟੀ ਮੈਂਬਰਾਂ ਨੇ ਵੀ ਭਾਗ ਲਿਆ। ਇਸ ਮੌਕੇ 'ਤੇ ਪ੍ਰਿੰਸੀਪਲ ਹਰਪ੍ਰੀਤ ਕੌਰ ਨੇ ਸਿੱਖਿਆ ਦੇ ਖੇਤਰ ਵਿਚ ਡਾ. ਵਿਜੈ ਗਰਗ ਦੇ ਯੋਗਦਾਨ ਦੀ ਸ਼ਲਾਘਾ ਕੀਤੀ ਅਤੇ ਉਨ੍ਹਾਂ ਦੇ ਸਾਹਿਤਕ ਕੰਮ ਦੀ ਕਦਰ ਕੀਤੀ। ਉਨ੍ਹਾਂ ਕਿਹਾ ਕਿ ਇਹ ਕਿਤਾਬ ਵਿਦਿਆਰਥੀਆਂ ਅਤੇ ਸਮੁੱਚੇ ਸਮਾਜ ਲਈ ਇੱਕ ਕੀਮਤੀ ਸਰੋਤ ਵਜੋਂ ਕੰਮ ਕਰੇਗੀ, ਜੋ ਆਉਣ ਵਾਲੀਆਂ ਪੀੜ੍ਹੀਆਂ ਲਈ ਗਿਆਨ ਅਤੇ ਮਾਰਗਦਰਸ਼ਨ ਪ੍ਰਦਾਨ ਕਰੇਗੀ। ਲੇਖਕ ਡਾ. ਵਿਜੇ ਗਰਗ ਨੇ ਕਿਤਾਬ ਲਿਖਣ ਦੇ ਮਕਸਦ ਨੂੰ ਸਾਂਝਾ ਕਰਦੇ ਹੋਏ ਕਿਹਾ ਕਿ ਇਹ ਪਾਇਨੀਅਰਾਂ ਦੀ ਚਮਕ ਨੂੰ ਹਾਸਲ ਕਰਦਾ ਹੈ, ਜਿਵੇਂ ਕਿ ਅਸਫਲਤਾ ਅਕਸਰ ਗਲਤ ਸਮਝੀ ਜਾਂਦੀ ਹੈ। ਇਸ ਤੋਂ ਡਰਿਆ ਜਾਂਦਾ ਹੈ, ਬਚਾਇਆ ਜਾਂਦਾ ਹੈ ਅਤੇ ਕਈ ਵਾਰ ਜੀਵਨ ਦੇ ਅੰਤ ਵਜੋਂ ਦੇਖਿਆ ਜਾਂਦਾ ਹੈ। ਅਸਲ ਵਿਚ, ਅਸਫਲਤਾ ਸਫਲਤਾ ਦੇ ਉਲਟ ਨਹੀਂ ਹੈ — ਇਹ ਇਸਦਾ ਇੱਕ ਜ਼ਰੂਰੀ ਹਿੱਸਾ ਹੈ। ਡਾ. ਗਰਗ ਨੇ ਅੱਗੇ ਕਿਹਾ, ਅੱਜ ਦੀ ਤੇਜ਼ ਰਫ਼ਤਾਰ ਵਾਲੀ ਦੁਨੀਆਂ ਵਿਚ, ਜਿੱਥੇ ਸਫਲਤਾ ਨੂੰ ਅਕਸਰ ਤੇਜ਼ ਨਤੀਜਿਆਂ ਦੁਆਰਾ ਮਾਪਿਆ ਜਾਂਦਾ ਹੈ, ਇਹ ਭੁੱਲਣਾ ਆਸਾਨ ਹੈ ਕਿ ਸੱਚੀ ਵਿਕਾਸ ਲਈ ਸਮਾਂ ਲੱਗਦਾ ਹੈ। ਇਹ ਕਿਤਾਬ ਧੀਰਜ, ਲਗਨ ਅਤੇ ਕਿਸੇ ਦੇ ਸਫ਼ਰ ਦੀ ਡੂੰਘੀ ਸਮਝ ਨੂੰ ਉਤਸ਼ਾਹਿਤ ਕਰਦੀ ਹੈ। ਇਹ ਸਾਨੂੰ ਯਾਦ ਦਿਵਾਉਂਦਾ ਹੈ ਕਿ ਹਰ ਸਫਲਤਾ ਦੀ ਕਹਾਣੀ ਦੇ ਪਿੱਛੇ ਅਸਫਲਤਾਵਾਂ ਦੀ ਇੱਕ ਲੜੀ ਹੁੰਦੀ ਹੈ, ਜਿਨ੍ਹਾਂ ਦਾ ਸਾਹਮਣਾ ਕੀਤਾ ਗਿਆ, ਸਮਝਿਆ ਅਤੇ ਬਦਲਿਆ ਗਿਆ।

# ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਵੱਲੋਂ ਲੋੜਵੰਦ ਵਿਦਿਆਰਥੀਆਂ ਨੂੰ ਦਿੱਤੀ ਵਿੱਤੀ ਸਹਾਇਤਾ



**ਸ੍ਰੀ ਮੁਕਤਸਰ ਸਾਹਿਬ, (ਪੰਜਾਬ ਮੇਲ)-** ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਮਾਨਵਤਾ ਦੀ ਭਲਾਈ ਲਈ ਕੀਤੇ ਜਾ ਰਹੇ ਕਾਰਜਾਂ ਦੀ ਲੜੀ ਤਹਿਤ ਸੰਨੀ ਓਬਰਾਏ ਸਕਾਲਰਸ਼ਿਪ ਸਕੀਮ ਤਹਿਤ ਦੇਸ਼ ਭਰ ਵਿਚ ਲੋੜਵੰਦ ਵਿਦਿਆਰਥੀਆਂ ਦੀ ਵੱਡੀ ਪੱਧਰ 'ਤੇ ਮਦਦ ਕੀਤੀ ਜਾ ਰਹੀ ਹੈ, ਤਾਂ ਜੋ ਇਹ ਵਿਦਿਆਰਥੀ ਆਪਣਾ ਪੜ੍ਹਾਈ ਦਾ ਸੁਪਨਾ ਪੂਰਾ ਕਰ ਸਕਣ।

ਅਰਵਿੰਦਰ ਪਾਲ ਸਿੰਘ ਚਾਹਲ ਬੂੜਾ ਗੁੱਜਰ ਪ੍ਰਧਾਨ ਸਰਬੱਤ ਦਾ ਭਲਾ ਚੈਰੀਟੇਬਲ ਟਰੱਸਟ ਜ਼ਿਲ੍ਹਾ ਸ੍ਰੀ ਮੁਕਤਸਰ ਸਾਹਿਬ ਨੇ ਦੱਸਿਆ ਕਿ ਸਨੀ ਓਬਰਾਏ ਸਕਾਲਰਸ਼ਿਪ ਸਕੀਮ ਤਹਿਤ ਗੁਰੂ ਨਾਨਕ ਕਾਲਜ ਸ੍ਰੀ ਮੁਕਤਸਰ ਸਾਹਿਬ ਵਿਖੇ ਪੜ੍ਹਾਈ ਕਰ ਰਹੇ ਤਿੰਨ ਵਿਦਿਆਰਥੀਆਂ ਨੂੰ ਪੜ੍ਹਾਈ ਜਾਰੀ ਰੱਖਣ ਲਈ 27000 ਦੀ ਸਹਾਇਤਾ ਰਾਸ਼ੀ ਦਿੱਤੀ ਗਈ।

ਜ਼ਿਲ੍ਹਾ ਪ੍ਰਧਾਨ ਨੇ ਦੱਸਿਆ ਕਿ ਅਕਸਰ ਦੇਖਣ ਵਿਚ ਆਇਆ ਕਿ ਕਈ ਵਿਦਿਆਰਥੀ ਪੜ੍ਹਾਈ ਵਿਚ ਹੁਸ਼ਿਆਰ ਹੁੰਦੇ ਹਨ, ਪੜ੍ਹਾਈ ਜਾਰੀ ਵੀ ਰੱਖਣਾ ਚਾਹੁੰਦੇ ਹਨ ਪਰ ਘਰੇਲੂ ਹਾਲਾਤ ਇਸ ਦੀ ਇਜਾਜ਼ਤ ਨਹੀਂ ਦਿੰਦੇ, ਪਰ ਇਨ੍ਹਾਂ ਹਾਲਤਾਂ ਵਿਚ ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਅਜਿਹੇ ਵਿਦਿਆਰਥੀਆਂ ਦੀ ਬਾਂਹ ਫੜੀ ਜਾਂਦੀ ਹੈ। ਪਿਛਲੇ ਸਮੇਂ ਵਿਚ ਡਾਕਟਰ ਐੱਸ.ਪੀ. ਸਿੰਘ ਓਬਰਾਏ ਵਲੋਂ ਇੱਕ ਹੋਰ ਇਤਿਹਾਸਕ ਫੈਸਲਾ ਕੀਤਾ ਗਿਆ ਸੀ ਕਿ ਜਿਹੜੇ ਵਿਦਿਆਰਥੀਆਂ ਦੇ ਮਾਂ-ਬਾਪ ਨਹੀਂ ਹਨ, ਟਰੱਸਟ ਉਨ੍ਹਾਂ ਦੀ ਪੜ੍ਹਾਈ ਜਾਰੀ ਰੱਖਣ ਲਈ ਹਰ ਸੰਭਵ ਮਦਦ ਕਰੇਗਾ।



ਡਾ. ਐੱਸ.ਪੀ. ਸਿੰਘ ਓਬਰਾਏ।

ਸਹਾਇਤਾ ਰਾਸ਼ੀ ਲੈਣ ਉਪਰੰਤ ਲੋੜਵੰਦਾਂ ਵੱਲੋਂ ਡਾ. ਓਬਰਾਏ ਦਾ ਧੰਨਵਾਦ ਕੀਤਾ ਗਿਆ ਅਤੇ ਕਿਹਾ ਕਿ ਡਾ. ਓਬਰਾਏ ਦੇ ਇਸ ਉਪਰਾਲੇ ਨਾਲ ਅਸੀਂ ਆਪਣੀ ਪੜ੍ਹਾਈ ਜਾਰੀ ਰੱਖਣ ਦੇ ਸਮਰੱਥ ਹੋ ਗਏ ਹਾਂ। ਕਾਲਜ ਦੇ ਪ੍ਰਿੰਸੀਪਲ ਅਤੇ ਸਟਾਫ ਵੱਲੋਂ ਵੀ ਡਾਕਟਰ ਓਬਰਾਏ ਦਾ ਧੰਨਵਾਦ ਕੀਤਾ ਗਿਆ। ਇਸ ਮੌਕੇ ਜਸਪਾਲ ਸਿੰਘ ਰਿਟਾ. ਲੈਕਚਰਾਰ ਸੀਨੀਅਰ ਮੀਤ ਪ੍ਰਧਾਨ, ਬਲਵਿੰਦਰ ਸਿੰਘ ਬਰਾੜ ਰਿਟਾ. ਪ੍ਰਿੰਸੀਪਲ, ਮਲਕੀਤ ਸਿੰਘ ਰਿਟਾ. ਬੈਂਕ ਮੈਨੇਜਰ ਮੀਤ ਪ੍ਰਧਾਨ, ਚਰਨਜੀਤ ਸਿੰਘ, ਸੁਖਬੀਰ ਸਿੰਘ ਜੈਲਦਾਰ, ਹਰਭਗਵਾਨ ਸਿੰਘ ਖੱਪਿਆਂਵਾਲ਼ੀ, ਕਾਲਾ ਖੱਪਿਆਂਵਾਲ਼ੀ, ਜਸਬੀਰ ਸਿੰਘ ਰਿਟਾ. ਏ.ਐੱਸ.ਆਈ. ਆਦਿ ਹਾਜ਼ਰ ਸਨ।



# ਹਾਈਕੋਰਟ ਵੱਲੋਂ 'ਡੌਂਕੀ ਰੂਟ' ਰਾਹੀਂ ਮਨੁੱਖੀ ਤਸਕਰੀ ਦੇ ਗੰਭੀਰ ਮਾਮਲਿਆਂ 'ਤੇ ਸਖਤ ਰੁਖ

**ਦੋਸ਼ੀਆਂ ਨੂੰ ਨਿਯਮਿਤ ਜ਼ਮਾਨਤ ਦੇਣ ਤੋਂ ਸਪੱਸ਼ਟ ਤੌਰ 'ਤੇ ਕੀਤਾ ਇਨਕਾਰ**

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ "ਡੌਂਕੀ ਰੂਟ" ਰਾਹੀਂ ਮਨੁੱਖੀ ਤਸਕਰੀ ਦੇ ਗੰਭੀਰ ਮਾਮਲਿਆਂ 'ਤੇ ਸਖ਼ਤ ਰੁਖ਼ ਅਪਣਾਇਆ ਹੈ। ਹਾਈਕੋਰਟ ਨੇ ਦੋਸ਼ੀਆਂ ਨੂੰ ਨਿਯਮਿਤ ਜ਼ਮਾਨਤ ਦੇਣ ਤੋਂ ਸਪੱਸ਼ਟ ਤੌਰ 'ਤੇ ਇਨਕਾਰ ਕਰ ਦਿੱਤਾ ਹੈ। ਅਦਾਲਤ ਨੇ ਸਪੱਸ਼ਟ ਤੌਰ 'ਤੇ ਕਿਹਾ ਕਿ ਅਜਿਹੇ ਅਪਰਾਧ ਧੋਖਾਧੜੀ ਤੱਕ ਸੀਮਤ ਨਹੀਂ ਹਨ, ਸਗੋਂ ਇਹ ਸੰਗਠਿਤ ਕੌਮਾਂਤਰੀ ਨੈੱਟਵਰਕ ਦਾ ਹਿੱਸਾ ਹਨ, ਜਿਸ ਦੇ ਲੰਬੇ ਪ੍ਰਭਾਵ ਹਨ ।



ਜਸਟਿਸ ਗੁਰਵਿੰਦਰ ਸਿੰਘ ਗਿੱਲ ਅਤੇ ਜਸਟਿਸ ਰਮੇਸ਼ ਕੁਮਾਰੀ ਨੇ ਮੁਲਜ਼ਮਾਂ ਦੁਆਰਾ ਦਾਇਰ ਅਪੀਲਾਂ ਨੂੰ ਖਾਰਜ ਕਰਦੇ ਹੋਏ ਕਿਹਾ ਕਿ ਮਾਮਲੇ ਵਿਚ ਪੇਸ਼ ਕੀਤੇ ਗਏ ਸਬੂਤ ਪਹਿਲੀ ਨਜ਼ਰੇ ਇਕ ਵੱਡੇ ਮਨੁੱਖੀ ਤਸਕਰੀ ਰੈਕੇਟ ਵੱਲ ਇਸ਼ਾਰਾ ਕਰਦੇ ਹਨ, ਜਿਸ ਨੂੰ ਇਕ ਘਟਨਾ ਵਜੋਂ ਨਹੀਂ ਵੇਖਿਆ ਜਾ ਸਕਦਾ।

ਇਸ ਮਾਮਲੇ 'ਚ ਗਗਨ ਅਤੇ ਹੋਰ ਮੁਲਜ਼ਮ ਸ਼ਾਮਲ ਹਨ, ਜਿਨ੍ਹਾਂ ਨੇ ਲੋਕਾਂ ਨੂੰ ਵਿਦੇਸ਼ ਭੇਜਣ ਦੀ ਆੜ 'ਚ ਵੱਡੀ ਰਕਮ ਵਸੂਲੀ ਅਤੇ ਫਿਰ ਉਨ੍ਹਾਂ ਨੂੰ ਗੈਰ-ਕਾਨੂੰਨੀ ਰੂਟਾਂ ਰਾਹੀਂ ਅਮਰੀਕਾ ਤਸਕਰੀ ਕਰਨ ਦੀ ਕੋਸ਼ਿਸ਼ ਕੀਤੀ। ਜਾਂਚ ਤੋਂ ਪਤਾ ਲੱਗਾ ਕਿ ਪੀੜਤਾਂ ਨੂੰ ਸਪੇਨ, ਅਲ ਸਲਵਾਡੋਰ, ਗੁਆਟੇਮਾਲਾ ਅਤੇ ਮੈਕਸੀਕੋ ਵਰਗੇ ਦੇਸ਼ਾਂ ਰਾਹੀਂ ਭੇਜਿਆ ਗਿਆ ਸੀ, ਜਿੱਥੇ ਉਨ੍ਹਾਂ ਨੂੰ ਰਸਤੇ 'ਚ ਤਸ਼ੱਦਦ, ਕੁੱਟਮਾਰ ਅਤੇ ਜਬਰੀ ਵਸੂਲੀ ਦਾ ਸਾਹਮਣਾ ਕਰਨਾ ਪਿਆ। ਇਸ ਪੂਰੇ ਨੈੱਟਵਰਕ 'ਚ ਸ਼ਾਮਲ ਏਜੰਟਾਂ ਨੂੰ "ਡੌਂਕਰ" ਕਿਹਾ ਜਾਂਦਾ ਹੈ।

ਜਾਂਚ ਏਜੰਸੀ ਰਾਸ਼ਟਰੀ ਜਾਂਚ ਏਜੰਸੀ (ਐੱਨ.ਆਈ.ਏ.) ਦੁਆਰਾ ਪੇਸ਼ ਕੀਤੇ ਗਏ ਸਬੂਤਾਂ ਵਿੱਚ ਬੈਂਕ ਖ਼ਾਤੇ ਦੇ ਵੇਰਵੇ, ਡਿਜੀਟਲ ਲੈਣ-ਦੇਣ ਅਤੇ ਯਾਤਰਾ ਤਾਲਮੇਲ ਰਿਕਾਰਡ ਸ਼ਾਮਲ ਸਨ। ਅਦਾਲਤ ਨੇ ਪਾਇਆ ਕਿ ਮੁਲਜ਼ਮਾਂ ਦੇ ਖਾਤਿਆਂ ਵਿਚਕਾਰ ਕਾਫ਼ੀ ਰਕਮ ਟ੍ਰਾਂਸਫਰ ਕੀਤੀ ਗਈ ਸੀ, ਜੋ ਗੈਰ-ਕਾਨੂੰਨੀ ਕਾਰਵਾਈ ਦੀ ਪੁਸ਼ਟੀ ਕਰਦੀ ਹੈ। ਅਦਾਲਤ ਨੇ ਵਿਸ਼ੇਸ਼ ਤੌਰ 'ਤੇ ਇਕ ਦੋਸ਼ੀ ਦੇ ਬੈਂਕ ਖਾਤੇ ਦੇ ਰਿਕਾਰਡਾਂ ਦੇ 52 ਪੰਨਿਆਂ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਇਹ ਸਪੱਸ਼ਟ ਤੌਰ 'ਤੇ ਦਰਸਾਉਂਦਾ ਹੈ ਕਿ ਇਮੀਗ੍ਰੇਸ਼ਨ ਕਾਰੋਬਾਰ ਦੀ ਆੜ 'ਚ ਗੈਰ-ਕਾਨੂੰਨੀ ਗਤੀਵਿਧੀਆਂ ਕੀਤੀਆਂ ਜਾ ਰਹੀਆਂ ਹਨ। ਅਦਾਲਤ ਨੇ ਇਹ ਵੀ ਸਵੀਕਾਰ ਕੀਤਾ ਕਿ ਦੂਜੇ ਦੋਸ਼ੀ ਦੀ ਸ਼ਮੂਲੀਅਤ ਨੂੰ ਨਕਾਰਿਆ ਨਹੀਂ ਜਾ ਸਕਦਾ।

ਆਪਣੇ ਹੁਕਮ ਵਿਚ ਅਦਾਲਤ ਨੇ ਕਿਹਾ ਕਿ ਮਨੁੱਖੀ ਤਸਕਰੀ ਵਰਗੇ ਅਪਰਾਧ ਨਾ ਸਿਰਫ਼ ਕਾਨੂੰਨ ਦੀ ਉਲੰਘਣਾ ਹਨ, ਸਗੋਂ ਲੋਕਾਂ ਦੀ ਜਾਨ ਅਤੇ ਸਨਮਾਨ ਲਈ ਵੀ ਗੰਭੀਰ ਖ਼ਤਰਾ ਹਨ। ਅਜਿਹੇ ਮਾਮਲਿਆਂ 'ਚ ਜ਼ਮਾਨਤ ਦੇਣਾ ਨਿਆਂ ਦੇ ਹਿੱਤਾਂ ਦੇ ਵਿਰੁੱਧ ਹੋਵੇਗਾ, ਖ਼ਾਸ ਕਰਕੇ ਜਦੋਂ ਅਪਰਾਧ ਕੌਮਾਂਤਰੀ ਪੱਧਰ 'ਤੇ ਹੋਵੇ ਅਤੇ ਇਸ ਵਿਚ ਵੱਡੀ ਗਿਣਤੀ ਵਿਚ ਪੀੜਤ ਸ਼ਾਮਲ ਹੋਣ। ਹਾਈਕੋਰਟ ਨੇ ਹੇਠਲੀ ਅਦਾਲਤ ਨੂੰ ਮੁਕੱਦਮੇ ਦੀ ਸੁਣਵਾਈ ਤੇਜ਼ ਕਰਨ ਅਤੇ ਗਵਾਹਾਂ ਦੇ ਬਿਆਨ ਸਮੇਂ ਸਿਰ ਦਰਜ ਕਰਨ ਦੇ ਨਿਰਦੇਸ਼ ਵੀ ਦਿੱਤੇ, ਤਾਂ ਜੋ ਨਿਆਂਇਕ ਪ੍ਰਕਿਰਿਆ ਵਿਚ ਬੇਲੋੜੀ ਦੇਰੀ ਤੋਂ ਬਚਿਆ ਜਾ ਸਕੇ।

## ਇੰਡੋਨੇਸ਼ੀਆ ਵੱਲੋਂ ਬੱਚਿਆਂ ਦੇ ਸੋਸ਼ਲ ਮੀਡੀਆ 'ਤੇ ਪਾਬੰਦੀ ਦਾ ਅਮਲ ਸ਼ੁਰੂ

**ਜਕਾਰਤਾ, (ਪੰਜਾਬ ਮੇਲ)-** ਇੰਡੋਨੇਸ਼ੀਆ ਨੇ ਉਸ ਨਵੇਂ ਸਰਕਾਰੀ ਨਿਯਮ ਨੂੰ ਲਾਗੂ ਕਰਨਾ ਸ਼ੁਰੂ ਕਰ ਦਿੱਤਾ ਹੈ, ਜਿਸ ਨੂੰ ਇਸ ਮਹੀਨੇ ਦੇ ਸ਼ੁਰੂ ਵਿਚ ਮਨਜ਼ੂਰੀ ਦਿੱਤੀ ਗਈ ਸੀ। ਇਹ ਨਿਯਮ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਨੂੰ ਅਜਿਹੇ ਡਿਜ਼ੀਟਲ ਪਲੈਟਫਾਰਮਾਂ ਤੱਕ ਪਹੁੰਚਣ ਤੋਂ ਰੋਕਦਾ ਹੈ, ਜੋ ਉਨ੍ਹਾਂ ਨੂੰ ਅਸ਼ਲੀਲਤਾ, ਸਾਈਬਰ ਅਪਰਾਧ, ਔਨਲਾਈਨ ਠੱਗੀ ਅਤੇ ਮੋਬਾਈਲ ਫੋਨ ਦੇ ਝੱਸ ਦੀ ਲਪੇਟ ਵਿਚ ਲਿਆ ਸਕਦੇ ਹਨ। ਇਸ ਕਦਮ ਨਾਲ ਇੰਡੋਨੇਸ਼ੀਆ ਦੱਖਣੀ-ਪੂਰਬੀ ਏਸ਼ੀਆ ਦਾ ਅਜਿਹਾ ਪਹਿਲਾ ਮੁਲਕ ਬਣ ਗਿਆ ਹੈ, ਜਿਸ ਨੇ ਬੱਚਿਆਂ ਦੇ ਯੂਟਿਊਬ, ਟਿਕਟੌਕ, ਫੇਸਬੁੱਕ, ਇੰਸਟਾਗ੍ਰਾਮ, ਥਰੈੱਡ, ਐਕਸ, ਬਿਗੋ ਲਾਈਵ ਅਤੇ ਰੋਬਲੌਕਸ 'ਤੇ ਅਕਾਊਂਟ ਬਣਾਉਣ ਉੱਤੇ ਪਾਬੰਦੀ ਲਗਾਈ ਹੈ। ਇੰਡੋਨੇਸ਼ੀਆਈ ਸਰਕਾਰ ਦਾ ਇਹ ਫ਼ੈਸਲਾ ਆਸਟ੍ਰੇਲੀਆ ਵੱਲੋਂ ਪਿਛਲੇ ਸਾਲ ਚੁੱਕੇ ਅਜਿਹੇ ਹੀ ਕਦਮਾਂ ਤੋਂ ਬਾਅਦ ਆਇਆ ਹੈ।

# ਆਸਟ੍ਰੇਲੀਆ 'ਚ ਸੋਸ਼ਲ ਮੀਡੀਆ ਕੰਪਨੀਆਂ ਨੂੰ 5 ਕਰੋੜ ਜੁਰਮਾਨੇ ਦੇ ਚਿਤਾਵਨੀ ਨੋਟਿਸ

**16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੇ ਸੋਸ਼ਲ ਮੀਡੀਆ ਅਕਾਊਂਟ ਬਣਾਉਣ ਦਾ ਮਾਮਲਾ**

**ਸਿਡਨੀ, (ਪੰਜਾਬ ਮੇਲ)-** ਆਸਟ੍ਰੇਲੀਆ ਦੇ ਈ-ਸੇਫਟੀ ਕਮਿਸ਼ਨਰ ਨੇ ਸੋਸ਼ਲ ਮੀਡੀਆ ਪਲੈਟਫਾਰਮਾਂ ਖ਼ਿਲਾਫ਼ ਕਾਰਵਾਈ ਕਰਦਿਆਂ ਉਨ੍ਹਾਂ ਨੂੰ 5 ਕਰੋੜ ਡਾਲਰ ਤੱਕ ਦੇ ਜੁਰਮਾਨੇ ਦੇ ਚਿਤਾਵਨੀ ਨੋਟਿਸ ਦਿੱਤੇ ਹਨ। ਆਸਟ੍ਰੇਲੀਆ ਨੇ ਦਸੰਬਰ 2025 ਵਿਚ ਕਾਨੂੰਨ ਲਾਗੂ ਕੀਤਾ ਸੀ, ਜਿਸ ਤਹਿਤ 16 ਸਾਲ ਤੋਂ ਘੱਟ ਉਮਰ ਦੇ ਬੱਚਿਆਂ ਦੇ ਸੋਸ਼ਲ ਮੀਡੀਆ ਅਕਾਊਂਟ ਬਣਾਉਣ ਤੋਂ ਰੋਕਿਆ ਗਿਆ ਹੈ। ਇਸ ਕਾਨੂੰਨ ਮੁਤਾਬਕ ਸੋਸ਼ਲ ਮੀਡੀਆ ਅਕਾਊਂਟ ਨਾ ਬਣਾਉਣ ਦੀ ਜ਼ਿੰਮੇਵਾਰੀ ਮਾਪਿਆਂ ਜਾਂ ਬੱਚਿਆਂ ਦੀ ਨਹੀਂ, ਸਗੋਂ ਸੋਸ਼ਲ ਮੀਡੀਆ ਪਲੈਟਫਾਰਮਾਂ ਦੀ ਹੈ ਕਿ ਉਹ ਉਮਰ ਦੀ ਪੱਕੀ ਜਾਂਚ ਕਰ ਕੇ ਬੱਚਿਆਂ ਨੂੰ ਪਲੈਟਫਾਰਮ ਤੋਂ ਦੂਰ ਰੱਖਣ, ਜੇ ਉਹ ਅਸਫਲ ਰਹਿੰਦੇ ਹਨ, ਤਾਂ ਉਨ੍ਹਾਂ ਨੂੰ ਜੁਰਮਾਨਾ ਭਰਨਾ ਪਵੇਗਾ।




ਰਿਪੋਰਟਾਂ ਮੁਤਾਬਕ ਬੱਚੇ ਆਸਾਨੀ ਨਾਲ ਗ਼ਲਤ ਜਨਮ ਮਿਤੀ ਦਰਜ ਕਰ ਕੇ ਜਾਂ ਕਮਜ਼ੋਰ ਵੈਰੀਫਿਕੇਸ਼ਨ ਸਿਸਟਮਾਂ ਰਾਹੀਂ ਪਾਬੰਦੀ ਤੋਂ ਬਚ ਰਹੇ ਹਨ, ਜਿਸ ਨਾਲ ਉਹ ਖ਼ਤਰਨਾਕ ਸਮੱਗਰੀ ਤੱਕ ਪਹੁੰਚ ਕਰ ਰਹੇ ਹਨ।

**ਰੋਜ਼ਾਨਾਂ ਤਾਜ਼ੀਆਂ ਖਬਰਾਂ ਪੜ੍ਹਨ ਲਈ ਪੰਜਾਬ ਮੇਲ ਦੀ ਵੈੱਬਸਾਇਟ 'ਤੇ ਕਲਿੱਕ ਕਰੋ : www.punjabmailusa.com**



# ਕੈਨੇਡਾ ਵੱਲੋਂ ਅਸਾਇਲਮ ਨਿਯਮਾਂ ਨੂੰ ਸਖਤ ਬਣਾਉਣ ਲਈ ਨਵਾਂ ਕਾਨੂੰਨ ਪਾਸ

**ਚੰਡੀਗੜ੍ਹ, (ਪੰਜਾਬ ਮੇਲ)-** ਕੈਨੇਡਾ ਸਰਕਾਰ ਨੇ ਅਸਾਇਲਮ (ਸ਼ਰਨ) ਦੇ ਨਿਯਮਾਂ ਨੂੰ ਹੋਰ ਸਖ਼ਤ ਬਣਾਉਣ ਲਈ ਇੱਕ ਨਵਾਂ ਕਾਨੂੰਨ ਪਾਸ ਕੀਤਾ ਹੈ। 'ਬਿੱਲ ਸੀ-12' ਜਾਂ 'ਸਟਰੈਂਥਨਿੰਗ ਕੈਨੇਡਾ'ਜ਼ ਇਮੀਗ੍ਰੇਸ਼ਨ ਸਿਸਟਮ ਐਂਡ ਬਾਰਡਰਜ਼ ਐਕਟ' ਨਾਮਕ ਇਸ ਕਾਨੂੰਨ ਨੂੰ 26 ਮਾਰਚ 2026 ਨੂੰ ਸ਼ਾਹੀ ਸਹਿਮਤੀ ਮਿਲੀ ਅਤੇ ਇਹ ਹੁਣ ਲਾਗੂ ਹੋ ਗਿਆ ਹੈ।

ਇਮੀਗ੍ਰੇਸ਼ਨ, ਰਿਫਿਊਜੀਜ਼ ਅਤੇ ਸਿਟੀਜ਼ਨਸ਼ਿਪ ਕੈਨੇਡਾ ਦੇ ਅਨੁਸਾਰ ਇਸ ਕਾਨੂੰਨ ਦੇ ਚਾਰ ਮੁੱਖ ਹਿੱਸੇ ਹਨ। ਇਹ ਨਵੇਂ ਨਿਯਮ ਜੋੜਦਾ ਹੈ ਕਿ ਕੌਣ ਅਸਾਇਲਮ ਦਾ ਦਾਅਵਾ ਕਰ ਸਕਦਾ ਹੈ, ਪ੍ਰਕਿਰਿਆ ਨੂੰ ਤੇਜ਼ ਅਤੇ ਸਰਲ ਬਣਾਉਂਦਾ ਹੈ, ਸਰਕਾਰੀ ਵਿਭਾਗਾਂ ਵਿਚਕਾਰ ਜਾਣਕਾਰੀ ਸਾਂਝੀ ਕਰਨ ਦੀ ਇਜਾਜ਼ਤ ਦਿੰਦਾ ਹੈ ਅਤੇ ਸਰਕਾਰ ਨੂੰ ਇਮੀਗ੍ਰੇਸ਼ਨ ਦਸਤਾਵੇਜ਼ਾਂ ਤੇ ਅਰਜ਼ੀਆਂ 'ਤੇ ਵਧੇਰੇ ਸ਼ਕਤੀ ਪ੍ਰਦਾਨ ਕਰਦਾ ਹੈ।

ਇਸ ਸਾਲ ਕੈਨੇਡਾ ਵਿਚ ਅਸਾਇਲਮ ਮੰਗਣ ਵਾਲਿਆਂ ਵਿਚ ਭਾਰਤੀ ਨਾਗਰਿਕ ਸਭ ਤੋਂ ਅੱਗੇ ਹਨ। 2025 ਦੇ ਪਹਿਲੇ 6 ਮਹੀਨਿਆਂ ਵਿਚ ਭਾਰਤ ਦੇ ਲੋਕਾਂ ਨੇ ਲਗਪਗ 9,770 ਰਿਫਿਊਜੀ ਦਾਅਵੇ ਦਾਇਰ ਕੀਤੇ, ਜੋ ਕਿਸੇ ਵੀ ਹੋਰ ਦੇਸ਼ ਨਾਲੋਂ ਵੱਧ ਹਨ। ਪੰਜਾਬ ਸਮੇਤ ਕਈ ਸੂਬਿਆਂ ਤੋਂ ਅਜਿਹੇ ਦਾਅਵੇ ਕੀਤੇ ਜਾਂਦੇ ਹਨ, ਜੋ ਅਕਸਰ ਸਿਆਸੀ ਜਾਂ ਸੁਰੱਖਿਆ ਚਿੰਤਾਵਾਂ ਨਾਲ ਜੁੜੇ ਹੁੰਦੇ ਹਨ। ਇਮੀਗ੍ਰੇਸ਼ਨ



ਐਂਡ ਰਿਫਿਊਜੀ ਬੋਰਡ ਆਫ ਕੈਨੇਡਾ ਦੇ ਅਧਿਕਾਰਤ ਰਿਕਾਰਡਾਂ ਅਨੁਸਾਰ ਦਸੰਬਰ 2012 ਤੋਂ ਹੁਣ ਤੱਕ ਭਾਰਤੀ ਨਾਗਰਿਕਾਂ ਦੁਆਰਾ ਕੈਨੇਡਾ ਵਿਚ 45,000 ਤੋਂ ਵੱਧ ਅਸਾਇਲਮ ਦਾਅਵੇ ਕੀਤੇ ਗਏ ਹਨ। ਸਭ ਤੋਂ ਵੱਡੇ ਬਦਲਾਅ 3 ਜੂਨ 2025 ਜਾਂ ਉਸ ਤੋਂ ਬਾਅਦ ਕੀਤੇ ਗਏ ਅਸਾਇਲਮ ਦਾਅਵਿਆਂ ਨੂੰ ਪ੍ਰਭਾਵਿਤ ਕਰਦੇ ਹਨ। ਜੇ ਕੋਈ ਵਿਅਕਤੀ 24 ਜੂਨ 2020 ਨੂੰ ਜਾਂ ਉਸ ਤੋਂ ਬਾਅਦ ਕੈਨੇਡਾ ਵਿਚ ਆਪਣੀ ਪਹਿਲੀ ਐਂਟਰੀ ਦੇ ਇੱਕ ਸਾਲ ਤੋਂ ਵੱਧ ਸਮੇਂ ਬਾਅਦ ਦਾਅਵਾ ਕਰਦਾ ਹੈ, ਤਾਂ ਆਮ ਤੌਰ 'ਤੇ ਉਸ ਦਾ ਦਾਅਵਾ ਪੂਰੀ ਸੁਣਵਾਈ ਲਈ ਇਮੀਗ੍ਰੇਸ਼ਨ ਐਂਡ ਰਿਫਿਊਜੀ ਬੋਰਡ ਨੂੰ ਨਹੀਂ ਭੇਜਿਆ ਜਾਵੇਗਾ।

ਇਹ ਨਿਯਮ ਉਦੋਂ ਵੀ ਲਾਗੂ ਹੁੰਦਾ ਹੈ, ਜੇ ਵਿਅਕਤੀ ਬਾਅਦ ਵਿਚ ਕੈਨੇਡਾ ਛੱਡ ਕੇ ਵਾਪਸ ਆਇਆ ਹੋਵੇ। ਇੱਕ ਸਾਲ ਦਾ ਸਮਾਂ 24 ਜੂਨ 2020 ਤੋਂ ਬਾਅਦ ਉਸ ਦੀ ਪਹਿਲੀ ਐਂਟਰੀ ਤੋਂ ਸ਼ੁਰੂ ਹੁੰਦਾ ਹੈ ਅਤੇ ਮੁੜ-ਐਂਟਰੀਆਂ ਨਾਲ ਦੁਬਾਰਾ ਸ਼ੁਰੂ ਨਹੀਂ ਹੁੰਦਾ। ਇਸ ਤੋਂ ਇਲਾਵਾ ਜੇ ਕੋਈ ਵਿਅਕਤੀ ਅਮਰੀਕਾ ਤੋਂ ਅਧਿਕਾਰਤ ਬਾਰਡਰ ਪੁਆਇੰਟਾਂ ਦੇ ਵਿਚਕਾਰ (ਗੈਰ-ਕਾਨੂੰਨੀ ਢੰਗ ਨਾਲ) ਕੈਨੇਡਾ ਵਿਚ ਦਾਖਲ ਹੁੰਦਾ ਹੈ ਅਤੇ ਦਾਖਲ ਹੋਣ ਦੇ 14 ਦਿਨਾਂ ਬਾਅਦ ਅਸਾਇਲਮ ਦਾ ਦਾਅਵਾ ਕਰਦਾ ਹੈ, ਤਾਂ ਉਸ ਦਾ ਦਾਅਵਾ ਆਮ ਤੌਰ 'ਤੇ ਪੂਰੀ ਆਈ.ਆਰ.ਬੀ. ਸੁਣਵਾਈ ਲਈ ਨਹੀਂ ਜਾਵੇਗਾ।

ਇਸ ਦਾ ਉਦੇਸ਼ ਸਿਸਟਮ ਦੀ ਦੁਰਵਰਤੋਂ ਨੂੰ ਰੋਕਣਾ ਅਤੇ ਦਾਅਵਿਆਂ ਵਿਚ ਅਚਾਨਕ ਹੋਏ ਵਾਧੇ ਨੂੰ ਸੰਭਾਲਣਾ ਹੈ। ਕੈਨੇਡਾ ਅਜੇ ਵੀ ਉਨ੍ਹਾਂ ਲੋਕਾਂ ਦੀ ਰੱਖਿਆ ਕਰੇਗਾ, ਜਿਨ੍ਹਾਂ ਨੂੰ ਨੁਕਸਾਨ ਜਾਂ ਅੱਤਿਆਚਾਰ ਦਾ ਅਸਲ ਖ਼ਤਰਾ ਹੈ। ਸਰਕਾਰ ਦਾ ਕਹਿਣਾ ਹੈ ਕਿ ਇਹ ਕਾਨੂੰਨ ਸਰਹੱਦਾਂ ਨੂੰ ਸੁਰੱਖਿਅਤ ਕਰਨ, ਫੈਂਟਾਨਿਲ ਸਮਗਲਿੰਗ ਵਰਗੇ ਸੰਗਠਿਤ ਅਪਰਾਧਾਂ ਨਾਲ ਲੜਨ ਅਤੇ ਇਮੀਗ੍ਰੇਸ਼ਨ ਪ੍ਰਣਾਲੀ ਨੂੰ ਨਿਰਪੱਖ ਅਤੇ ਕੁਸ਼ਲ ਰੱਖਣ ਵਿਚ ਮਦਦ ਕਰੇਗਾ। ਪਬਲਿਕ ਸੇਫਟੀ ਕੈਨੇਡਾ ਨੇ ਕਿਹਾ ਕਿ ਇਹ ਪੁਲਿਸ ਨੂੰ ਸਰਹੱਦ 'ਤੇ ਗੈਰ-ਕਾਨੂੰਨੀ ਗਤੀਵਿਧੀਆਂ ਵਿਰੁੱਧ ਬਿਹਤਰ ਸਾਧਨ ਪ੍ਰਦਾਨ ਕਰਦਾ ਹੈ।

ਇਹ ਕਾਨੂੰਨ ਸੰਘੀ, ਸੂਬਾਈ ਅਤੇ ਖੇਤਰੀ ਸਰਕਾਰਾਂ ਨੂੰ ਜਾਂਚ ਅਤੇ ਤਾਲਮੇਲ ਸੁਧਾਰਨ ਲਈ ਵਧੇਰੇ ਨਿੱਜੀ ਜਾਣਕਾਰੀ ਸਾਂਝੀ ਕਰਨ ਦੀ ਇਜਾਜ਼ਤ ਵੀ ਦਿੰਦਾ ਹੈ। ਜਨਤਕ ਹਿੱਤ ਦੇ ਮਾਮਲਿਆਂ ਵਿਚ ਮੰਤਰੀ ਵੀਜ਼ਾ, ਵਰਕ ਪਰਮਿਟ, ਸਟੱਡੀ ਪਰਮਿਟ ਅਤੇ ਹੋਰ ਦਸਤਾਵੇਜ਼ ਰੱਦ, ਮੁਅੱਤਲ ਜਾਂ ਬਦਲ ਸਕਦਾ ਹੈ। ਸਰਕਾਰ ਕੁਝ ਸ਼੍ਰੇਣੀਆਂ ਵਿਚ ਨਵੀਆਂ ਅਰਜ਼ੀਆਂ ਸਵੀਕਾਰ ਕਰਨ ਜਾਂ ਪ੍ਰੋਸੈਸ ਕਰਨ ਨੂੰ ਵੀ ਰੋਕ ਸਕਦੀ ਹੈ।

## ਪੰਜਾਬ ਦੇ ਸਾਬਕਾ ਕੈਬਨਿਟ ਮੰਤਰੀ ਲਾਲ ਸਿੰਘ ਦਾ ਦੇਹਾਂਤ

**ਚੰਡੀਗੜ੍ਹ, (ਪੰਜਾਬ ਮੇਲ)-** ਪੰਜਾਬ ਕਾਂਗਰਸ ਦੇ ਸੀਨੀਅਰ ਆਗੂ ਅਤੇ



ਸਾਬਕਾ ਕੈਬਨਿਟ ਮੰਤਰੀ ਲਾਲ ਸਿੰਘ ਅਕਾਲ ਚਲਾਣਾ ਕਰ ਗਏ। ਉਨ੍ਹਾਂ ਨੇ ਚੰਡੀਗੜ੍ਹ ਦੇ ਮੈਕਸ ਹਸਪਤਾਲ ਵਿਚ ਆਖਰੀ ਸਾਹ ਲਏ। ਦੱਸਿਆ ਜਾ ਰਿਹਾ ਹੈ ਕਿ ਉਹ ਪਿਛਲੇ ਕਾਫੀ ਸਮੇਂ ਤੋਂ ਬਿਮਾਰ ਚੱਲ ਰਹੇ ਸਨ ਅਤੇ ਹਸਪਤਾਲ ਵਿਚ ਉਨ੍ਹਾਂ ਦਾ ਇਲਾਜ ਜਾਰੀ ਸੀ। ਲਾਲ ਸਿੰਘ ਦੇ ਦੇਹਾਂਤ ਨਾਲ ਪੰਜਾਬ ਦੀ ਸਿਆਸਤ ਵਿਚ ਇੱਕ ਵੱਡਾ ਖਲਾਅ ਪੈਦਾ ਹੋ ਗਿਆ ਹੈ। ਲਾਲ ਸਿੰਘ ਨੇ ਆਪਣਾ ਸਿਆਸੀ ਸਫਰ 1980 ਦੇ ਦਹਾਕੇ ਵਿਚ ਭਾਰਤੀ ਰਾਸ਼ਟਰੀ ਕਾਂਗਰਸ ਨਾਲ ਸ਼ੁਰੂ ਕੀਤਾ ਸੀ। ਸੰਗਠਨ ਦੇ ਪੱਧਰ 'ਤੇ ਸਰਗਰਮ ਰਹਿੰਦਿਆਂ ਉਨ੍ਹਾਂ ਨੇ ਪਟਿਆਲਾ ਖੇਤਰ 'ਚ ਆਪਣੀ ਮਜ਼ਬੂਤ ਪਕੜ ਬਣਾਈ ਅਤੇ ਹੌਲੀ-ਹੌਲੀ ਇੱਕ ਪ੍ਰਭਾਵਸ਼ਾਲੀ ਆਗੂ ਵਜੋਂ ਉਭਰੇ। ਉਨ੍ਹਾਂ ਨੂੰ ਪਹਿਲੀ ਵੱਡੀ ਸਫਲਤਾ 1992 ਵਿਚ ਮਿਲੀ, ਜਦੋਂ ਉਹ ਪਟਿਆਲਾ ਦਿਹਾਤੀ ਵਿਧਾਨ ਸਭਾ ਹਲਕੇ ਤੋਂ ਵਿਧਾਇਕ ਚੁਣੇ ਗਏ। ਇਸ ਤੋਂ ਬਾਅਦ ਉਨ੍ਹਾਂ ਨੇ 2002, 2007 ਅਤੇ 2012 ਵਿਚ ਵੀ ਜਿੱਤ ਦਰਜ ਕੀਤੀ। ਕਾਂਗਰਸ ਸਰਕਾਰ ਦੌਰਾਨ ਉਨ੍ਹਾਂ ਨੇ ਕੈਬਨਿਟ ਮੰਤਰੀ ਵਜੋਂ ਕੰਮ ਕਰਦਿਆਂ ਖ਼ੁਰਾਕ ਅਤੇ ਸਪਲਾਈ ਸਮੇਤ ਕਈ ਅਹਿਮ ਵਿਭਾਗਾਂ ਦੀ ਜ਼ਿੰਮੇਵਾਰੀ ਨਿਭਾਈ।

ਪੰਜਾਬ ਪ੍ਰਦੇਸ਼ ਕਾਂਗਰਸ ਕਮੇਟੀ ਦੇ ਪ੍ਰਧਾਨ ਅਮਰਿੰਦਰ ਸਿੰਘ ਰਾਜਾ ਵੜਿੰਗ ਨੇ ਸੋਸ਼ਲ ਮੀਡੀਆ ਰਾਹੀਂ ਲਾਲ ਸਿੰਘ ਦੇ ਦੇਹਾਂਤ 'ਤੇ ਡੂੰਘੇ ਦੁੱਖ ਦਾ ਪ੍ਰਗਟਾਵਾ ਕੀਤਾ ਹੈ।

# ਬੇਅਦਬੀ ਸੋਧ ਬਿੱਲ: ਸ਼੍ਰੋਮਣੀ ਕਮੇਟੀ ਸਬ ਕਮੇਟੀ ਵੱਲੋਂ ਸਰਕਾਰ 'ਤੇ ਕਿੰਤੂ

**ਅੰਮ੍ਰਿਤਸਰ, (ਪੰਜਾਬ ਮੇਲ)-** ਪੰਜਾਬ ਸਰਕਾਰ ਵੱਲੋਂ ਪ੍ਰਸਾਵਿਤ 'ਪੰਜਾਬ ਧਾਰਮਿਕ ਗ੍ਰੰਥਾਂ ਵਿਰੁੱਧ ਅਪਰਾਧਾਂ ਦੀ ਰੋਕਥਾਮ ਬਿੱਲ 2025' ਦੇ ਸਬੰਧ ਵਿਚ ਸ਼੍ਰੋਮਣੀ ਕਮੇਟੀ ਵੱਲੋਂ ਬਣਾਈ ਪੰਦਰਾਂ ਮੈਂਬਰੀ ਸਬ-ਕਮੇਟੀ ਦੀ ਮੀਟਿੰਗ ਵਿਚ ਪੰਜਾਬ ਸਰਕਾਰ ਕੋਲੋਂ ਮੰਗੀ ਗਈ ਜਾਣਕਾਰੀ ਮੁਹੱਈਆ ਨਾ ਕਰਵਾਉਣ 'ਤੇ ਇਤਰਾਜ਼ ਜਤਾਇਆ ਗਿਆ ਹੈ।

ਸ਼੍ਰੋਮਣੀ ਕਮੇਟੀ ਦੇ ਚੰਡੀਗੜ੍ਹ ਸਥਿਤ ਸਬ ਆਫਿਸ ਵਿਚ ਹੋਈ ਮੀਟਿੰਗ ਵਿਚ ਰਿਟਾਇਰਡ ਜਸਟਿਸ ਮੋਹਿੰਦਰ ਮੋਹਨ ਸਿੰਘ ਬੇਦੀ, ਸੀਨੀਅਰ ਐਡਵੋਕੇਟ ਪੂਰਨ ਸਿੰਘ ਹੁੰਦਲ, ਸਾਬਕਾ ਜ਼ਿਲ੍ਹਾ ਅਟਾਰਨੀ ਐਡਵੋਕੇਟ ਬਲਤੇਜ ਸਿੰਘ ਢਿੱਲੋਂ, ਸਾਬਕਾ ਚੇਅਰਮੈਨ ਪੰਜਾਬ ਸਕੂਲ ਸਿੱਖਿਆ ਬੋਰਡ ਕੇਹਰ ਸਿੰਘ, ਮੈਂਬਰ ਸਿੱਖ ਇਤਿਹਾਸ ਰਿਸਰਚ ਬੋਰਡ ਡਾ. ਪਰਮਵੀਰ ਸਿੰਘ ਤੇ ਬੀਬੀ ਪ੍ਰਭਜੋਤ ਕੌਰ, ਸ਼੍ਰੋਮਣੀ ਕਮੇਟੀ ਮੈਂਬਰ ਐਡਵੋਕੇਟ ਭਗਵੰਤ ਸਿੰਘ ਸਿਆਲਕਾ, ਐਡਵੋਕੇਟ ਅਮਰਦੀਪ ਸਿੰਘ ਧਾਰਨੀ, ਐਡਵੋਕੇਟ ਬਰਜਿੰਦਰ ਸਿੰਘ ਸੋਢੀ, ਸ਼੍ਰੋਮਣੀ ਕਮੇਟੀ ਦੇ ਕਾਨੂੰਨੀ ਸਲਾਹਕਾਰ ਅਮਨਬੀਰ ਸਿੰਘ ਸਿਆਲੀ ਤੇ ਮੀਤ ਸਕੱਤਰ ਲਖਵੀਰ ਸਿੰਘ (ਕੋਆਰਡੀਨੇਟਰ) ਸ਼ਾਮਲ ਹੋਏ।

ਸਬ-ਕਮੇਟੀ ਦੇ ਚੇਅਰਮੈਨ ਸੇਵਾਮੁਕਤ ਜਸਟਿਸ ਬੇਦੀ ਨੇ ਦੱਸਿਆ ਕਿ ਮੀਟਿੰਗ ਵਿਚ ਮੈਂਬਰਾਂ ਵੱਲੋਂ ਇਹ ਮਹਿਸੂਸ ਕੀਤਾ ਗਿਆ ਹੈ ਕਿ ਗੁਰੂ ਗ੍ਰੰਥ ਸਾਹਿਬ ਦੀ ਬੇਅਦਬੀ

**ਪੰਜਾਬ ਸਰਕਾਰ 'ਤੇ ਬਿੱਲ ਬਾਰੇ ਜਾਣਕਾਰੀ ਮੁਹੱਈਆ ਨਾ ਕਰਾਉਣ ਦਾ ਦੋਸ਼**

ਰੋਕਣ ਸਬੰਧੀ ਸਖ਼ਤ ਕਾਨੂੰਨ ਬਣਾਉਣ ਬਾਰੇ ਮੁੱਖ ਮੰਤਰੀ ਦਾ ਬਿਆਨ ਭੰਬਲਭੂਸਾ ਪੈਦਾ ਕਰਨ ਵਾਲਾ ਹੈ।

ਮੁੱਖ ਮੰਤਰੀ ਨੇ ਜੋ 22 ਮਾਰਚ ਨੂੰ ਬਿਆਨ ਦਿੱਤਾ ਹੈ ਉਹ "ਦ ਜਾਗਤ ਜੋਤ ਸ੍ਰੀ ਗੁਰੂ ਗ੍ਰੰਥ ਸਾਹਿਬ ਸਤਿਕਾਰ ਐਕਟ 2008" ਦੇ ਕਾਨੂੰਨ ਨਾਲ ਸਬੰਧਤ ਹੈ ਪਰ ਮੁੱਖ ਮੰਤਰੀ ਵੱਲੋਂ ਆਪਣੇ ਬਿਆਨ ਵਿਚ ਜਿਸ ਸਬ-ਕਮੇਟੀ ਦਾ ਹਵਾਲਾ ਦਿੱਤਾ ਗਿਆ ਹੈ ਕਿ ਉਹ 2025 ਦੇ ਪ੍ਰਸਤਾਵਿਤ "ਪੰਜਾਬ ਪਵਿੱਤਰ ਧਾਰਮਿਕ ਗ੍ਰੰਥਾਂ ਦੇ ਵਿਰੁੱਧ ਅਪਰਾਧਾਂ ਦੀ ਰੋਕਥਾਮ ਬਿੱਲ 2025" ਬਾਰੇ ਹੈ, ਜੋ ਸਾਰੇ ਧਰਮਾਂ ਦੇ ਧਾਰਮਿਕ ਗ੍ਰੰਥਾਂ ਦੀ ਬੇਅਦਬੀ ਨਾਲ ਸਬੰਧਤ ਹੈ। ਇਸ ਸਬੰਧੀ ਸ਼੍ਰੋਮਣੀ ਕਮੇਟੀ ਨਾਲ ਨਾ ਤਾਂ ਹੁਣ ਤੀਕ ਪੰਜਾਬ ਸਰਕਾਰ ਵੱਲੋਂ ਰਾਬਤਾ ਕੀਤਾ ਗਿਆ ਅਤੇ ਨਾ ਹੀ ਸੋਧ ਬਿੱਲ ਦਾ ਖਰੜਾ ਭੇਜਿਆ ਗਿਆ ਹੈ। ਉਨ੍ਹਾਂ ਕਿਹਾ ਕਿ ਸਰਕਾਰ ਦੀ ਮਨਸ਼ਾ ਇਸ ਗੱਲ ਤੋਂ ਵੀ ਸਪੱਸ਼ਟ ਹੋ ਰਹੀ ਹੈ ਕਿ ਬੇਅਦਬੀਆਂ ਸਬੰਧੀ ਬਣਾਏ ਜਾਣ ਵਾਲੇ ਕਾਨੂੰਨ ਬਾਰੇ ਸ਼੍ਰੋਮਣੀ ਕਮੇਟੀ ਵੱਲੋਂ ਲਗਾਤਾਰ ਪੱਤਰਾਂ ਰਾਹੀਂ ਕਈ ਵਾਰ ਮੰਗੀਆਂ ਜਾ ਰਹੀਆਂ ਜਾਣਕਾਰੀਆਂ ਵੀ ਉਨ੍ਹਾਂ ਵੱਲੋਂ ਸਾਂਝੀਆਂ ਨਹੀਂ ਕੀਤੀਆਂ ਜਾ ਰਹੀਆਂ।

# ਡੀ.ਜੀ.ਸੀ.ਏ. ਵੱਲੋਂ ਹਵਾਈ ਸਫ਼ਰ ਲਈ ਨਿਯਮਾਂ 'ਚ ਸਖਤੀ!

**ਨਵੀਂ ਦਿੱਲੀ, (ਪੰਜਾਬ ਮੇਲ)-** ਡਾਇਰੈਕਟੋਰੇਟ ਜਨਰਲ ਆਫ ਸਿਵਲ ਐਵੀਏਸ਼ਨ (ਡੀ.ਜੀ.ਸੀ.ਏ.) ਨੇ ਲੋਕ ਸਭਾ ਸਪੀਕਰ ਅਤੇ ਭਾਰਤ ਦੇ ਮੁੱਖ ਜੱਜ ਤੋਂ ਲੈ ਕੇ ਮੁੱਖ ਮੰਤਰੀਆਂ ਅਤੇ ਐੱਸ.ਪੀ.ਜੀ. ਸੁਰੱਖਿਆ ਪ੍ਰਾਪਤ ਨੇਤਾਵਾਂ ਲਈ ਹਵਾਈ ਸਫ਼ਰ ਦੇ ਸੁਰੱਖਿਆ ਨਿਯਮਾਂ ਨੂੰ ਹੋਰ ਵੀ ਸਖ਼ਤ ਕਰ ਦਿੱਤਾ ਹੈ। ਇਹ ਸਖ਼ਤ ਨਿਯਮ 28 ਜਨਵਰੀ ਨੂੰ ਹੋਏ ਬਾਰਾਮਤੀ ਹੈਲੀਕਾਪਟਰ ਹਾਦਸੇ ਤੋਂ ਬਾਅਦ ਬਣਾਏ ਗਏ ਹਨ। ਉਸ ਹਾਦਸੇ ਵਿਚ ਮਹਾਰਾਸ਼ਟਰ ਦੇ ਉਪ ਮੁੱਖ ਮੰਤਰੀ ਅਜੀਤ ਪਵਾਰ ਦੀ ਮੌਤ ਹੋ ਗਈ ਸੀ। ਸ਼ੁੱਕਰਵਾਰ ਨੂੰ ਜਾਰੀ ਕੀਤੇ ਗਏ ਆਦੇਸ਼ਾਂ ਵਿਚ ਉਨ੍ਹਾਂ ਵੀ.ਵੀ.ਆਈ.ਪੀਜ਼ ਦਾ ਘੇਰਾ ਵਧਾ ਦਿੱਤਾ ਹੈ, ਜਿਨ੍ਹਾਂ ਦੇ ਹਵਾਈ ਸਫ਼ਰ ਲਈ ਸਖ਼ਤ ਸੁਰੱਖਿਆ ਨਿਯਮ ਲਾਗੂ ਹੋਣਗੇ। ਇਸ ਨਵੀਂ ਸੂਚੀ ਵਿਚ ਹੁਣ ਲੋਕ ਸਭਾ ਸਪੀਕਰ, ਚੀਫ਼ ਜਸਟਿਸ, ਰਾਜਪਾਲ, ਮੁੱਖ ਮੰਤਰੀ ਅਤੇ ਜ਼ੈੱਡ+ ਸੁਰੱਖਿਆ ਵਾਲੇ ਵੱਡੇ ਲੀਡਰ ਵੀ ਸ਼ਾਮਲ ਕੀਤੇ ਗਏ ਹਨ।

ਇਹ ਕਦਮ ਡੀ.ਜੀ.ਸੀ.ਏ. ਵੱਲੋਂ ਪ੍ਰਗਟਾਈਆਂ ਗਈਆਂ ਚਿੰਤਾਵਾਂ ਵਿਚਕਾਰ ਚੁੱਕਿਆ ਗਿਆ ਹੈ, ਜਿਸ ਵਿਚ ਪਿਛਲੀਆਂ ਘਟਨਾਵਾਂ, ਖਾਸ ਕਰਕੇ ਚੋਣਾਂ ਦੌਰਾਨ ਉਡਾਣਾਂ ਅਤੇ ਅਸਥਾਈ ਹੈਲੀਪੈਡਾਂ 'ਤੇ ਸੰਚਾਲਨ ਦੌਰਾਨ ਅਕਸਰ ਹਦਾਇਤਾਂ ਦੀ ਉਲੰਘਣਾ ਸਾਹਮਣੇ ਆਈ ਹੈ ਅਤੇ ਸੁਰੱਖਿਆ ਖਤਰੇ ਵਿਚ ਪਈ ਹੈ। ਡੀ.ਜੀ.ਸੀ.ਏ. ਨੇ ਕਿਹਾ, 'ਸਾਰੇ ਸਬੰਧਤ ਲੋਕਾਂ ਲਈ ਇਹ ਲਾਜ਼ਮੀ ਹੈ ਕਿ ਉਹ ਸੁਰੱਖਿਆ ਦੇ ਨਿਯਮਾਂ ਦਾ ਪੂਰਾ ਧਿਆਨ ਰੱਖਣ।'

**ਖਰਾਬ ਮੌਸਮ ਦੌਰਾਨ ਪਾਇਲਟ ਨੂੰ ਜ਼ਬਰਦਸਤੀ ਜਹਾਜ਼ ਉਡਾਉਣ ਲਈ ਨਹੀਂ ਕੀਤਾ ਜਾਵੇਗਾ ਮਜਬੂਰ: ਡੀ.ਜੀ.ਸੀ.ਏ.**

ਡੀ.ਜੀ.ਸੀ.ਏ. ਨੇ ਸਾਫ਼ ਕਰ ਦਿੱਤਾ ਹੈ ਕਿ ਲੀਡਰ ਜਾਂ ਸਿਆਸੀ ਪਾਰਟੀਆਂ ਆਪਣੇ ਫਾਇਦੇ ਲਈ ਪਾਇਲਟਾਂ 'ਤੇ ਕਿਸੇ ਤਰ੍ਹਾਂ ਦਾ ਦਬਾਅ ਨਹੀਂ ਪਾ ਸਕਦੀਆਂ। ਜੇਕਰ ਮੌਸਮ ਖਰਾਬ ਹੈ ਜਾਂ ਕੋਈ ਖ਼ਤਰਾ ਹੈ, ਤਾਂ ਪਾਇਲਟ ਨੂੰ ਜ਼ਬਰਦਸਤੀ ਜਹਾਜ਼ ਉਡਾਉਣ ਲਈ ਮਜਬੂਰ ਨਹੀਂ ਕੀਤਾ ਜਾਵੇਗਾ। ਜੇਕਰ ਉਡਾਣ ਦੇ ਸਮੇਂ ਜਾਂ ਰੂਟ ਵਿਚ ਕੋਈ ਬਦਲਾਅ ਕਰਨਾ ਹੈ, ਤਾਂ ਉਹ ਕੰਪਨੀ ਦੇ ਦਫ਼ਤਰ ਰਾਹੀਂ ਹੋਣਾ ਚਾਹੀਦਾ ਹੈ, ਨਾ ਕਿ ਸਿੱਧਾ ਪਾਇਲਟ ਨੂੰ ਹੁਕਮ ਦੇ ਕੇ। ਡੀ.ਜੀ.ਸੀ.ਏ. ਨੇ ਘੱਟੋ-ਘੱਟ ਦੋ ਕਰੂ ਮੈਂਬਰਾਂ ਅਤੇ ਦੋ ਇੰਜਣਾਂ ਵਾਲੇ ਜਹਾਜ਼ਾਂ ਦੀ ਵਰਤੋਂ ਨੂੰ ਲਾਜ਼ਮੀ ਕੀਤਾ ਹੈ। ਡੀ.ਜੀ.ਸੀ.ਏ. ਨੇ ਹੁਣ ਇਹ ਲਾਜ਼ਮੀ ਕਰ ਦਿੱਤਾ ਹੈ ਕਿ ਜਹਾਜ਼ ਉਡਾਉਣ ਵਾਲੀ ਕੰਪਨੀ ਜਾਂ ਸੂਬੇ ਦੇ ਹਵਾਬਾਜ਼ੀ ਵਿਭਾਗ ਉਡਾਣ ਭਰਨ ਤੋਂ ਪਹਿਲਾਂ ਵੀ.ਵੀ.ਆਈ.ਪੀ. ਯਾਤਰੀਆਂ ਨੂੰ ਸਾਫ਼-ਸਾਫ਼ ਦੱਸਣ ਕਿ ਜਹਾਜ਼ ਕਿੰਨਾ ਭਾਰ ਚੁੱਕ ਸਕਦਾ ਹੈ ਅਤੇ ਮੌਸਮ ਜਾਂ ਹੋਰ ਕਿਹੜੀਆਂ ਰੁਕਾਵਟਾਂ ਆ ਸਕਦੀਆਂ ਹਨ। ਰੈਗੂਲੇਟਰ ਨੇ ਸਪੱਸ਼ਟ ਕੀਤਾ ਹੈ ਕਿ ਜਹਾਜ਼ ਉਡਾਉਣਾ ਅਤੇ ਉਸ ਦੀ ਜਾਂਚ ਕਰਨਾ ਪਾਇਲਟਾਂ ਅਤੇ ਇੰਜੀਨੀਅਰਾਂ ਦੀ ਪੇਸ਼ੇਵਰ ਜ਼ਿੰਮੇਵਾਰੀ ਹੈ।

# ਕੈਨੇਡਾ ਦੀ ਹਾਊਸ ਆਫ ਕਾਮਨਜ਼ 'ਚ 'ਕੰਬੈਟਿੰਗ ਹੇਟ ਐਕਟ' ਬਿੱਲ ਪਾਸ

**ਓਟਾਵਾ, (ਪੰਜਾਬ ਮੇਲ)-** ਕੈਨੇਡਾ ਦੀ ਹਾਊਸ ਆਫ ਕਾਮਨਜ਼ ਨੇ ਇਕ ਨਵਾਂ ਵਿਵਾਦਗ੍ਰਸਤ ਬਿੱਲ ਪਾਸ ਕੀਤਾ ਹੈ, ਜਿਸ ਨੂੰ 'ਕੰਬੈਟਿੰਗ ਹੇਟ ਐਕਟ' (ਬਿੱਲ ਸੀ-9) ਦਾ ਨਾਂ ਦਿੱਤਾ ਗਿਆ ਹੈ। ਇਸ ਬਿੱਲ ਦੇ ਪਾਸ ਹੋਣ ਨਾਲ ਕੈਨੇਡਾ ਵਿਚ ਧਾਰਮਿਕ ਪ੍ਰਗਟਾਵੇ ਦੀ ਆਜ਼ਾਦੀ, ਖਾਸ ਕਰਕੇ ਈਸਾਈ ਭਾਈਚਾਰੇ ਵੱਲੋਂ ਬਾਈਬਲ ਦੇ ਹਵਾਲੇ ਦੇਣ ਦੀ ਆਜ਼ਾਦੀ 'ਤੇ ਸੰਕਟ ਦੇ ਬੱਦਲ ਛਾ ਗਏ ਹਨ।

ਇਸ ਬਿੱਲ ਨੂੰ ਸੱਤਾਧਾਰੀ ਲਿਬਰਲ ਪਾਰਟੀ ਅਤੇ ਬਲਾਕ ਕਿਊਬੇਕੋਇਸ ਦੇ ਸਮਰਥਨ ਨਾਲ 186-137 ਵੋਟਾਂ ਨਾਲ ਪਾਸ ਕੀਤਾ ਗਿਆ। ਦੂਜੇ ਪਾਸੇ, ਕੰਜ਼ਰਵੇਟਿਵ, ਨਿਊ ਡੈਮੋਕ੍ਰੇਟਿਕ ਪਾਰਟੀ (ਐੱਨ.ਡੀ.ਪੀ.) ਅਤੇ ਗ੍ਰੀਨ ਪਾਰਟੀ ਦੇ ਸੰਸਦ ਮੈਂਬਰਾਂ ਨੇ ਇਸ ਦੇ ਵਿਰੁੱਧ ਇਕਜੁੱਟਤਾ

**ਧਾਰਮਿਕ ਤੇ ਪ੍ਰਗਟਾਵੇ ਦੀ ਆਜ਼ਾਦੀ 'ਤੇ ਛਾਏ ਸੰਕਟ ਦੇ ਬੱਦਲ**

ਦਿਖਾਈ, ਪਰ ਉਹ ਇਸ ਨੂੰ ਪਾਸ ਹੋਣ ਤੋਂ ਨਹੀਂ ਰੋਕ ਸਕੇ। ਹੁਣ ਇਹ ਬਿੱਲ ਸਮੀਖਿਆ ਲਈ ਸੈਨੇਟ ਕੋਲ ਭੇਜਿਆ ਜਾਵੇਗਾ।

ਇਹ ਨਵਾਂ ਕਾਨੂੰਨ ਕੈਨੇਡਾ ਦੇ ਅਪਰਾਧਿਕ ਕੋਡ 'ਚ ਸੋਧ ਕਰਦਾ ਹੈ। ਸਰਕਾਰ ਦਾ ਦਾਅਵਾ ਹੈ ਕਿ ਇਸ ਦਾ ਉਦੇਸ਼ ਧਾਰਮਿਕ ਤੇ ਸੱਭਿਆਚਾਰਕ ਸਥਾਨਾਂ ਦੀ ਬਿਹਤਰ ਸੁਰੱਖਿਆ ਕਰਨਾ ਤੇ ਨਫ਼ਰਤ ਭਰੇ ਅਪਰਾਧਾਂ ਨੂੰ ਨੱਥ ਪਾਉਣਾ ਹੈ। ਹਾਲਾਂਕਿ, ਇਸ ਬਿੱਲ ਦੀ ਸਭ ਤੋਂ ਵੱਧ ਆਲੋਚਨਾ ਇਸ ਲਈ ਹੋ ਰਹੀ ਹੈ ਕਿਉਂਕਿ ਇਹ ਧਾਰਮਿਕ ਗ੍ਰੰਥਾਂ ਜਾਂ ਵਿਸ਼ਿਆਂ ਦੇ ਆਧਾਰ 'ਤੇ ਦਿੱਤੇ ਗਏ ਵਿਚਾਰਾਂ ਨੂੰ 'ਹੇਟ ਸਪੀਚ' (ਨਫ਼ਰਤ ਭਰੇ ਭਾਸ਼ਣ) ਦੇ ਦੋਸ਼ਾਂ ਤੋਂ ਮਿਲਦੀ ਕਾਨੂੰਨੀ ਸੁਰੱਖਿਆ ਨੂੰ ਖਤਮ ਕਰਦਾ ਹੈ।

ਰਿਪੋਰਟਾਂ ਅਨੁਸਾਰ, ਇਸ ਬਿੱਲ ਦੇ ਲਾਗੂ ਹੋਣ ਤੋਂ ਬਾਅਦ ਸਮਲਿੰਗਤਾ ਅਤੇ ਲਿੰਗ ਵਰਗੇ ਮੁੱਦਿਆਂ 'ਤੇ ਧਾਰਮਿਕ ਪਾਠਾਂ ਜਾਂ ਬਾਈਬਲ ਦੇ ਹਵਾਲੇ ਦੇਣ ਨੂੰ ਅਪਰਾਧ ਮੰਨਿਆ ਜਾ ਸਕਦਾ ਹੈ। ਕੰਜ਼ਰਵੇਟਿਵ ਪਾਰਟੀ ਨੇ ਬਿੱਲ ਦੀ ਸ਼ਬਦਾਵਲੀ ਵਿੱਚ ਸੋਧ ਕਰਨ ਦੀ ਕੋਸ਼ਿਸ਼ ਕੀਤੀ ਸੀ, ਪਰ ਲਿਬਰਲ ਸੰਸਦ ਮੈਂਬਰਾਂ ਨੇ ਕਮੇਟੀ ਪੱਧਰ 'ਤੇ ਬਹਿਸ ਨੂੰ ਰੋਕ ਕੇ ਇਸ ਨੂੰ ਅੱਗੇ ਵਧਾ ਦਿੱਤਾ।

ਇਸ ਕਦਮ ਨਾਲ ਕੈਨੇਡਾ ਵਿਚ ਪ੍ਰਗਟਾਵੇ ਦੀ ਆਜ਼ਾਦੀ ਅਤੇ ਧਾਰਮਿਕ ਵਿਸ਼ਵਾਸਾਂ ਨੂੰ ਲੈ ਕੇ ਇਕ ਨਵੀਂ ਕਾਨੂੰਨੀ ਅਤੇ ਸਿਆਸੀ ਬਹਿਸ ਛਿੜ ਗਈ ਹੈ।

# ਲੰਡਨ ਹਾਈ ਕੋਰਟ ਵੱਲੋਂ ਨੀਰਵ ਮੋਦੀ ਦੀ ਹਵਾਲਗੀ ਵਿਰੁੱਧ ਕੇਸ ਮੁੜ ਖੋਲ੍ਹਣ ਦੀ ਪਟੀਸ਼ਨ ਖਾਰਜ

**ਲੰਡਨ/ਨਵੀਂ ਦਿੱਲੀ, (ਪੰਜਾਬ ਮੇਲ)-** ਲੰਡਨ ਹਾਈ ਕੋਰਟ ਨੇ ਭਗੌੜੇ ਕਾਰੋਬਾਰੀ ਨੀਰਵ ਮੋਦੀ ਦੀ ਹਵਾਲਗੀ ਵਿਰੁੱਧ ਆਪਣੇ ਕੇਸ ਨੂੰ ਮੁੜ ਖੋਲ੍ਹਣ ਦੀ ਪਟੀਸ਼ਨ ਨੂੰ ਖਾਰਜ ਕਰਦੇ ਹੋਏ ਭਾਰਤ ਸਰਕਾਰ ਦੁਆਰਾ ਆਪਣੇ 'ਨੋਟ ਵਰਬਲ' ਵਿਚ ਦਿੱਤੀ 'ਵਚਨਬੱਧਤਾ ਦਾ ਮਿਆਰ' 'ਤੇ ਭਰੋਸਾ ਕੀਤਾ ਹੈ।



ਨੀਰਵ ਮੋਦੀ, ਜੋ ਕਿ ਪੰਜਾਬ ਨੈਸ਼ਨਲ ਬੈਂਕ ਦੇ 13,000 ਕਰੋੜ ਰੁਪਏ ਦੇ ਧੋਖਾਧੜੀ ਦੇ ਮਾਮਲੇ ਵਿਚ ਭਾਰਤ ਵਿਚ ਲੋੜੀਂਦਾ ਹੈ, ਨੇ ਭਗੌੜੇ ਆਰਥਿਕ ਅਪਰਾਧੀ ਸੰਜੇ ਭੰਡਾਰੀ ਦੇ ਕੇਸ ਵਿਚ ਆਏ ਫੈਸਲੇ ਦੇ ਅਧਾਰ 'ਤੇ ਆਪਣੇ ਕੇਸ ਨੂੰ ਮੁੜ ਖੋਲ੍ਹਣ ਲਈ ਲੰਡਨ ਦੀ ਅਦਾਲਤ ਤੱਕ ਪਹੁੰਚ ਕੀਤੀ ਸੀ, ਜਿੱਥੇ ਭਾਰਤੀ ਏਜੰਸੀਆਂ ਵੱਲੋਂ ਤਸੀਹੇ ਦਿੱਤੇ ਜਾਣ ਦੀ ਸੰਭਾਵਨਾ ਕਾਰਨ ਹਵਾਲਗੀ ਰੋਕ ਦਿੱਤੀ ਗਈ ਸੀ। ਲੰਡਨ ਹਾਈ ਕੋਰਟ ਨੇ ਮਨੁੱਖੀ ਅਧਿਕਾਰਾਂ ਦੇ ਅਧਾਰ 'ਤੇ ਭੰਡਾਰੀ ਨੂੰ ਹਵਾਲਗੀ ਦੇ ਹੁਕਮਾਂ ਤੋਂ ਮੁਕਤ ਕਰ ਦਿੱਤਾ ਸੀ।

ਨੀਰਵ ਮੋਦੀ ਦੇ ਕੇਸ ਨੂੰ ਮੁੜ ਖੋਲ੍ਹਣ ਦੀ ਇਜਾਜ਼ਤ ਨੂੰ ਨਕਾਰਦੇ ਹੋਏ ਹਾਈ ਕੋਰਟ ਆਫ਼ ਜਸਟਿਸ, ਕਿੰਗਜ਼ ਬੈਂਚ ਡਿਵੀਜ਼ਨ ਵਿਚ ਲਾਰਡ ਜਸਟਿਸ ਸਟੂਅਰਟ ਸਮਿਥ ਅਤੇ ਜਸਟਿਸ ਜੇਅ ਦੇ ਬੈਂਚ ਨੇ ਕਿਹਾ ਕਿ ਉਨ੍ਹਾਂ ਨੇ ਭਾਰਤ ਸਰਕਾਰ ਵੱਲੋਂ ਆਪਣੇ 'ਨੋਟ ਵਰਬਲ' ਵਿਚ ਦਿੱਤੀ ਵਚਨਬੱਧਤਾ ਦੇ ਮਿਆਰ 'ਤੇ ਭਰੋਸਾ ਕੀਤਾ ਹੈ।

ਬਰਤਾਨੀਆ ਦੀ ਅਦਾਲਤ ਨੇ ਆਪਣੇ ਫੈਸਲੇ ਵਿਚ ਕਿਹਾ, "ਜਦੋਂ ਨੀਰਵ ਮੋਦੀ ਦਾ ਕੇਸ 2022 ਦੀਆਂ ਪਤਝੜ ਦੀਆਂ ਰੁੱਤਾਂ ਵਿਚ ਸਾਡੇ ਸਾਹਮਣੇ ਆਇਆ ਸੀ, ਤਾਂ ਭੰਡਾਰੀ ਕੇਸ ਦੇ ਫੈਸਲੇ ਨੂੰ ਅਧਾਰ ਬਣਾਉਣ ਵਾਲੀ ਸਮੱਗਰੀ ਜਾਂ ਤਾਂ ਉਪਲਬਧ ਨਹੀਂ ਸੀ ਜਾਂ ਸਾਡੇ ਧਿਆਨ ਵਿਚ ਨਹੀਂ ਲਿਆਂਦੀ ਗਈ ਸੀ। ਭੰਡਾਰੀ ਕੇਸ ਵਿਚ ਇਸ ਅਦਾਲਤ ਦਾ ਫੈਸਲਾ ਇਕਬਾਲੀਆ ਬਿਆਨ ਪ੍ਰਾਪਤ ਕਰਨ ਲਈ ਵਰਜਿਤ ਤਰੀਕਿਆਂ ਦੀ ਵਰਤੋਂ ਦੀ ਇੱਕ ਚਿੰਤਾਜਨਕ ਤਸਵੀਰ ਪੇਸ਼ ਕਰਦਾ ਹੈ, ਜਿਸ ਨੂੰ ਆਮ ਅਤੇ ਸਥਾਨਕ ਵਰਤਾਰੇ ਵਜੋਂ ਦਰਸਾਇਆ ਗਿਆ ਸੀ।"

ਅਦਾਲਤ ਨੇ ਕਿਹਾ, "ਜੇ ਸਤੰਬਰ 2025 ਅਤੇ ਫਰਵਰੀ 2026 ਦੇ ਵਿਚਕਾਰ ਭਾਰਤ ਸਰਕਾਰ ਵੱਲੋਂ ਦਿੱਤੇ ਗਏ ਬਿਆਨ ਅਤੇ ਭਰੋਸੇ ਨਾ ਹੁੰਦੇ, ਜਿਨ੍ਹਾਂ ਦਾ ਸਿਖਰ ਉਹ 'ਨੋਟ ਵਰਬਲ' ਹੈ, ਜਿਸ ਨੂੰ ਅਸੀਂ ਕਾਫ਼ੀ ਮਹੱਤਵ ਦਿੰਦੇ ਹਾਂ, ਤਾਂ ਅਸੀਂ ਅਸਧਾਰਨ ਸ਼ਕਤੀ ਦੀ ਵਰਤੋਂ ਕਰਦੇ ਹੋਏ ਇਸ ਅਪੀਲ ਨੂੰ ਮੁੜ ਖੋਲ੍ਹਣ ਬਾਰੇ ਵਿਚਾਰ ਕਰਦੇ।"

# ਅਮਰੀਕਾ-ਇਰਾਨ-ਇਜ਼ਰਾਈਲ ਜੰਗ : ਇਰਾਨ ਵੱਲੋਂ ਇਜ਼ਰਾਈਲ ਦੇ ਕੈਮੀਕਲ ਪਲਾਂਟ 'ਤੇ ਹਮਲਾ

## ਜ਼ਹਿਰੀਲੀ ਗੈਸ ਲੀਕ ਹੋਣ ਦੀ ਚਿਤਾਵਨੀ



**ਤਹਿਰਾਨ, (ਪੰਜਾਬ ਮੇਲ)-** ਇਰਾਨ ਨੇ ਦੱਖਣੀ ਇਜ਼ਰਾਈਲ ਵਿਚ ਸਥਿਤ ਇੱਕ ਕੈਮੀਕਲ ਪਲਾਂਟ 'ਤੇ ਮਿਜ਼ਾਈਲ ਹਮਲਾ ਕੀਤਾ, ਜਿਸ ਕਾਰਨ ਪਲਾਂਟ ਵਿਚ ਅੱਗ ਲੱਗ ਗਈ। ਇਹ ਹਮਲਾ ਨਿਓਤ ਹੋਵਾਵ ਉਦਯੋਗਿਕ ਖੇਤਰ ਵਿਚ ਹੋਇਆ ਹੈ, ਜੋ ਬੀਅਰਸ਼ੇਵਾ ਸ਼ਹਿਰ ਤੋਂ ਲਗਪਗ 9 ਕਿਲੋਮੀਟਰ ਦੀ ਦੂਰੀ 'ਤੇ ਹੈ। ਇਸ ਹਮਲੇ ਤੋਂ ਬਾਅਦ ਪਲਾਂਟ ਵਿਚ ਮੌਜੂਦ ਖ਼ਤਰਨਾਕ ਰਸਾਇਣਾਂ ਕਾਰਨ ਇਲਾਕੇ ਵਿਚ ਜ਼ਹਿਰੀਲੀ ਗੈਸ ਫੈਲਣ ਦਾ ਗੰਭੀਰ ਖ਼ਤਰਾ ਪੈਦਾ ਹੋ ਗਿਆ। ਧਮਾਕੇ ਵਿਚ ਇੱਕ ਵਿਅਕਤੀ ਦੇ ਜ਼ਖ਼ਮੀ ਹੋਣ ਦੀ ਵੀ ਖ਼ਬਰ ਹੈ। ਸਥਾਨਕ ਅਧਿਕਾਰੀਆਂ ਨੇ ਲੋਕਾਂ ਦੀ ਸੁਰੱਖਿਆ ਨੂੰ ਮੁੱਖ ਰੱਖਦਿਆਂ ਉਨ੍ਹਾਂ ਨੂੰ ਆਪਣੇ ਘਰਾਂ ਦੇ ਅੰਦਰ ਰਹਿਣ ਅਤੇ ਖਿੜਕੀਆਂ-ਦਰਵਾਜ਼ੇ ਪੂਰੀ ਤਰ੍ਹਾਂ ਬੰਦ ਰੱਖਣ ਦੀ ਸਲਾਹ ਦਿੱਤੀ ਹੈ। ਇਰਾਨ ਦੀ ਇਸਲਾਮਿਕ ਰਿਵੋਲਿਊਸ਼ਨਰੀ ਗਾਰਡ ਕੋਰ (ਆਈ.ਆਰ.ਜੀ.ਸੀ.) ਨੇ ਚਿਤਾਵਨੀ ਦਿੱਤੀ ਹੈ ਕਿ ਇੱਕ ਪ੍ਰਮੁੱਖ ਇਰਾਨੀ ਅਕਾਦਮਿਕ ਸੰਸਥਾ 'ਤੇ ਹੋਏ ਹਮਲਿਆਂ ਦੇ ਜਵਾਬ ਵਿਚ ਪੱਛਮੀ ਏਸ਼ੀਆ ਵਿਚ ਇਜ਼ਰਾਈਲ ਅਤੇ ਅਮਰੀਕਾ ਨਾਲ ਸਬੰਧਤ ਯੂਨੀਵਰਸਿਟੀਆਂ ਨੂੰ ਨਿਸ਼ਾਨਾ ਬਣਾਇਆ ਜਾਵੇਗਾ।

ਉੱਧਰ ਪੱਛਮੀ ਏਸ਼ੀਆ ਵਿਚ ਚੱਲ ਰਹੀ ਜੰਗ ਹੁਣ ਹੋਰ ਵੀ ਗੰਭੀਰ ਰੂਪ ਧਾਰਨ ਕਰ ਗਈ ਹੈ ਕਿਉਂਕਿ ਯਮਨ ਦੇ ਹੂਤੀ ਬਾਗੀਆਂ ਨੇ ਪਹਿਲੀ ਵਾਰ ਸਿੱਧੇ ਤੌਰ 'ਤੇ ਇਜ਼ਰਾਈਲ 'ਤੇ ਮਿਜ਼ਾਈਲ ਹਮਲੇ ਕੀਤੇ ਹਨ। ਇਸ ਦੇ ਨਾਲ ਹੀ ਅਮਰੀਕਾ ਨੇ ਸਥਿਤੀ ਨੂੰ ਸੰਭਾਲਣ ਲਈ ਹਜ਼ਾਰਾਂ ਦੀ ਗਿਣਤੀ ਵਿਚ ਆਪਣੇ 'ਮਰੀਨ' (ਫੌਜੀ) ਖੇਤਰ ਵਿਚ ਭੇਜ ਦਿੱਤੇ ਹਨ, ਜਿਨ੍ਹਾਂ ਦੀ ਪਹਿਲੀ ਟੁਕੜੀ ਪਹੁੰਚ ਚੁੱਕੀ ਹੈ। ਅਮਰੀਕਾ ਆਉਣ ਵਾਲੇ ਹਫਤਿਆਂ ਵਿਚ ਇਰਾਨ ਵਿਚ ਜ਼ਮੀਨੀ ਕਾਰਵਾਈ ਦੀ ਤਿਆਰੀ ਕਰ ਰਿਹਾ ਹੈ। ਇਸ ਜੰਗ ਕਾਰਨ ਵਿਸ਼ਵ ਅਰਥਵਿਵਸਥਾ ਅਤੇ ਊਰਜਾ ਸਪਲਾਈ 'ਤੇ ਬੁਰਾ ਅਸਰ ਪੈ ਰਿਹਾ ਹੈ, ਜਦੋਂਕਿ ਇਜ਼ਰਾਈਲ ਵੱਲੋਂ ਲਗਾਤਾਰ ਇਰਾਨ ਅਤੇ ਲਿਬਨਾਨ ਵਿਚ ਸਰਕਾਰੀ ਟਿਕਾਣਿਆਂ ਨੂੰ ਨਿਸ਼ਾਨਾ ਬਣਾਇਆ ਜਾ ਰਿਹਾ ਹੈ।

ਦੂਜੇ ਪਾਸੇ, ਇਰਾਨ ਨੇ ਵੀ ਜਵਾਬੀ ਕਾਰਵਾਈ ਤੇਜ਼ ਕਰ ਦਿੱਤੀ ਹੈ। ਸਾਊਦੀ ਅਰਬ ਵਿਚ ਇੱਕ ਅਮਰੀਕੀ ਜੰਗੀ ਟਿਕਾਣੇ 'ਤੇ ਹੋਏ ਹਮਲੇ ਵਿਚ 12 ਅਮਰੀਕੀ ਸੈਨਿਕ ਜ਼ਖ਼ਮੀ ਹੋ ਗਏ ਹਨ। ਇਸ ਤੋਂ ਇਲਾਵਾ ਇਰਾਨ ਨੇ ਬਹਿਰੀਨ ਅਤੇ ਕੁਵੈਤ ਵਰਗੇ ਖਾੜੀ ਦੇਸ਼ਾਂ ਵਿਚ ਵੀ ਕਈ ਥਾਵਾਂ 'ਤੇ ਹਮਲੇ ਕੀਤੇ ਹਨ, ਜਿਸ ਨਾਲ ਪੂਰੇ ਇਲਾਕੇ ਵਿਚ ਦਹਿਸ਼ਤ ਦਾ ਮਾਹੌਲ ਹੈ।

ਪੈਟਰੋਲੀਅਮ ਅਤੇ ਕੁਦਰਤੀ ਗੈਸ ਮੰਤਰਾਲੇ ਨੇ ਦੱਸਿਆ ਕਿ ਦੋ ਵੱਡੇ ਐੱਲ.ਪੀ.ਜੀ. ਜਹਾਜ਼ ਬੀ.ਡਬਲਯੂ. ਟੀ.ਵਾਈ.ਆਰ. ਅਤੇ ਬੀ.ਡਬਲਯੂ. ਈ.ਐੱਲ.ਐੱਮ. ਲਗਪਗ 94,000 ਮੀਟ੍ਰਿਕ ਟਨ ਗੈਸ ਲੈ ਕੇ ਸੁਰੱਖਿਅਤ ਤਰੀਕੇ ਨਾਲ ਭਾਰਤ ਵੱਲ ਵਧ ਰਹੇ ਹਨ। ਇਨ੍ਹਾਂ ਵਿਚੋਂ ਇੱਕ ਜਹਾਜ਼ 31 ਮਾਰਚ ਤੱਕ ਮੁੰਬਈ ਅਤੇ ਦੂਜਾ 1 ਅਪ੍ਰੈਲ ਤੱਕ ਨਿਊ ਮੰਗਲੌਰ ਪਹੁੰਚਣ ਦੀ ਉਮੀਦ ਹੈ। ਪੱਛਮੀ ਏਸ਼ੀਆ ਵਿਚ ਚੱਲ ਰਹੇ ਟਕਰਾਅ ਦੇ ਬਾਵਜੂਦ ਸਰਕਾਰ ਨੇ ਭਾਰਤੀ ਜਹਾਜ਼ਾਂ ਅਤੇ ਸਮੁੰਦਰੀ ਕਰਮਚਾਰੀਆਂ ਦੀ ਸੁਰੱਖਿਆ ਲਈ ਪੁਖਤਾ ਇੰਤਜ਼ਾਮ ਕੀਤੇ ਹਨ ਅਤੇ ਭਾਰਤੀ ਜਲ ਸੈਨਾ ਦੇ ਜੰਗੀ ਜਹਾਜ਼ ਵੀ ਮਦਦ ਲਈ ਤਿਆਰ ਹਨ।

# ਉੱਤਰ ਕੋਰੀਆ ਵੱਲੋਂ ਅਮਰੀਕਾ ਤੱਕ ਮਾਰ ਕਰਨ ਵਾਲੀ ਮਿਜ਼ਾਈਲ ਦੀ ਅਜ਼ਮਾਇਸ਼

## ਕਿਮ ਜੋਂਗ ਉਨ ਨੇ ਜ਼ਮੀਨ 'ਤੇ ਕੀਤੀ ਅਜ਼ਮਾਇਸ਼ ਦੇਖੀ

**ਸਿਓਲ, (ਪੰਜਾਬ ਮੇਲ)-** ਉੱਤਰ ਕੋਰੀਆ ਦੇ ਨੇਤਾ ਕਿਮ ਜੋਂਗ ਉਨ ਨੇ ਉੱਚ ਤਾਕਤੀ ਠੋਸ ਈਂਧਨ ਇੰਜਣ ਦੀ ਅਜ਼ਮਾਇਸ਼ ਦਾ ਨਿਰੀਖਣ ਕੀਤਾ ਅਤੇ ਇਸ ਨੂੰ ਦੇਸ਼ ਦੀ ਰਣਨੀਤਕ ਫ਼ੌਜੀ ਸਮਰੱਥਾ ਵਧਾਉਣ ਲਈ ਵੱਡੀ ਪ੍ਰਾਪਤੀ ਵਜੋਂ ਸਲਾਹਿਆ। ਇਹ ਤਜ਼ਰਬਾ ਸੰਕੇਤ ਦਿੰਦਾ ਹੈ ਕਿ ਕਿਮ ਜੋਂਗ ਉਨ ਮਿਜ਼ਾਈਲਾਂ ਦੇ ਭੰਡਾਰ ਨੂੰ ਅਮਰੀਕੀ ਮੁੱਖ ਸਰਜ਼ਮੀਨ ਤੱਕ ਪਹੁੰਚਾਉਣ ਦੇ ਸਮਰੱਥ ਅਤੇ ਆਧੁਨਿਕ ਬਣਾਉਣ ਦਾ ਇਰਾਦਾ ਰੱਖਦੇ ਹਨ। ਇਹ ਰਿਪੋਰਟ ਕਿਮ ਜੋਂਗ ਉਨ ਵੱਲੋਂ ਉੱਤਰੀ ਕੋਰੀਆ ਦੀ ਸੰਸਦ ਵਿਚ ਦਿੱਤੇ ਭਾਸ਼ਣ ਤੋਂ ਕੁਝ ਦਿਨ ਬਾਅਦ ਆਈ ਹੈ, ਜਿਸ ਵਿਚ ਉਨ੍ਹਾਂ ਆਪਣੇ ਦੇਸ਼ ਦੀ ਪਰਮਾਣੂ ਸ਼ਕਤੀ ਸਥਿਤੀ ਨੂੰ ਹੋਰ ਮਜ਼ਬੂਤ ਬਣਾਉਣ ਦਾ ਅਹਿਦ ਲਿਆ ਸੀ। ਕਿਮ ਜੋਂਗ ਉਨ ਨੇ ਮੱਧ ਪੂਰਬ ਵਿਚ ਜੰਗ ਦੇ ਪ੍ਰਸੰਗ 'ਚ ਅਮਰੀਕਾ 'ਤੇ ਆਲਮੀ 'ਸਰਕਾਰੀ ਅੱਤਵਾਦੀ ਅਤੇ ਹਮਲਾਵਰ' ਹੋਣ ਦਾ ਦੋਸ਼ ਲਾਇਆ ਸੀ।

ਰਿਪੋਰਟ ਮੁਤਾਬਕ ਕਿਮ ਜੋਂਗ ਉਨ ਨੇ ਮਿਸ਼ਰਤ ਕਾਰਬਨ ਫਾਈਬਰ ਸਮੱਗਰੀ ਨਾਲ ਬਣਾਏ ਗਏ ਨਵੇਂ ਉੱਨਤ ਇੰਜਣ ਦਾ ਜ਼ਮੀਨ 'ਤੇ ਕੀਤਾ ਗਿਆ ਪ੍ਰੀਖਣ ਦੇਖਿਆ। ਇੰਜਣ ਦੀ ਵੱਧ ਤੋਂ ਵੱਧ ਸਮਰੱਥਾ 2,500 ਕਿਲੋਟਨ ਹੈ, ਜੋ ਸਤੰਬਰ ਵਿਚ ਕੀਤੇ ਅਜਿਹੇ ਤਜ਼ਰਬੇ ਦੇ 1,971 ਕਿਲੋਟਨ ਤੋਂ ਕਿਤੇ ਵੱਧ ਹੈ।

ਨਿਰੀਖਕਾਂ ਮੁਤਾਬਕ ਇੰਜਣ ਦੀ ਤਾਕਤ ਵਧਾਉਣ ਦਾ ਇਹ ਯਤਨ ਸੰਭਾਵੀ ਤੌਰ 'ਤੇ ਅਮਰੀਕੀ ਰੱਖਿਆ ਪ੍ਰਣਾਲੀ ਨੂੰ ਮਾਤ ਦੇਣ ਲਈ ਮਿਜ਼ਾਈਲ 'ਤੇ ਕਈ ਵਾਰਹੈੱਡ ਲਾਉਣ ਦੀਆਂ ਕੋਸ਼ਿਸ਼ਾਂ ਨਾਲ ਜੁੜਿਆ ਹੋਇਆ ਹੈ। ਰਿਪੋਰਟ 'ਚ ਇਹ ਨਹੀਂ ਦੱਸਿਆ ਗਿਆ ਕਿ ਇਹ ਅਜ਼ਮਾਇਸ਼ ਅਸਲ ਵਿਚ ਕਦੋਂ ਜਾਂ ਕਿੱਥੇ ਹੋਈ।

# ਭਾਰਤ ਸਭ ਤੋਂ ਵੱਧ ਜਣੇਪਾ ਮੌਤਾਂ ਵਾਲੇ ਦੇਸ਼ਾਂ 'ਚ ਸ਼ਾਮਲ: ਵਿਸ਼ਲੇਸ਼ਣ

**ਨਵੀਂ ਦਿੱਲੀ, (ਪੰਜਾਬ ਮੇਲ)-** 'ਦਿ ਲੈਂਸੇਟ ਓਬਸਟੈਟ੍ਰਿਕਸ, ਗਾਇਨੀਕੋਲੋਜੀ, ਐਂਡ ਵੂਮੈਨਜ਼ ਹੈਲਥ' ਜਰਨਲ ਵਿਚ ਪ੍ਰਕਾਸ਼ਿਤ ਇੱਕ ਨਵੇਂ ਵਿਸ਼ਵ ਪੱਧਰੀ ਵਿਸ਼ਲੇਸ਼ਣ ਅਨੁਸਾਰ ਭਾਰਤ 2023 ਵਿਚ 24,700 ਜਣੇਪਾ ਮੌਤਾਂ ਦੇ ਨਾਲ ਦੱਖਣੀ ਏਸ਼ੀਆ ਅਤੇ ਉਪ-ਸਹਾਰਾ ਅਫਰੀਕਾ ਦੇ ਉਨ੍ਹਾਂ ਦੇਸ਼ਾਂ ਵਿਚ ਸ਼ਾਮਲ ਸੀ, ਜਿੱਥੇ ਜਣੇਪਾ ਮੌਤਾਂ ਦੀ ਗਿਣਤੀ ਸਭ ਤੋਂ ਵੱਧ ਸੀ। ਇਸ ਸੰਖਿਆ ਪ੍ਰਤੀ ਇੱਕ ਲੱਖ ਜੀਵਿਤ ਜਨਮਾਂ ਪਿੱਛੇ 116 ਦੀ ਮੌਤ ਦਰ (ਮੈਟਰਨਲ ਮੋਰਟੈਲਿਟੀ ਰੇਸ਼ੋ-ਐੱਮ.ਐੱਮ.ਆਰ.) ਦੇ ਬਰਾਬਰ ਹੈ।

ਅੰਦਾਜ਼ੇ ਦੱਸਦੇ ਹਨ ਕਿ ਉਸੇ ਸਾਲ ਪਾਕਿਸਤਾਨ ਵਿਚ ਕੁੱਲ 10,300 ਜਣੇਪਾ ਮੌਤਾਂ ਹੋਈਆਂ, ਜਦੋਂ ਕਿ ਅਫਰੀਕੀ ਦੇਸ਼ਾਂ ਇਥੋਪੀਆ ਅਤੇ ਨਾਈਜੀਰੀਆ ਵਿਚ ਕ੍ਰਮਵਾਰ 11,900 ਅਤੇ 32,900 ਜਣੇਪਾ ਮੌਤਾਂ ਹੋਈਆਂ।

ਵਾਸ਼ਿੰਗਟਨ ਯੂਨੀਵਰਸਿਟੀ ਦੇ ਇੰਸਟੀਚਿਊਟ ਫਾਰ ਹੈਲਥ ਮੈਟ੍ਰਿਕਸ ਐਂਡ ਇਵੈਲੂਏਸ਼ਨ (ਆਈ.ਐੱਚ.ਐੱਮ.ਈ.) ਦੇ ਖੋਜਕਰਤਾਵਾਂ ਅਤੇ ਵਿਸ਼ਵਵਿਆਪੀ ਸਹਿਯੋਗੀਆਂ ਦੀ ਅਗਵਾਈ ਵਾਲੀ ਟੀਮ ਨੇ ਨੋਟ ਕੀਤਾ ਕਿ ਹਾਲਾਂਕਿ ਪਿਛਲੇ ਤਿੰਨ ਦਹਾਕਿਆਂ ਵਿਚ ਜਣੇਪਾ ਮੌਤਾਂ ਵਿਚ ਕਮੀ ਆਈ ਹੈ, ਪਰ ਹਾਲ ਹੀ ਦੇ ਸਾਲਾਂ ਵਿਚ ਰਫ਼ਤਾਰ ਮੱਠੀ ਪੈ ਗਈ ਹੈ ਅਤੇ ਵੱਖ-ਵੱਖ ਦੇਸ਼ਾਂ ਵਿਚ ਅਸਮਾਨ ਰਹੀ ਹੈ।

ਉਨ੍ਹਾਂ ਕਿਹਾ ਕਿ 'ਗਲੋਬਲ ਬਰਡਨ ਆਫ ਡਿਜ਼ੀਜ਼' (ਜੀ.ਬੀ.ਡੀ.) 2023 ਦੀ ਖੋਜ 2023 ਤੱਕ 204 ਦੇਸ਼ਾਂ ਅਤੇ ਖੇਤਰਾਂ ਵਿਚ ਜਣੇਪਾ ਮੌਤ ਦਰ ਦੇ ਰੁਝਾਨਾਂ ਦਾ ਸਭ ਤੋਂ ਤਾਜ਼ਾ ਵਿਸ਼ਵਵਿਆਪੀ ਮੁਲਾਂਕਣ ਪ੍ਰਦਾਨ ਕਰਦੀ ਹੈ।

ਤਾਜ਼ਾ ਸੈਂਪਲ ਰਜਿਸਟ੍ਰੇਸ਼ਨ ਸਿਸਟਮ (ਐੱਸ.ਆਰ.ਐੱਸ.) 2021-23 ਅਨੁਸਾਰ ਦੇਸ਼ ਦੀ ਜਣੇਪਾ ਮੌਤ ਦਰ (ਐੱਮ.ਐੱਮ.ਆਰ.) ਪ੍ਰਤੀ ਲੱਖ ਜੀਵਿਤ ਜਨਮਾਂ ਪਿੱਛੇ 88 ਹੈ। ਕੇਂਦਰੀ ਸਿਹਤ ਮੰਤਰਾਲੇ ਦੇ ਇੱਕ ਸਰੋਤ ਨੇ ਕਿਹਾ ਕਿ ਇਹ ਅੰਕੜਾ ਸੁਰੱਖਿਅਤ ਗਰਭ ਅਵਸਥਾ ਅਤੇ ਬੱਚੇ ਦੇ ਜਨਮ ਨੂੰ ਯਕੀਨੀ ਬਣਾਉਣ ਵਿਚ ਹੋਈ ਪ੍ਰਗਤੀ ਨੂੰ ਦਰਸਾਉਂਦਾ ਹੈ।

ਸਰੋਤ ਨੇ ਕਿਹਾ, "ਭਾਰਤ ਨੇ 1990 ਤੋਂ ਬਾਅਦ ਐੱਮ.ਐੱਮ.ਆਰ. ਵਿਚ 86 ਫੀਸਦੀ ਦੀ ਕਮੀ ਹਾਸਲ ਕੀਤੀ ਹੈ, ਜੋ ਕਿ 48 ਫੀਸਦੀ ਦੀ ਵਿਸ਼ਵਵਿਆਪੀ ਔਸਤ ਤੋਂ ਕਿਤੇ ਵੱਧ ਹੈ। ਇਹ ਪ੍ਰਾਪਤੀ 2030 ਤੱਕ ਐੱਮ.ਐੱਮ.ਆਰ. ਨੂੰ 70 ਤੋਂ ਹੇਠਾਂ ਲਿਆਉਣ ਦੇ ਟਿਕਾਊ ਵਿਕਾਸ ਟੀਚਿਆਂ ਦੇ ਮਾਪਦੰਡ ਨੂੰ ਪੂਰਾ ਕਰਨ ਲਈ ਭਾਰਤ ਦੀ ਵਚਨਬੱਧਤਾ ਨੂੰ ਉਜਾਗਰ ਕਰਦੀ ਹੈ।"

ਖੋਜਕਰਤਾਵਾਂ ਨੇ ਅੰਦਾਜ਼ਾ ਲਗਾਇਆ ਹੈ ਕਿ ਦੁਨੀਆਂ ਨੇ 2023 ਵਿਚ ਕੁੱਲ 2.4 ਲੱਖ ਜਣੇਪਾ ਮੌਤਾਂ ਦੇਖੀਆਂ। ਹਾਲਾਂਕਿ, ਟੀਮ ਨੇ ਕਿਹਾ ਕਿ 204 ਦੇਸ਼ਾਂ ਅਤੇ ਖੇਤਰਾਂ ਵਿਚੋਂ 104 ਨੇ ਅਜੇ ਤੱਕ ਪ੍ਰਤੀ ਇੱਕ ਲੱਖ ਜੀਵਿਤ ਜਨਮਾਂ ਪਿੱਛੇ 70 ਤੋਂ ਘੱਟ ਜੱਚਾ ਦੀ ਮੌਤ ਦਰ ਦੇ ਟਿਕਾਊ ਵਿਕਾਸ ਟੀਚੇ (ਐੱਸ.ਡੀ.ਜੀ.) ਨੂੰ ਪੂਰਾ ਕਰਨਾ ਹੈ।

ਜਦੋਂ ਕਿ ਜਣੇਪਾ ਮੌਤਾਂ ਦੇ ਮੁੱਖ ਕਾਰਨ ਸਥਾਨ ਦੇ ਅਨੁਸਾਰ ਵੱਖ-ਵੱਖਰੇ ਪਾਏ ਗਏ, ਪਰ ਵਿਸ਼ਵ ਪੱਧਰ 'ਤੇ ਮੌਤਾਂ ਦੇ ਸਭ ਤੋਂ ਵੱਡੇ ਹਿੱਸੇ ਲਈ 'ਮੈਟਰਨਲ ਹੈਮਰੇਜ' (ਖ਼ੂਨ ਦਾ ਜ਼ਿਆਦਾ ਵਗਣਾ) ਅਤੇ ਗਰਭ ਅਵਸਥਾ ਦੇ ਹਾਈਪਰਟੈਂਸਿਵ ਵਿਕਾਰ ਜ਼ਿੰਮੇਵਾਰ ਸਨ।

ਖੋਜਕਰਤਾਵਾਂ ਨੇ ਕਿਹਾ ਕਿ ਜਣੇਪੇ ਤੋਂ ਪਹਿਲਾਂ ਦੀ ਦੇਖਭਾਲ, ਸੁਰੱਖਿਅਤ ਜਣੇਪਾ ਸੇਵਾਵਾਂ, ਐਮਰਜੈਂਸੀ ਪ੍ਰਸੂਤਾ ਦੇਖਭਾਲ, ਅਤੇ ਜਣੇਪੇ ਤੋਂ ਬਾਅਦ ਦੀ ਫਾਲੋ-ਅਪ ਤੱਕ ਬਿਹਤਰ ਪਹੁੰਚ ਮੌਤ ਦਰ ਨੂੰ ਕਾਫ਼ੀ ਹੱਦ ਤੱਕ ਘਟਾ ਸਕਦੀ ਹੈ, ਖਾਸ ਕਰਕੇ ਉਨ੍ਹਾਂ ਦੇਸ਼ਾਂ ਵਿਚ ਜਿੱਥੇ ਬੋਝ ਸਭ ਤੋਂ ਵੱਧ ਹੈ।

ਕੋਵਿਡ-19 ਦੀ ਲਾਗ ਕਾਰਨ ਵੀ ਮਹਾਮਾਰੀ ਦੇ ਸ਼ੁਰੂ ਵਿਚ ਜਣੇਪਾ ਮੌਤ ਦਰ ਵਿਚ ਵਾਧਾ ਹੋਇਆ ਸੀ।

ਕਿਹਾ ਗਿਆ ਹੈ ਕਿ ਐੱਸ.ਡੀ.ਜੀ. ਟੀਚੇ ਨੂੰ ਪੂਰਾ ਕਰਨ ਲਈ ਪੰਜ ਸਾਲਾਂ ਤੋਂ ਵੀ ਘੱਟ ਸਮਾਂ ਬਚਿਆ ਹੈ।

# ਆਸਟ੍ਰੇਲੀਆ 'ਚ 2 ਭਾਰਤੀ ਡਿਲੀਵਰੀ ਡਰਾਈਵਰਾਂ ਵੱਲੋਂ ਲੁਟੇਰਿਆਂ ਦਾ ਬਹਾਦਰੀ ਨਾਲ ਮੁਕਾਬਲਾ

**ਮੈਲਬੌਰਨ, (ਪੰਜਾਬ ਮੇਲ)-** 20 ਮਾਰਚ ਨੂੰ ਮੈਲਬੌਰਨ ਦੇ ਇੱਕ ਸਰਵਿਸ ਸਟੇਸ਼ਨ ਦੀ ਕਾਰ ਪਾਰਕ ਵਿਚ, ਭਾਰਤੀ ਮੂਲ ਦੇ ਦੋ ਡਿਲੀਵਰੀ ਟਰੱਕ ਡਰਾਈਵਰਾਂ ਨੇ ਹਥਿਆਰਬੰਦ ਲੁਟੇਰਿਆਂ ਵੱਲੋਂ ਕਾਰ ਖੋਹਣ ਦੀ ਕੋਸ਼ਿਸ਼ ਦਾ ਬਹਾਦਰੀ ਨਾਲ ਮੁਕਾਬਲਾ ਕੀਤਾ। ਇਹ ਘਟਨਾ ਇੱਕ ਫ੍ਰੀਵੇਅ ਦੇ ਕੋਲ ਵਾਪਰੀ, ਜਦੋਂ ਸਾਹਿਲ ਨਾਮਕ ਡਰਾਈਵਰ, ਇੱਕ ਰੈਸਟੋਰੈਂਟ ਵਿਚ ਦੁਪਹਿਰ ਦਾ ਖਾਣਾ ਖਾ ਰਿਹਾ ਸੀ।



ਸੋਸ਼ਲ ਮੀਡੀਆ 'ਤੇ ਵੀਡੀਓ ਸਾਂਝੀ ਕਰਨ ਵਾਲੇ ਇੱਕ ਵਿਅਕਤੀ ਅਨੁਸਾਰ, ਸਾਹਿਲ ਸ਼ਾਂਤੀ ਨਾਲ ਆਪਣਾ ਖਾਣਾ ਖਾ ਰਿਹਾ ਸੀ, ਜਦੋਂ ਦੋ ਨਸ਼ੇੜੀ ਵਿਅਕਤੀਆਂ ਨੇ ਉਸ ਨੂੰ ਨਸਲੀ ਗਾਲ੍ਹਾਂ ਕੱਢਣੀਆਂ ਸ਼ੁਰੂ ਕਰ ਦਿੱਤੀਆਂ। ਸਾਹਿਲ ਨੇ ਸ਼ੁਰੂ ਵਿਚ ਉਨ੍ਹਾਂ ਨੂੰ ਨਜ਼ਰਅੰਦਾਜ਼ ਕੀਤਾ। ਲੁਟੇਰਿਆਂ ਨੇ ਸਾਹਿਲ ਨੂੰ ਧੱਕਾ ਦਿੱਤਾ ਅਤੇ ਉਸਦੇ ਟਰੱਕ ਦੀਆਂ ਚਾਬੀਆਂ ਮੰਗੀਆਂ। ਇਸ ਦੌਰਾਨ ਸਾਹਿਲ ਦਾ ਇੱਕ ਸਾਥੀ ਵੀ ਉੱਥੇ ਪਹੁੰਚ ਗਿਆ। ਦੋਵਾਂ ਡਰਾਈਵਰਾਂ ਨੇ ਹਮਲਾਵਰਾਂ ਨਾਲ ਹੱਥੋਪਾਈ ਕੀਤੀ ਅਤੇ ਬਚਾਅ ਲਈ 'ਸਪਿਰਿਟ ਲੈਵਲ' ਦੀ ਵਰਤੋਂ ਵੀ ਕੀਤੀ।

ਸਫਾ 1 ਦਾ ਬਾਕੀ

## ਅਮਰੀਕੀ ਸੈਨੇਟ 'ਚ ਸੀ.ਡੀ.ਐੱਲ. ਦੀ ਵਰਤੋਂ 'ਤੇ ਸਖਤੀ...

ਉਨ੍ਹਾਂ ਦੋਸ਼ ਲਾਇਆ ਕਿ ਗੈਰ-ਕਾਨੂੰਨੀ ਪ੍ਰਵਾਸੀ ਸੜਕਾਂ 'ਤੇ ਵੱਡੇ ਵਪਾਰਕ ਵਾਹਨਾਂ ਨੂੰ ਖਤਰਨਾਕ ਢੰਗ ਨਾਲ ਚਲਾ ਰਹੇ ਹਨ। ਉਨ੍ਹਾਂ ਕਿਹਾ ਕਿ ਇਹ ਬਿੱਲ ਅਜਿਹੇ ਡਰਾਈਵਰਾਂ ਅਤੇ ਉਨ੍ਹਾਂ ਨੂੰ ਇਜਾਜ਼ਤ ਦੇਣ ਵਾਲੇ ਰਾਜਾਂ ਨੂੰ ਜਵਾਬਦੇਹ ਬਣਾਏਗਾ।

ਬਿੱਲ ਵਿਚ ਕਈ ਸਖ਼ਤ ਪ੍ਰਬੰਧ ਸ਼ਾਮਲ ਹਨ। ਇਹ ਗੈਰ-ਦਸਤਾਵੇਜ਼ੀ ਵਿਅਕਤੀਆਂ ਲਈ ਸੀ.ਡੀ.ਐੱਲ. ਦੀ ਵਰਤੋਂ ਕਰਨਾ ਇੱਕ ਅਪਰਾਧਿਕ ਅਪਰਾਧ ਬਣਾ ਦੇਵੇਗਾ ਅਤੇ ਦੁਰਘਟਨਾ ਵਾਪਰਨ ਵਾਲੇ ਮਾਮਲਿਆਂ ਵਿਚ ਲਾਜ਼ਮੀ ਘੱਟੋ-ਘੱਟ ਸਜ਼ਾਵਾਂ ਲਾਗੂ ਕਰੇਗਾ। ਜੇਕਰ ਕਿਸੇ ਦੁਰਘਟਨਾ ਦੇ ਨਤੀਜੇ ਵਜੋਂ ਮੌਤ ਹੁੰਦੀ ਹੈ ਅਤੇ ਇਸ ਵਿਚ ਇੱਕ ਗੈਰ-ਕਾਨੂੰਨੀ ਸੀ.ਡੀ.ਐੱਲ. ਧਾਰਕ ਸ਼ਾਮਲ ਹੁੰਦਾ ਹੈ, ਤਾਂ ਇਸਨੂੰ ਮੌਤ ਦੀ ਸਜ਼ਾ ਲਈ ਇੱਕ ਵਧਾਊ ਕਾਰਕ ਮੰਨਿਆ ਜਾ ਸਕਦਾ ਹੈ।

ਇਸ ਤੋਂ ਇਲਾਵਾ, ਅਜਿਹੇ ਮਾਮਲਿਆਂ ਵਿਚ ਵਿਅਕਤੀ ਨੂੰ "ਗੰਭੀਰ ਅਪਰਾਧੀ" ਵਜੋਂ ਸ਼੍ਰੇਣੀਬੱਧ ਕੀਤਾ ਜਾ ਸਕਦਾ ਹੈ, ਜਿਸਦੇ ਨਤੀਜੇ ਵਜੋਂ ਲਾਜ਼ਮੀ ਹਿਰਾਸਤ ਅਤੇ ਦੇਸ਼ ਨਿਕਾਲਾ ਹੋਵੇਗਾ। ਬਿੱਲ ਵਿਚ ਇਹ ਵੀ ਪ੍ਰਸਤਾਵਿਤ ਕੀਤਾ ਗਿਆ ਹੈ ਕਿ ਸੀ.ਡੀ.ਐੱਲ. ਲਈ ਅਰਜ਼ੀ ਦੇਣ ਵਾਲੇ ਵਿਅਕਤੀਆਂ ਨੂੰ ਈ-ਵੈਰੀਫਾਈ ਜਾਂ ਇਸ ਤਰ੍ਹਾਂ ਦੇ ਸਿਸਟਮ ਰਾਹੀਂ ਆਪਣੀ ਰੁਜ਼ਗਾਰ ਯੋਗਤਾ ਦੀ ਪੁਸ਼ਟੀ ਕਰਨ ਦੀ ਲੋੜ ਹੋਵੇਗੀ।

ਰਾਜਾਂ ਨੂੰ ਅਜਿਹੇ ਸਾਰੇ ਤਸਦੀਕ ਰਿਕਾਰਡ ਸੁਰੱਖਿਅਤ ਰੱਖਣੇ ਚਾਹੀਦੇ ਹਨ ਅਤੇ ਲੋੜ ਪੈਣ 'ਤੇ ਉਨ੍ਹਾਂ ਨੂੰ ਆਵਾਜਾਈ ਵਿਭਾਗ ਨੂੰ ਉਪਲਬਧ ਕਰਵਾਉਣਾ ਚਾਹੀਦਾ ਹੈ। ਲਾਇਸੈਂਸ ਜਾਰੀ ਕਰਨ ਤੋਂ ਪਹਿਲਾਂ ਇਮੀਗ੍ਰੇਸ਼ਨ ਸਥਿਤੀ ਦੀ ਪੁਸ਼ਟੀ ਕਰਨ ਵਿਚ ਅਸਫਲ ਰਹਿਣ ਵਾਲੇ ਰਾਜ ਅਧਿਕਾਰੀਆਂ ਲਈ ਅਪਰਾਧਿਕ ਕਾਰਵਾਈ ਦਾ ਵੀ ਪ੍ਰਬੰਧ ਹੈ।

ਸੈਨੇਟਰ ਬਡ ਨੇ ਕੈਲੀਫੋਰਨੀਆ ਵਿਚ ਹਾਲ ਹੀ ਵਿਚ ਹੋਏ ਇੱਕ ਹਾਦਸੇ ਦਾ ਹਵਾਲਾ ਦਿੰਦੇ ਹੋਏ ਕਿਹਾ ਕਿ ਇੱਕ ਪੰਜ ਸਾਲ ਦੀ ਬੱਚੀ ਨੂੰ ਗੰਭੀਰ ਸੱਟਾਂ ਲੱਗੀਆਂ ਸਨ ਕਿਉਂਕਿ ਇੱਕ ਗੈਰ-ਕਾਨੂੰਨੀ ਪ੍ਰਵਾਸੀ ਨੇ ਲਾਪ੍ਰਵਾਹੀ ਨਾਲ 80,000 ਪੌਂਡ ਦੇ ਵਪਾਰਕ ਵਾਹਨ ਨੂੰ ਚਲਾਇਆ ਸੀ, ਅਤੇ ਕਿਹਾ, "ਇਸ ਤਰ੍ਹਾਂ ਦੀਆਂ ਘਟਨਾਵਾਂ ਦੁਬਾਰਾ ਕਦੇ ਨਹੀਂ ਵਾਪਰਨੀਆਂ ਚਾਹੀਦੀਆਂ।"

ਸੈਨੇਟਰ ਲੂਮਿਸ ਨੇ ਜਨਤਕ ਸੁਰੱਖਿਆ 'ਤੇ ਵੀ ਜ਼ੋਰ ਦਿੰਦੇ ਹੋਏ ਕਿਹਾ ਕਿ ਹਰੇਕ ਅਮਰੀਕੀ ਨਾਗਰਿਕ ਨੂੰ ਭਰੋਸਾ ਹੋਣਾ ਚਾਹੀਦਾ ਹੈ ਕਿ ਅਜਿਹੇ ਵੱਡੇ ਵਾਹਨਾਂ ਦੇ ਪਹੀਏ ਪਿੱਛੇ ਡਰਾਈਵਰ ਕਾਨੂੰਨੀ ਤੌਰ 'ਤੇ ਲਾਇਸੰਸਸ਼ੁਦਾ ਹਨ। ਉਸਨੇ ਕਿਹਾ ਕਿ ਗੈਰ-ਕਾਨੂੰਨੀ ਪ੍ਰਵਾਸੀਆਂ ਨੂੰ ਲਾਇਸੈਂਸ ਦੇਣਾ "ਜਨਤਾ ਦੇ ਭਰੋਸੇ ਨਾਲ ਵਿਸ਼ਵਾਸਘਾਤ" ਹੈ।


## Editorial Board

**Chief Editor**
Gurjatinder S. Randhawa

**Distributor**
Jai Singh

**Website**
Madhu Shardha

**Sub Editors**
Sandeep Kumar
Amit
Ishu Hallan
Vijay
Surbhi Sharma
Ranjit Singh



**Punjab Mail USA**
9883 Novara Way,
Elk Grove, CA 95757
Ph: 916-320-9444
Email : punjabmailusa@yahoo.com
Web : www.punjabmailusa.com
App : Punjab Mail USA
Youtube : Punjab Mail USA
Facebook : Punjab Mail USA


Punjab Mail USA News Paper and Staff Associated with. it are not responsible for any claims made by the advertisers and do not endorse any product or advertised in the Punjab Mail. All concerns are advised to Consult the Attorney at Law. All Disputes to Sacramento Jurisdiction. ਲੇਖਕ ਦੇ ਵਿਚਾਰਾਂ ਨਾਲ ਪੰਜਾਬ ਮੇਲ ਦੇ ਸੰਪਾਦਕ ਅਤੇ ਇਸ ਦੇ ਸਟਾਫ ਦਾ ਸਹਿਮਤ ਹੋਣਾ ਜ਼ਰੂਰੀ ਨਹੀਂ ਹੈ।

# ਨੇਪਾਲ ਦੇ ਸਾਬਕਾ ਪ੍ਰਧਾਨ ਮੰਤਰੀ ਓਲੀ ਨੂੰ ਨਿਆਂਇਕ ਹਿਰਾਸਤ 'ਚ ਭੇਜਿਆ

■ ਨਵੀਂ ਬਾਲੇਨ ਸਰਕਾਰ ਵੱਲੋਂ ਜਾਂਚ ਰਿਪੋਰਟ ਦੇ ਆਧਾਰ 'ਤੇ ਕਾਰਵਾਈ



ਦਰਸ਼ਨਕਾਰੀਆਂ ਨੂੰ ਰੋਕਦੀ ਹੋਈ ਪੁਲਿਸ।

**ਕਾਠਮੰਡੂ, (ਪੰਜਾਬ ਮੇਲ)-** ਨੇਪਾਲ ਦੇ ਸਾਬਕਾ ਪ੍ਰਧਾਨ ਮੰਤਰੀ ਕੇ.ਪੀ. ਸ਼ਰਮਾ ਓਲੀ ਨੂੰ ਐਤਵਾਰ ਨੂੰ ਕਾਠਮੰਡੂ ਜ਼ਿਲਾ ਅਦਾਲਤ ਨੇ 5 ਦਿਨਾਂ ਲਈ ਨਿਆਂਇਕ ਹਿਰਾਸਤ 'ਚ ਭੇਜ ਦਿੱਤਾ ਹੈ। ਉਨ੍ਹਾਂ ਦੀ ਗ੍ਰਿਫ਼ਤਾਰੀ ਦੇ ਵਿਰੋਧ ਵਿਚ ਦੇਸ਼ ਭਰ ਵਿਚ ਵੱਖ-ਵੱਖ ਥਾਵਾਂ 'ਤੇ ਪ੍ਰਦਰਸ਼ਨ ਜਾਰੀ ਹਨ। ਜ਼ਿਲਾ ਅਦਾਲਤ ਅਨੁਸਾਰ, ਓਲੀ ਨੂੰ ਖ਼ਰਾਬ ਸਿਹਤ ਕਾਰਨ ਆਨਲਾਈਨ ਮਾਧਿਅਮ ਰਾਹੀਂ ਅਦਾਲਤ 'ਚ ਪੇਸ਼ ਕੀਤਾ ਗਿਆ। ਗ੍ਰਿਫ਼ਤਾਰੀ ਤੋਂ ਬਾਅਦ ਉਨ੍ਹਾਂ ਨੂੰ ਸਿਹਤ ਜਾਂਚ ਲਈ ਹਸਪਤਾਲ ਲਿਜਾਇਆ ਗਿਆ।

ਨੇਪਾਲ ਕਮਿਊਨਿਸਟ ਪਾਰਟੀ (ਏਕੀਕ੍ਰਿਤ ਮਾਰਕਸਵਾਦੀ-ਲੈਨਿਨਵਾਦੀ) ਦੇ ਵਰਕਰਾਂ ਨੇ ਮੈਤੀਘਰ ਵਿਚ ਓਲੀ ਦੀ ਗ੍ਰਿਫ਼ਤਾਰੀ ਦੇ ਵਿਰੋਧ 'ਚ ਪ੍ਰਦਰਸ਼ਨ ਕੀਤਾ। ਪਾਰਟੀ ਨੇ ਦੇਸ਼ ਭਰ ਦੇ ਜ਼ਿਲ੍ਹਾ ਪ੍ਰਸ਼ਾਸਨ ਦਫ਼ਤਰਾਂ ਵਿਚ ਵਿਰੋਧ ਪੱਤਰ ਸੌਂਪਦਿਆਂ ਉਨ੍ਹਾਂ ਦੀ ਤੁਰੰਤ ਰਿਹਾਈ ਦੀ ਮੰਗ ਕੀਤੀ ਹੈ।

ਜ਼ਿਕਰਯੋਗ ਹੈ ਕਿ ਨੇਪਾਲ 'ਚ ਪਿਛਲੇ ਸਾਲ ਸਤੰਬਰ 'ਚ ਹੋਏ ਨੌਜਵਾਨਾਂ ਦੇ ਵਿਰੋਧ ਪ੍ਰਦਰਸ਼ਨਾਂ ਖ਼ਿਲਾਫ਼ ਕਾਰਵਾਈ ਕਰਨ ਦੇ ਮਾਮਲੇ 'ਚ ਸਾਬਕਾ ਪ੍ਰਧਾਨ ਮੰਤਰੀ ਕੇ.ਪੀ. ਸ਼ਰਮਾ ਓਲੀ ਅਤੇ ਸਾਬਕਾ ਗ੍ਰਹਿ ਮੰਤਰੀ ਤੇ ਨੇਪਾਲੀ ਕਾਂਗਰਸ ਆਗੂ ਰਮੇਸ਼ ਲੇਖਕ ਨੂੰ ਗ੍ਰਿਫ਼ਤਾਰ ਕੀਤਾ ਗਿਆ ਹੈ। ਪ੍ਰਧਾਨ ਮੰਤਰੀ ਬਾਲੇਂਦਰ ਸ਼ਾਹ ਦੀ ਅਗਵਾਈ ਹੇਠ ਬਣੀ ਨਵੀਂ ਸਰਕਾਰ ਨੇ ਜਾਂਚ ਕਮਿਸ਼ਨ ਦੀ ਰਿਪੋਰਟ ਲਾਗੂ ਕਰਦਿਆਂ ਇਹ ਕਾਰਵਾਈ ਕੀਤੀ ਹੈ। ਜਾਂਚ ਕਮਿਸ਼ਨ ਨੇ ਓਲੀ ਅਤੇ ਲੇਖਕ ਖ਼ਿਲਾਫ਼ ਕਾਨੂੰਨੀ ਕਾਰਵਾਈ ਦੀ ਸਿਫ਼ਾਰਸ਼ ਕੀਤੀ ਸੀ। ਇਸੇ ਦੌਰਾਨ ਓਲੀ ਅਤੇ ਲੇਖਕ ਦੀ ਗ੍ਰਿਫ਼ਤਾਰੀ ਵਿਰੁੱਧ ਸੀ.ਪੀ.ਐੱਨ. (ਯੂ.ਐੱਮ.ਐੱਲ.) ਨੇ ਬਾਲੇਨ ਸਰਕਾਰ ਖ਼ਿਲਾਫ਼ ਪ੍ਰਦਰਸ਼ਨ ਕੀਤਾ ਅਤੇ ਜਾਂਚ ਰਿਪੋਰਟ ਦੀਆਂ ਕਾਪੀਆਂ ਸਾੜੀਆਂ।

ਇਹ ਵੀ ਜ਼ਿਕਰਯੋਗ ਹੈ ਕਿ ਪਿਛਲੇ ਸਾਲ 8 ਅਤੇ 9 ਸਤੰਬਰ ਨੂੰ 'ਜੈੱਨ ਜ਼ੀ' ਅੰਦੋਲਨ ਨੂੰ ਦਬਾਉਣ ਲਈ ਓਲੀ ਦੀ ਅਗਵਾਈ ਹੇਠਲੀ ਸਰਕਾਰ ਨੇ ਕਾਰਵਾਈ ਕੀਤੀ ਸੀ, ਜਿਸ 'ਚ ਕਰੀਬ ਦੋ ਦਰਜਨ ਨੌਜਵਾਨਾਂ ਸਮੇਤ 76 ਵਿਅਕਤੀ ਮਾਰੇ ਗਏ ਸਨ। ਬਾਲੇਂਦਰ ਸ਼ਾਹ ਦੀ ਅਗਵਾਈ ਹੇਠਲੀ ਨਵੀਂ ਸਰਕਾਰ ਨੇ ਸ਼ੁੱਕਰਵਾਰ ਨੂੰ ਪਹਿਲੀ ਕੈਬਨਿਟ ਮੀਟਿੰਗ ਦੌਰਾਨ ਜਾਂਚ ਕਮਿਸ਼ਨ ਵੱਲੋਂ ਕੀਤੀਆਂ ਸਿਫ਼ਾਰਸ਼ਾਂ ਤੁਰੰਤ ਲਾਗੂ ਕਰਨ ਦਾ ਫ਼ੈਸਲਾ ਕੀਤਾ। ਓਲੀ ਦੀ ਗ੍ਰਿਫ਼ਤਾਰੀ ਮਗਰੋਂ ਗ੍ਰਹਿ ਮੰਤਰੀ ਸੂਦਨ ਗੁਰੰਗ ਨੇ ਸੋਸ਼ਲ ਮੀਡੀਆ ਪੋਸਟ 'ਚ ਲਿਖਿਆ, "ਕੋਈ ਵੀ ਕਾਨੂੰਨ ਤੋਂ ਉਪਰ ਨਹੀਂ ਹੈ।" ਉਨ੍ਹਾਂ ਕਿਹਾ ਕਿ ਇਹ ਕਿਸੇ ਖ਼ਿਲਾਫ਼ ਬਦਲਾਖ਼ੋਰੀ ਨਹੀਂ, ਸਗੋਂ ਇਨਸਾਫ਼ ਦੀ ਸ਼ੁਰੂਆਤ ਹੈ। ਹੁਣ ਮੁਲਕ ਨਵੀਂ ਦਿਸ਼ਾ ਵੱਲ ਵਧੇਗਾ। ਜਾਂਚ ਕਮਿਸ਼ਨ ਨੇ ਤਿੰਨ ਤੋਂ 10 ਸਾਲ ਸਜ਼ਾ ਦੀ ਸਿਫ਼ਾਰਸ਼ ਕੀਤੀ ਹੈ।

# ਪਾਕਿਸਤਾਨ ਨੇ ਇਮਰਾਨ ਖਾਨ ਦੇ ਬੇਟੇ ਦੇ ਯੂ.ਐੱਨ. 'ਚ ਦਿੱਤੇ ਭਾਸ਼ਨ ਨੂੰ ਦੱਸਿਆ 'ਦੇਸ਼ ਵਿਰੋਧੀ'

■ ਪਾਕਿਸਤਾਨ ਨੇ ਇਮਰਾਨ ਖਾਨ ਦੇ ਬੇਟੇ ਦੇ ਯੂ.ਐੱਨ. 'ਚ ਦਿੱਤੇ ਭਾਸ਼ਨ ਨੂੰ ਦੱਸਿਆ 'ਦੇਸ਼ ਵਿਰੋਧੀ'

**ਲਾਹੌਰ, (ਪੰਜਾਬ ਮੇਲ)-** ਪਾਕਿਸਤਾਨ ਦੇ ਸਾਬਕਾ ਪ੍ਰਧਾਨ ਮੰਤਰੀ ਇਮਰਾਨ ਖਾਨ ਦੇ ਬੇਟੇ ਕਾਸਿਮ ਖਾਨ ਵੱਲੋਂ ਸੰਯੁਕਤ ਰਾਸ਼ਟਰ ਮਨੁੱਖੀ ਅਧਿਕਾਰ ਕੌਂਸਲ (ਯੂ.ਐੱਨ.ਐੱਚ.ਆਰ.ਸੀ.) ਵਿੱਚ ਦਿੱਤੇ ਗਏ ਭਾਸ਼ਣ ਤੋਂ ਬਾਅਦ ਪਾਕਿਸਤਾਨੀ ਸਿਆਸਤ ਵਿੱਚ ਨਵਾਂ ਵਿਵਾਦ ਖੜ੍ਹਾ ਹੋ ਗਿਆ ਹੈ। ਪਾਕਿਸਤਾਨ ਸਰਕਾਰ ਨੇ ਕਾਸਿਮ ਖਾਨ ਦੇ ਬਿਆਨਾਂ ਨੂੰ ਦੇਸ਼ ਵਿਰੋਧੀ ਦੱਸਦਿਆਂ ਇਸ ਨੂੰ ਦੇਸ਼ ਦੇ ਆਰਥਿਕ ਹਿੱਤਾਂ ਨੂੰ ਨੁਕਸਾਨ ਪਹੁੰਚਾਉਣ ਦੀ ਕੋਸ਼ਿਸ਼ ਕਰਾਰ ਦਿੱਤਾ ਹੈ। ਪਾਕਿਸਤਾਨ ਸਰਕਾਰ ਅਨੁਸਾਰ, ਕਾਸਿਮ ਖਾਨ ਦੀ ਸਪੀਚ ਪਾਕਿਸਤਾਨ ਨੂੰ ਮਿਲੇ ਜੀਐਸਪੀ ਪਲੱਸ ਦਰਜੇ ਨੂੰ ਕਮਜ਼ੋਰ ਕਰਨ ਦੀ ਇੱਕ 'ਸੋਚੀ-ਸਮਝੀ ਸਾਜ਼ਿਸ਼' ਹੈ। ਫੈਡਰਲ ਸੂਚਨਾ ਮੰਤਰੀ ਅਤਾਉੱਲ੍ਹਾ ਤਰਾਰ ਅਤੇ ਪੰਜਾਬ ਤੇ ਸਿੰਧ ਦੇ ਮੰਤਰੀਆਂ ਨੇ ਸਾਂਝੇ ਤੌਰ 'ਤੇ ਇਸ ਦੀ ਆਲੋਚਨਾ ਕੀਤੀ ਹੈ। ਉਨ੍ਹਾਂ ਕਿਹਾ ਕਿ ਇਹ ਦਰਜਾ ਪਾਕਿਸਤਾਨ ਦੇ ਨਿਰਯਾਤ ਲਈ ਬਹੁਤ ਮਹੱਤਵਪੂਰਨ ਹੈ ਕਿਉਂਕਿ ਇਸ ਨਾਲ ਟੈਕਸਟਾਈਲ ਉਦਯੋਗ ਵਿੱਚ ਨਿਰਯਾਤ 40 ਫੀਸਦੀ ਵਧਿਆ ਹੈ ਅਤੇ ਹਜ਼ਾਰਾਂ ਨੌਕਰੀਆਂ ਪੈਦਾ ਹੋਈਆਂ ਹਨ। ਕਾਸਿਮ ਖਾਨ ਨੇ ਜਿਨੇਵਾ ਵਿੱਚ ਹੋਏ ਯੂ.ਐੱਨ.ਐੱਚ.ਆਰ.ਸੀ. ਦੇ 61ਵੇਂ ਸੈਸ਼ਨ ਦੌਰਾਨ ਅੰਤਰਰਾਸ਼ਟਰੀ ਸੰਸਥਾ ਨੂੰ ਅਪੀਲ ਕੀਤੀ ਕਿ ਉਹ ਪਾਕਿਸਤਾਨ ਸਰਕਾਰ 'ਤੇ ਉਨ੍ਹਾਂ ਦੇ ਪਿਤਾ ਇਮਰਾਨ ਖਾਨ ਦੀ ਤੁਰੰਤ ਰਿਹਾਈ ਲਈ ਦਬਾਅ ਪਾਵੇ। ਉਨ੍ਹਾਂ ਨੇ ਦੋਸ਼ ਲਾਇਆ ਕਿ ਉਨ੍ਹਾਂ ਦੇ ਪਿਤਾ ਦੇ ਖਿਲਾਫ ਸਰਕਾਰ ਵੱਲੋਂ ਉਤਪੀੜਨ ਕੀਤਾ ਜਾ ਰਿਹਾ ਹੈ ਅਤੇ ਮੰਗ ਕੀਤੀ ਕਿ ਸੰਯੁਕਤ ਰਾਸ਼ਟਰ ਵਰਕਿੰਗ ਗਰੁੱਪ ਦੀ ਰਾਏ ਮੁਤਾਬਕ ਉਨ੍ਹਾਂ ਨੂੰ ਰਿਹਾਅ ਕੀਤਾ ਜਾਵੇ। ਪਾਕਿਸਤਾਨੀ ਮੰਤਰੀਆਂ ਨੇ ਗੰਭੀਰ ਦੋਸ਼ ਲਾਉਂਦਿਆਂ ਕਿਹਾ ਕਿ ਕਾਸਿਮ ਖਾਨ ਅਤੇ ਪੀ.ਟੀ.ਆਈ. ਨੇਤਾ ਜ਼ੁਲਫੀ ਬੁਖਾਰੀ ਵਰਗੇ ਲੋਕ ਯੂਰਪੀ ਸੰਘ ਵਿੱਚ ਇਜ਼ਰਾਈਲੀ ਲਾਬੀ ਅਤੇ ਪਾਬੰਦੀਸ਼ੁਦਾ ਸੰਗਠਨ ਬੀ.ਐਲ.ਏ. ਨਾਲ ਮਿਲ ਕੇ ਕੰਮ ਕਰ ਰਹੇ ਹਨ। ਉਨ੍ਹਾਂ ਅਨੁਸਾਰ, ਇਹ ਸਮੂਹ ਪਾਕਿਸਤਾਨ ਵਿਰੋਧੀ ਗਤੀਵਿਧੀਆਂ ਵਿੱਚ ਸ਼ਾਮਲ ਹੈ ਅਤੇ ਆਪਣੇ ਸਿਆਸੀ ਹਿੱਤਾਂ ਲਈ ਆਮ ਜਨਤਾ ਦੀ ਰੋਜ਼ੀ-ਰੋਟੀ ਖੋਹਣ ਦੀ ਕੋਸ਼ਿਸ਼ ਕਰ ਰਿਹਾ ਹੈ। ਦੂਜੇ ਪਾਸੇ, ਪਾਕਿਸਤਾਨ ਤਹਿਰੀਕ-ਏ-ਇਨਸਾਫ਼ ਦੇ ਬੁਲਾਰੇ ਸ਼ੇਖ ਵਕਾਸ ਅਕਰਮ ਨੇ ਇਨ੍ਹਾਂ ਦੋਸ਼ਾਂ ਨੂੰ ਸਿਰੇ ਤੋਂ ਖਾਰਜ ਕਰ ਦਿੱਤਾ ਹੈ। ਉਨ੍ਹਾਂ ਕਿਹਾ ਕਿ ਕਾਸਿਮ ਖਾਨ ਨੇ ਆਪਣੇ ਭਾਸ਼ਣ ਵਿੱਚ ਅਜਿਹਾ ਕੁਝ ਨਹੀਂ ਕਿਹਾ ਜਿਸ ਨਾਲ ਪਾਕਿਸਤਾਨ ਦੇ ਰਾਸ਼ਟਰੀ ਹਿੱਤਾਂ ਨੂੰ ਨੁਕਸਾਨ ਪਹੁੰਚੇ। ਉਨ੍ਹਾਂ ਸਪੱਸ਼ਟ ਕੀਤਾ ਕਿ ਕਾਸਿਮ ਦੇ ਭਾਸ਼ਣ ਵਿੱਚ ਜੀਐਸਪੀ ਪਲੱਸ ਦਰਜੇ ਦੇ ਖਿਲਾਫ ਇੱਕ ਵੀ ਸ਼ਬਦ ਨਹੀਂ ਵਰਤਿਆ ਗਿਆ ਸੀ।

# ਈਰਾਨ ਇਜ਼ਰਾਈਲ ਜੰਗ : ਅਮਰੀਕਾ ਨੇ ਮਹਾਨ ਏਅਰ ਦੇ ਜਹਾਜ਼ ਨੂੰ ਬਣਾਇਆ ਨਿਸ਼ਾਨਾ!

**ਮਸ਼ਹਦ/ਨਵੀਂ ਦਿੱਲੀ, (ਪੰਜਾਬ ਮੇਲ)-** ਈਰਾਨ ਦੇ ਮਸ਼ਹਦ ਅੰਤਰਰਾਸ਼ਟਰੀ ਹਵਾਈ ਅੱਡੇ 'ਤੇ ਅਮਰੀਕਾ ਵੱਲੋਂ ਕੀਤੇ ਗਏ ਇੱਕ ਹਮਲੇ ਵਿਚ ਮਹਾਨ ਏਅਰ (Mahan Air) ਦਾ ਇੱਕ ਜਹਾਜ਼ ਨਿਸ਼ਾਨਾ ਬਣਿਆ ਹੈ। ਇਸ ਹਮਲੇ ਕਾਰਨ ਭਾਰਤ ਅਤੇ ਈਰਾਨ ਵਿਚਾਲੇ ਚੱਲ ਰਹੇ ਮਾਨਵਤਾਵਾਦੀ ਸਹਾਇਤਾ ਮਿਸ਼ਨ ਵਿਚ ਵੱਡੀ ਰੁਕਾਵਟ ਪੈਦਾ ਹੋ ਗਈ ਹੈ।

ਇਹ ਜਹਾਜ਼ 1 ਅਪ੍ਰੈਲ ਨੂੰ ਸਵੇਰੇ 4:00 ਵਜੇ ਨਵੀਂ ਦਿੱਲੀ ਪਹੁੰਚਣਾ ਸੀ, ਤਾਂ ਜੋ ਉੱਥੋਂ ਸਹਾਇਤਾ ਸਮੱਗਰੀ ਇਕੱਠੀ ਕੀਤੀ ਜਾ ਸਕੇ। ਇਸ ਵਿਸ਼ੇਸ਼ ਉਡਾਣ ਰਾਹੀਂ ਭਾਰਤ ਤੋਂ ਈਰਾਨ ਲਈ 11 ਟਨ ਮਾਨਵਤਾਵਾਦੀ ਸਹਾਇਤਾ, ਜਿਸ ਵਿਚ ਮੁੱਖ ਤੌਰ 'ਤੇ ਦਵਾਈਆਂ ਸ਼ਾਮਲ ਸਨ, ਲਿਜਾਈ ਜਾਣੀ ਸੀ। ਜ਼ਿਕਰਯੋਗ ਹੈ ਕਿ ਭਾਰਤ ਨੇ 18 ਮਾਰਚ, 2026 ਨੂੰ ਈਰਾਨ ਨੂੰ ਸਹਾਇਤਾ ਦੀ ਪਹਿਲੀ ਖੇਪ ਭੇਜੀ ਸੀ, ਜਿਸ ਨੂੰ ਨਵੀਂ ਦਿੱਲੀ ਨੇ ਦੋਵਾਂ ਦੇਸ਼ਾਂ ਦੇ ਪ੍ਰਾਚੀਨ ਸੱਭਿਆਚਾਰਕ ਅਤੇ ਦੋਸਤਾਨਾ ਸਬੰਧਾਂ ਦੇ ਪ੍ਰਤੀਕ ਵਜੋਂ ਦੱਸਿਆ ਸੀ।

ਇਸ ਘਟਨਾ ਨੇ ਈਰਾਨ ਵਿਚ ਵਪਾਰਕ ਹਵਾਬਾਜ਼ੀ ਦੀ ਸੁਰੱਖਿਆ ਨੂੰ ਲੈ ਕੇ ਗੰਭੀਰ ਚਿੰਤਾਵਾਂ ਪੈਦਾ ਕਰ ਦਿੱਤੀਆਂ ਹਨ। ਸਰੋਤਾਂ ਅਨੁਸਾਰ, ਜੰਗ ਦੇ ਸ਼ੁਰੂਆਤੀ ਦੌਰ ਵਿਚ ਵੀ ਮੇਹਰਾਬਾਦ ਹਵਾਈ ਅੱਡੇ 'ਤੇ ਇਜ਼ਰਾਈਲੀ ਹਮਲਿਆਂ ਦੌਰਾਨ ਲਗਭਗ 16-17 ਵਪਾਰਕ ਯਾਤਰੀ ਅਤੇ ਮਾਲਵਾਹਕ ਜਹਾਜ਼ ਤਬਾਹ ਹੋ ਗਏ ਸਨ।

ਇਜ਼ਰਾਈਲ ਨੇ ਪਹਿਲਾਂ ਇਹ ਦਾਅਵਾ ਕੀਤਾ ਸੀ ਕਿ ਇਹ ਉਡਾਣਾਂ ਆਈ.ਆਰ.ਜੀ.ਸੀ. (ਕੁਦਸ ਫੋਰਸ) ਨਾਲ ਸਬੰਧਤ ਸਨ ਅਤੇ ਇਨ੍ਹਾਂ ਦੀ ਵਰਤੋਂ ਅੱਤਵਾਦੀਆਂ ਨੂੰ ਹਥਿਆਰ ਸਪਲਾਈ ਕਰਨ ਲਈ ਕੀਤੀ ਜਾ ਰਹੀ ਸੀ। ਇਜ਼ਰਾਈਲ ਦਾ ਇਹ ਵੀ ਦੋਸ਼ ਹੈ ਕਿ ਈਰਾਨ ਰੂਸ-ਯੂਕਰੇਨ ਜੰਗ ਲਈ ਹਥਿਆਰ ਭੇਜਣ ਵਾਸਤੇ ਮਹਾਨ ਏਅਰ ਵਰਗੇ ਵਪਾਰਕ ਜਹਾਜ਼ਾਂ ਦੀ ਵਰਤੋਂ ਕਰਦਾ ਹੈ। ਹਾਲਾਂਕਿ, ਸੈਟੇਲਾਈਟ ਤਸਵੀਰਾਂ ਨੇ ਇਹ ਪੁਸ਼ਟੀ ਕੀਤੀ ਹੈ ਕਿ ਇਹ ਸਿਰਫ ਯਾਤਰੀ ਜਹਾਜ਼ ਸਨ। ਤਾਜ਼ਾ ਹਮਲੇ ਦਾ ਸ਼ਿਕਾਰ ਹੋਇਆ ਜਹਾਜ਼ ਖਾਸ ਤੌਰ 'ਤੇ ਭਾਰਤ ਤੋਂ ਦਵਾਈਆਂ ਲਿਆਉਣ ਲਈ ਤੈਅ ਕੀਤਾ ਗਿਆ ਸੀ।

# ਪੱਛਮੀ ਏਸ਼ੀਆ ਸੰਘਰਸ਼: ਵੱਖ-ਵੱਖ ਘਟਨਾਵਾਂ 'ਚ 8 ਭਾਰਤੀਆਂ ਦੀ ਮੌਤ; 1 ਲਾਪਤਾ

■ ਲਗਪਗ 5.5 ਲੱਖ ਭਾਰਤ ਪਰਤੇ



**ਨਵੀਂ ਦਿੱਲੀ, (ਪੰਜਾਬ ਮੇਲ)-** ਪੱਛਮੀ ਏਸ਼ੀਆ ਸੰਘਰਸ਼ ਦੇ ਵਿਚਕਾਰ ਵਿਦੇਸ਼ ਮੰਤਰਾਲੇ (ਐੱਮ.ਈ.ਏ.) ਨੇ ਸੋਮਵਾਰ ਨੂੰ ਕਿਹਾ ਕਿ ਖੇਤਰ ਵਿਚ "ਵੱਖ-ਵੱਖ ਘਟਨਾਵਾਂ" ਵਿਚ ਅੱਠ ਭਾਰਤੀ ਨਾਗਰਿਕਾਂ ਦੀ ਜਾਨ ਚਲੀ ਗਈ ਹੈ, ਜਦੋਂ ਕਿ ਇੱਕ ਲਾਪਤਾ ਹੈ। ਪੱਛਮੀ ਏਸ਼ੀਆ ਦੀ ਸਥਿਤੀ 'ਤੇ ਇੱਥੇ ਇੱਕ ਅੰਤਰ-ਮੰਤਰਾਲਾ ਬ੍ਰੀਫਿੰਗ ਵਿਚ ਵਿਦੇਸ਼ ਮੰਤਰਾਲੇ ਦੇ ਵਧੀਕ ਸਕੱਤਰ (ਖਾੜੀ), ਅਸੀਮ ਆਰ ਮਹਾਜਨ ਨੇ ਇਹ ਵੀ ਕਿਹਾ, "ਕੁਵੈਤ ਵਿਚ ਇੱਕ ਹਮਲੇ ਵਿਚ ਇੱਕ ਭਾਰਤੀ ਨਾਗਰਿਕ ਦੀ ਮੰਦਭਾਗੀ ਮੌਤ ਹੋ ਗਈ ਸੀ।"

ਹਾਲਾਂਕਿ ਉਨ੍ਹਾਂ ਨੇ ਇਸ ਮੌਤ ਦੇ ਹਾਲਾਤਾਂ ਬਾਰੇ ਵਿਸਥਾਰ ਵਿਚ ਨਹੀਂ ਦੱਸਿਆ। ਉਨ੍ਹਾਂ ਕਿਹਾ, "ਅਸੀਂ ਮ੍ਰਿਤਕ ਦੇ ਪਰਿਵਾਰ ਨਾਲ ਡੂੰਘੀ ਹਮਦਰਦੀ ਪ੍ਰਗਟ ਕਰਦੇ ਹਾਂ। ਕੁਵੈਤ ਵਿਚ ਸਾਡਾ ਮਿਸ਼ਨ ਮ੍ਰਿਤਕ ਦੇ ਪਰਿਵਾਰ ਦੇ ਸੰਪਰਕ ਵਿਚ ਹੈ ਅਤੇ ਹਰ ਤਰ੍ਹਾਂ ਦੀ ਸਹਾਇਤਾ ਪ੍ਰਦਾਨ ਕਰਨ ਅਤੇ ਉਸਦੀ ਮ੍ਰਿਤਕ ਦੇਹ ਨੂੰ ਜਲਦੀ ਭਾਰਤ ਵਾਪਸ ਭੇਜਣ ਲਈ ਸਥਾਨਕ ਅਧਿਕਾਰੀਆਂ ਨਾਲ ਨਜ਼ਦੀਕੀ ਤਾਲਮੇਲ ਕਰ ਰਿਹਾ ਹੈ।"

20 ਮਾਰਚ ਨੂੰ ਪੱਛਮੀ ਏਸ਼ੀਆ ਦੀ ਸਥਿਤੀ 'ਤੇ ਅੰਤਰ-ਮੰਤਰਾਲਾ ਬ੍ਰੀਫਿੰਗ ਦੌਰਾਨ ਮਹਾਜਨ ਨੇ ਪੱਤਰਕਾਰਾਂ ਨੂੰ ਦੱਸਿਆ ਸੀ ਕਿ "ਵੱਖ-ਵੱਖ ਘਟਨਾਵਾਂ" ਵਿਚ 6 ਭਾਰਤੀ ਨਾਗਰਿਕਾਂ ਦੀ ਜਾਨ ਗਈ ਸੀ, ਜਦੋਂ ਕਿ ਇੱਕ ਲਾਪਤਾ ਸੀ। ਸੋਮਵਾਰ ਨੂੰ ਉਨ੍ਹਾਂ ਨੇ ਤਾਜ਼ਾ ਜਾਣਕਾਰੀ ਸਾਂਝੀ ਕਰਦਿਆਂ ਕਿਹਾ, "ਮੰਦਭਾਗੀ ਗੱਲ ਹੈ ਕਿ 8 ਭਾਰਤੀ ਨਾਗਰਿਕਾਂ ਦੀ ਮੌਤ ਹੋ ਗਈ ਹੈ ਅਤੇ ਵੱਖ-ਵੱਖ ਘਟਨਾਵਾਂ ਵਿਚ ਇੱਕ ਭਾਰਤੀ ਨਾਗਰਿਕ ਲਾਪਤਾ ਹੈ।"

ਸਾਊਦੀ ਅਰਬ ਸਥਿਤ ਭਾਰਤੀ ਦੂਤਾਵਾਸ ਨੇ ਹਾਲ ਹੀ ਵਿਚ ਕਿਹਾ ਸੀ ਕਿ 18 ਮਾਰਚ ਦੀਆਂ ਤਾਜ਼ਾ ਘਟਨਾਵਾਂ ਕਾਰਨ ਰਿਆਦ ਵਿਚ ਇੱਕ ਭਾਰਤੀ ਨਾਗਰਿਕ ਮਾਰਿਆ ਗਿਆ ਸੀ। ਮੰਤਰਾਲੇ ਨੇ ਇਹ ਵੀ ਸਾਂਝਾ ਕੀਤਾ ਕਿ 28 ਫਰਵਰੀ ਤੋਂ ਹੁਣ ਤੱਕ ਖੇਤਰ ਤੋਂ ਲਗਪਗ 5.5 ਲੱਖ ਯਾਤਰੀ ਭਾਰਤ ਵਾਪਸ ਆਏ ਹਨ। ਵਿਦੇਸ਼ ਮੰਤਰਾਲੇ ਨੇ ਸੋਮਵਾਰ ਨੂੰ ਦੁਹਰਾਇਆ ਕਿ ਉਹ ਖਾੜੀ ਅਤੇ ਪੱਛਮੀ ਏਸ਼ੀਆ ਖੇਤਰ ਵਿਚ ਬਦਲਦੀ ਸਥਿਤੀ ਦੀ ਨੇੜਿਓਂ ਨਿਗਰਾਨੀ ਕਰਨਾ ਜਾਰੀ ਰੱਖ ਰਿਹਾ ਹੈ। ਵਿਦੇਸ਼ ਮੰਤਰਾਲੇ ਦੇ ਬੁਲਾਰੇ ਰਣਧੀਰ ਜੈਸਵਾਲ ਨੇ ਕਿਹਾ, "ਅਸੀਂ ਸੰਜਮ ਵਰਤਣ ਅਤੇ ਤਣਾਅ ਘਟਾਉਣ ਦੀ ਅਪੀਲ ਜਾਰੀ ਰੱਖਦੇ ਹਾਂ ਅਤੇ ਨਾਲ ਹੀ ਸੰਘਰਸ਼ ਨੂੰ ਜਲਦੀ ਖਤਮ ਕਰਨ ਦੇ ਸਾਧਨ ਵਜੋਂ ਗੱਲਬਾਤ ਅਤੇ ਕੂਟਨੀਤੀ 'ਤੇ ਜ਼ੋਰ ਦਿੰਦੇ ਹਾਂ।"




# ਧੋਖਾਧੜੀ ਦੇ ਖਤਰੇ ਦੇ ਬਾਵਜੂਦ ਭਾਰਤੀਆਂ ਨੂੰ ਮਿਲੇ ਵੱਧ ਕੈਨੇਡਾ ਦੇ ਵੀਜ਼ੇ : ਰਿਪੋਰਟ

ਓਟਾਵਾ, (ਪੰਜਾਬ ਮੇਲ)- ਕੈਨੇਡਾ ਦੇ ਆਡੀਟਰ ਜਨਰਲ ਵੱਲੋਂ ਸੰਸਦ ਵਿਚ ਪੇਸ਼ ਕੀਤੀ ਗਈ ਇੱਕ ਤਾਜ਼ਾ ਰਿਪੋਰਟ ਵਿਚ ਖੁਲਾਸਾ ਕੀਤਾ ਗਿਆ ਹੈ ਕਿ ਭਾਰਤ ਉਨ੍ਹਾਂ ਦੇਸ਼ਾਂ ਵਿਚੋਂ ਸਭ ਤੋਂ ਅੱਗੇ ਹੈ, ਜਿੱਥੇ ਸਟੂਡੈਂਟ ਵੀਜ਼ਾ ਅਰਜ਼ੀਆਂ ਵਿਚ ਵੱਡੇ ਪੱਧਰ 'ਤੇ ਧੋਖਾਧੜੀ ਦੇ ਖ਼ਤਰੇ ਦੇ ਬਾਵਜੂਦ ਵੀਜ਼ਾ ਪ੍ਰਵਾਨਗੀ ਦਰ ਬਹੁਤ ਉੱਚੀ ਰਹੀ ਹੈ।

**ਕੈਨੇਡਾ ਵਿਚ ਸਾਲਾਨਾ ਵਿਦੇਸ਼ੀ ਵਿਦਿਆਰਥੀਆਂ ਦੀ ਆਮਦ (% ਵਿਚ)**

| ਖੇਤਰ | 2023 | 2024 | 2025 |
|---|---|---|---|
| ਯੂਰਪ | 3 | 8 | 21.2 |
| ਚੀਨ | 4,8 | 10.3 | 18.9 |
| ਅਮਰੀਕਾ ਅਤੇ ਕੈਰੇਬੀਅਨ | 6.4 | 8.5 | 13.7 |
| ਭਾਰਤ | 51.6 | 33.6 | 8.1 |
| ਇੰਡੋ-ਪੈਸੀਫਿਕ | 14 | 15.9 | 19.4 |
| ਅਫਰੀਕਾ | 17.4 | 20.4 | 15.4 |
| ਪੱਛਮੀ ਏਸ਼ੀਆ | 2.8 | 3.4 | 3.3 |

ਆਡੀਟਰ ਜਨਰਲ ਕੇਰਨ ਹੋਗਨ ਦੀ ਰਿਪੋਰਟ ਮੁਤਾਬਕ ਜਿੱਥੇ ਨਵੇਂ ਭਾਰਤੀ ਵਿਦਿਆਰਥੀਆਂ ਨੂੰ ਜਾਰੀ ਕੀਤੇ ਗਏ ਵੀਜ਼ਿਆਂ ਦੀ ਕੁੱਲ ਗਿਣਤੀ 2023 ਵਿਚ 51.6% ਤੋਂ ਘੱਟ ਕੇ 2025 ਵਿਚ (ਸਤੰਬਰ ਤੱਕ) 8.1% ਹੋ ਗਈ, ਉੱਥੇ ਸਟੂਡੈਂਟ ਡਾਇਰੈਕਟ ਸਟ੍ਰੀਮ (ਐੱਸ.ਡੀ.ਐੱਸ.) ਦੇ ਤਹਿਤ ਭਾਰਤ ਦੇ ਵਿਦਿਆਰਥੀਆਂ ਲਈ ਪ੍ਰਵਾਨਗੀ ਦਰ, ਜਿਸ ਵਿਚ ਇੱਕ ਫਾਸਟ-ਟਰੈਕ ਸਹੂਲਤ ਵੀ ਸ਼ਾਮਲ ਸੀ, 2022 ਵਿਚ 61% ਤੋਂ ਵੱਧ ਕੇ 2024 ਵਿਚ 98% ਹੋ ਗਈ। ਇਹ ਵਾਧਾ ਉਦੋਂ ਦੇਖਿਆ ਗਿਆ, ਜਦੋਂ ਇਮੀਗ੍ਰੇਸ਼ਨ ਵਿਭਾਗ (ਆਈ.ਆਰ.ਸੀ.ਸੀ.) ਨੂੰ ਪਹਿਲਾਂ ਹੀ ਚੇਤਾਵਨੀਆਂ ਮਿਲ ਰਹੀਆਂ ਸਨ ਕਿ ਇਸ ਪ੍ਰਣਾਲੀ ਦੀ ਦੁਰਵਰਤੋਂ ਹੋ ਰਹੀ ਹੈ। ਇਹ ਧੋਖਾਧੜੀ ਅਜਿਹੇ ਵਿਦਿਆਰਥੀ ਕਰ ਰਹੇ ਸਨ, ਜੋ ਕੈਨੇਡਾ ਵਿਚ ਐਂਟਰੀ ਪਾਉਣਾ ਚਾਹੁੰਦੇ ਸਨ। ਇਸ ਧੋਖਾਧੜੀ ਨੂੰ ਰੋਕਣ ਲਈ 2024 ਦੇ ਅਖੀਰ ਤੱਕ ਕੈਨੇਡਾ ਨੇ ਐੱਸ.ਡੀ.ਐੱਸ. ਪ੍ਰੋਗਰਾਮ ਤੋਂ ਫਾਸਟ ਟ੍ਰੈਕ ਦੀ ਸਹੂਲਤ ਹਟਾ ਦਿੱਤੀ। ਗੌਰਤਲਬ ਹੈ ਕਿ ਕੈਨੇਡਾ ਵਿਚ ਭਾਰਤੀ ਵਿਦਿਆਰਥੀ ਦੀ ਗਿਣਤੀ ਘਟਣ ਦੀ ਮੁੱਖ ਵਜ੍ਹਾ ਐੱਸ.ਡੀ.ਐੱਸ. ਸਹੂਲਤ ਬੰਦ ਕਰਨਾ ਅਤੇ ਕੌਮਾਂਤਰੀ ਵਿਦਿਆਰਥੀਆਂ ਨੂੰ ਦਿੱਤੇ ਜਾਣ ਵਾਲੇ ਸਟੱਡੀ ਪਰਮਿਟ 'ਤੇ 30-35 ਫੀਸਦੀ ਕੈਪ ਲਗਾਉਣਾ ਸੀ।

ਆਡਿਟ ਰਿਪੋਰਟ ਵਿਚ ਚੇਤਾਵਨੀ ਦਿੱਤੀ ਗਈ ਕਿ ਜਦੋਂ ਕਿ ਐੱਸ.ਡੀ.ਐੱਸ. ਵਾਪਸ ਲੈਣ ਨਾਲ ਨਵੇਂ ਸਟੱਡੀ ਪਰਮਿਟ ਅਰਜ਼ੀਆਂ ਨਾਲ ਜੁੜੇ ਜੋਖਮ ਘਟੇ ਹਨ, ਉੱਥੇ ਭਾਰਤੀ ਵਿਦਿਆਰਥੀਆਂ ਨੂੰ ਪਹਿਲਾਂ ਹੀ ਜਾਰੀ ਕੀਤੇ ਗਏ ਵਿਦਿਆਰਥੀ ਵੀਜ਼ਿਆਂ ਦੀ ਬਹੁਤ ਜ਼ਿਆਦਾ ਗਿਣਤੀ ਜੋਖਮ ਨੂੰ ਜ਼ਿੰਦਾ ਰੱਖਦੀ ਹੈ, ਕਿਉਂਕਿ ਬਹੁਤ ਸਾਰੇ ਠਹਿਰਨ ਦੀ ਮਿਆਦ ਵਧਾਉਣ ਲਈ ਅਰਜ਼ੀ ਦਿੰਦੇ ਹਨ।

ਆਡਿਟ ਵਿਚ ਭਾਰਤੀ ਵਿਦਿਆਰਥੀਆਂ ਨੂੰ ਵੱਡੀ ਗਿਣਤੀ ਵਿਚ ਵੀਜ਼ਾ ਪ੍ਰਵਾਨਗੀ ਦਿੱਤੇ ਜਾਣ 'ਤੇ ਸਵਾਲ ਚੁੱਕੇ ਗਏ। ਜ਼ਿਕਰਯੋਗ ਹੈ ਕਿ ਐੱਸ.ਡੀ.ਐੱਸ. ਪ੍ਰਣਾਲੀ ਨੂੰ 2018 ਵਿਚ ਭਾਰਤ ਸਮੇਤ ਕੁਝ ਦੇਸ਼ਾਂ ਲਈ ਸ਼ੁਰੂ ਕੀਤਾ ਗਿਆ ਸੀ। ਇੰਟਰਨੈਸ਼ਨਲ ਸਟੂਡੈਂਟ ਪ੍ਰੋਗਰਾਮ ਰਿਫਾਰਮਸ ਦੇ ਆਡਿਟ 'ਚ ਪਾਇਆ ਗਿਆ ਕਿ 2022-2024 ਦੌਰਾਨ "ਸਟੂਡੈਂਟ ਡਾਇਰੈਕਟ ਸਟ੍ਰੀਮ" ਵਿਚ ਲਗਭਗ ਸਾਰੀਆਂ ਪ੍ਰਵਾਨਿਤ ਅਰਜ਼ੀਆਂ ਭਾਰਤ ਤੋਂ ਆਈਆਂ ਸਨ ਪਰ ਆਈ.ਆਰ.ਸੀ.ਸੀ. ਨੇ ਲਾਪ੍ਰਵਾਹੀ ਵਰਤੀ ਤੇ ਫਰਜ਼ੀ ਦਸਤਾਵੇਜ ਵਾਲੇ ਭਾਰਤੀਆਂ ਨੂੰ ਕੈਨੇਡਾ ਵਿਚ ਰਹਿਣ ਦਾ ਮੌਕਾ ਮਿਲ ਗਿਆ।

ਜਨਵਰੀ 2023 ਅਤੇ ਸਤੰਬਰ 2025 ਵਿਚਕਾਰ ਸਟੱਡੀ ਪਰਮਿਟ ਐਕਸਟੈਂਸ਼ਨਾਂ ਲਈ ਪ੍ਰਵਾਨਗੀ ਦਰਾਂ 94% ਤੋਂ 95% ਤੱਕ ਸਨ, ਜਦੋਂ ਕਿ ਨਵੇਂ ਸਟੱਡੀ ਪਰਮਿਟਾਂ ਲਈ 38% ਅਤੇ 58% ਦੇ ਵਿਚਕਾਰ ਸਨ। ਆਡਿਟ ਰਿਪੋਰਟ ਵਿਚ ਇਹ ਵੀ ਕਿਹਾ ਗਿਆ ਹੈ ਕਿ ਆਈ.ਆਰ.ਸੀ.ਸੀ. ਕਈ ਮਾਮਲਿਆਂ 'ਚ ਅੱਗੇ ਦੀ ਕਾਰਵਾਈ ਕਰਨ ਵਿਚ ਅਸਫਲ ਰਿਹਾ, ਜਿੱਥੇ ਸਟੱਡੀ ਪਰਮਿਟ ਜਾਰੀ ਕੀਤੇ ਜਾਣ ਤੋਂ ਬਾਅਦ ਧੋਖਾਧੜੀ ਵਾਲੇ ਦਸਤਾਵੇਜ਼ਾਂ ਦਾ ਪਤਾ ਲੱਗਿਆ ਸੀ। ਆਡਿਟ ਦੌਰਾਨ ਤਿੰਨ ਜਾਂਚ ਰਿਪੋਰਟਾਂ ਦੀ ਸਮੀਖਿਆ ਕੀਤੀ ਗਈ, ਜਿਸ ਵਿਚ 2018 ਤੋਂ 2023 ਵਿਚਕਾਰ ਜਾਰੀ ਕੀਤੇ ਗਏ 800 ਪ੍ਰਵਾਨਿਤ ਸਟੂਡੈਂਟ ਵੀਜ਼ੇ ਜਾਰੀ ਕੀਤੇ ਗਏ ਸਨ। ਇਨ੍ਹਾਂ ਵਿਚੋਂ 541 (68 ਫੀਸਦੀ) ਪਰਮਿਟ ਐੱਸ.ਡੀ.ਐੱਸ. ਤਹਿਤ ਜਾਰੀ ਕੀਤੇ ਗਏ ਸਨ, ਜਿਨ੍ਹਾਂ ਵਿਚ ਬਿਨੈਕਾਰਾਂ ਨੇ ਜਾਂ ਤਾਂ ਧੋਖਾਧੜੀ ਵਾਲੇ ਦਸਤਾਵੇਜ਼ਾਂ ਦੀ ਵਰਤੋਂ ਕੀਤੀ ਸੀ ਜਾਂ ਫਿਰ ਗਲਤ ਜਾਣਕਾਰੀ ਦਿੱਤੀ ਸੀ।

ਚਿੰਤਾ ਦੀ ਗੱਲ ਇਹ ਹੈ ਕਿ ਇਨ੍ਹਾਂ 800 ਮਾਮਲਿਆਂ ਵਿਚੋਂ 92 ਫੀਸਦੀ ਲੋਕ ਜਾਂ ਤਾਂ ਕੈਨੇਡਾ ਵਿਚ ਪੱਕੇ ਹੋਣ (ਪੀ.ਆਰ.) ਦੀ ਪ੍ਰਕਿਰਿਆ ਵਿਚ ਹਨ ਜਾਂ ਪਹਿਲਾਂ ਹੀ ਹੋਰ ਵੀਜ਼ੇ ਹਾਸਲ ਕਰ ਚੁੱਕੇ ਹਨ। ਆਡਿਟ ਨੇ ਇਹ ਵੀ ਦੱਸਿਆ ਕਿ 2023 ਅਤੇ 2024 ਵਿਚ ਵੀਜ਼ਾ ਸ਼ਰਤਾਂ ਦੀ ਸੰਭਾਵਿਤ ਗੈਰ-ਪਾਲਣਾ ਲਈ ਲਗਭਗ 150,000 ਕੇਸ ਅੰਦਰੂਨੀ ਤੌਰ 'ਤੇ ਫਲੈਗ ਕੀਤੇ ਗਏ ਸਨ। ਫੰਡਾਂ ਦੀ ਘਾਟ ਕਾਰਨ, ਇਨ੍ਹਾਂ ਵਿਚੋਂ ਸਿਰਫ਼ 4,000 ਅਲਰਟਾਂ ਦੀ ਜਾਂਚ ਕੀਤੀ ਗਈ - ਜਿਨ੍ਹਾਂ ਵਿਚੋਂ ਲਗਭਗ 1,600 ਨੂੰ ਅਧੂਰੇ ਸਮਝ ਕੇ ਬੰਦ ਕਰ ਦਿੱਤਾ ਗਿਆ ਕਿਉਂਕਿ ਸਬੰਧਤ ਵਿਦਿਆਰਥੀਆਂ ਨੇ ਆਈ.ਆਰ.ਸੀ.ਸੀ. ਦੇ ਸਵਾਲਾਂ ਦਾ ਜਵਾਬ ਨਹੀਂ ਦਿੱਤਾ।

# ਪਾਕਿਸਤਾਨ ਅੱਤਵਾਦੀ ਸੰਗਠਨਾਂ ਦਾ 'ਪੁਰਾਣਾ ਅੱਡਾ' ਅਤੇ ਸੁਰੱਖਿਅਤ ਪਨਾਹਗਾਹ : ਅਮਰੀਕੀ ਰਿਪੋਰਟ

ਵਾਸ਼ਿੰਗਟਨ, (ਪੰਜਾਬ ਮੇਲ)- ਈਰਾਨ ਅਤੇ ਅਮਰੀਕਾ ਵਿਚਕਾਰ ਜਾਰੀ ਤਣਾਅ ਦਰਮਿਆਨ ਖੁਦ ਨੂੰ ਵਿਚੋਲੇ ਵਜੋਂ ਪੇਸ਼ ਕਰਨ ਦੀ ਕੋਸ਼ਿਸ਼ ਕਰ ਰਹੇ ਪਾਕਿਸਤਾਨ ਨੂੰ ਅਮਰੀਕਾ ਨੇ ਵੱਡਾ ਝਟਕਾ ਦਿੱਤਾ ਹੈ। ਅਮਰੀਕੀ ਸੰਸਦ (ਕਾਂਗਰਸ) ਦੀ ਇੱਕ ਤਾਜ਼ਾ ਖੋਜ ਰਿਪੋਰਟ ਵਿਚ ਪਾਕਿਸਤਾਨ ਨੂੰ ਕਈ ਅੱਤਵਾਦੀ ਸੰਗਠਨਾਂ ਦਾ 'ਪੁਰਾਣਾ ਅੱਡਾ' ਅਤੇ ਸੁਰੱਖਿਅਤ ਪਨਾਹਗਾਹ ਕਰਾਰ ਦਿੱਤਾ ਗਿਆ ਹੈ।

25 ਮਾਰਚ, 2026 ਨੂੰ ਜਾਰੀ ਕੀਤੀ ਗਈ ਇਸ ਰਿਪੋਰਟ ਅਨੁਸਾਰ ਪਾਕਿਸਤਾਨ ਲਗਾਤਾਰ ਅੱਤਵਾਦੀ ਸੰਗਠਨਾਂ ਨੂੰ ਪਨਾਹ ਦੇ ਰਿਹਾ ਹੈ, ਜਿਨ੍ਹਾਂ ਵਿਚੋਂ ਕਈ 1980 ਦੇ ਦਹਾਕੇ ਤੋਂ ਸਰਗਰਮ ਹਨ। ਰਿਪੋਰਟ ਵਿਚ ਮੁੱਖ ਤੌਰ 'ਤੇ ਲਸ਼ਕਰ-ਏ-ਤੋਇਬਾ, ਜੈਸ਼-ਏ-ਮੁਹੰਮਦ ਅਤੇ ਹਿਜ਼ਬੁਲ ਮੁਜਾਹਿਦੀਨ ਵਰਗੇ ਸੰਗਠਨਾਂ ਦਾ ਜ਼ਿਕਰ ਕੀਤਾ ਗਿਆ ਹੈ, ਜੋ ਭਾਰਤ, ਅਫ਼ਗਾਨਿਸਤਾਨ ਅਤੇ ਪਾਕਿਸਤਾਨ ਵਿਚ ਸਰਗਰਮ ਹਨ। ਅਮਰੀਕੀ ਕਾਨੂੰਨ ਤਹਿਤ ਇਨ੍ਹਾਂ ਵਿਚੋਂ ਘੱਟੋ-ਘੱਟ 12 ਸੰਗਠਨਾਂ ਨੂੰ ਵਿਦੇਸ਼ੀ ਅੱਤਵਾਦੀ ਸੰਗਠਨ ਘੋਸ਼ਿਤ ਕੀਤਾ ਜਾ ਚੁੱਕਾ ਹੈ।

ਦ ਰੈਜ਼ਿਸਟੈਂਸ ਫਰੰਟ (ਟੀ.ਆਰ.ਐੱਫ.): ਇਸ ਸੰਗਠਨ ਨੇ ਪਹਿਲਗਾਮ ਵਿਚ ਹਮਲਾ ਕੀਤਾ ਸੀ, ਜਿਸ ਵਿਚ 26 ਲੋਕਾਂ ਦੀ ਮੌਤ ਹੋ ਗਈ ਸੀ।

ਭਾਰਤ ਦਾ ਜਵਾਬ: ਪਹਿਲਗਾਮ ਹਮਲੇ ਦੇ ਜਵਾਬ ਵਿਚ ਭਾਰਤ ਨੇ 7 ਮਈ ਨੂੰ ਪਾਕਿਸਤਾਨ ਵਿਰੁੱਧ 'ਆਪ੍ਰੇਸ਼ਨ ਸਿੰਦੂਰ' ਸ਼ੁਰੂ ਕੀਤਾ ਸੀ, ਜੋ 10 ਮਈ ਨੂੰ ਜੰਗਬੰਦੀ ਤੋਂ ਬਾਅਦ ਖ਼ਤਮ ਹੋਇਆ।

ਅਮਰੀਕੀ ਨੀਤੀ ਰਿਪੋਰਟ 'ਚ ਖੁਲਾਸਾ ਕੀਤਾ ਗਿਆ ਹੈ ਕਿ ਪਾਕਿਸਤਾਨੀ ਅੱਤਵਾਦ ਨੂੰ ਲੈ ਕੇ ਭਾਰਤ ਅਤੇ ਅਮਰੀਕਾ ਦੇ ਸਬੰਧਾਂ ਵਿਚ ਤਣਾਅ ਆਇਆ ਹੈ। ਭਾਰਤ ਇਸ ਗੱਲੋਂ ਨਿਰਾਸ਼ ਹੈ ਕਿ ਅਮਰੀਕਾ ਨੇ ਪਾਕਿਸਤਾਨ ਤੋਂ ਚੱਲ ਰਹੇ ਅੱਤਵਾਦ 'ਤੇ ਪੂਰੀ ਤਰ੍ਹਾਂ ਧਿਆਨ ਨਹੀਂ ਦਿੱਤਾ। ਰਿਪੋਰਟ ਵਿਚ ਇਹ ਵੀ ਚੇਤਾਵਨੀ ਦਿੱਤੀ ਗਈ ਹੈ ਕਿ ਅਮਰੀਕਾ ਨੂੰ ਕਸ਼ਮੀਰ ਮੁੱਦੇ 'ਤੇ ਕਿਸੇ ਤੀਜੀ ਧਿਰ ਦੀ ਭੂਮਿਕਾ ਤੋਂ ਬਚਣਾ ਚਾਹੀਦਾ ਹੈ, ਕਿਉਂਕਿ ਅਜਿਹੇ ਬਿਆਨ ਭਰੋਸੇ ਨੂੰ ਨੁਕਸਾਨ ਪਹੁੰਚਾ ਸਕਦੇ ਹਨ।

ਜਦੋਂ ਪਾਕਿਸਤਾਨ ਦੇ ਉਪ ਪ੍ਰਧਾਨ ਮੰਤਰੀ ਅਤੇ ਵਿਦੇਸ਼ ਮੰਤਰੀ ਅਮਰੀਕਾ ਅਤੇ ਈਰਾਨ ਵਿਚਕਾਰ ਵਿਚੋਲਗੀ ਕਰਨ ਦਾ ਦਾਅਵਾ ਕਰ ਰਹੇ ਸਨ, ਉਸੇ ਸਮੇਂ ਇਸ ਰਿਪੋਰਟ ਨੇ ਪਾਕਿਸਤਾਨ ਦੇ ਅੱਤਵਾਦੀ ਚਿਹਰੇ ਨੂੰ ਦੁਨੀਆਂ ਸਾਹਮਣੇ ਨੰਗਾ ਕਰ ਦਿੱਤਾ ਹੈ। ਹਾਲਾਂਕਿ ਪਾਕਿਸਤਾਨ ਨੇ ਅੱਤਵਾਦ ਵਿਰੁੱਧ ਕਈ ਫੌਜੀ ਮੁਹਿੰਮਾਂ ਚਲਾਉਣ ਦਾ ਦਾਅਵਾ ਕੀਤਾ ਹੈ, ਪਰ ਰਿਪੋਰਟ ਅਨੁਸਾਰ ਉਹ ਇਨ੍ਹਾਂ ਨੈੱਟਵਰਕਾਂ ਨੂੰ ਪੂਰੀ ਤਰ੍ਹਾਂ ਖ਼ਤਮ ਕਰਨ ਵਿਚ ਅਸਫਲ ਰਿਹਾ ਹੈ।

## ਹਾਈਕੋਰਟ ਵੱਲੋਂ ਅੰਮ੍ਰਿਤਪਾਲ ਸਿੰਘ ਦੀ ਬਜਟ ਸੈਸ਼ਨ 'ਚ ਸ਼ਾਮਲ ਹੋਣ ਦੀ ਅਰਜ਼ੀ ਰੱਦ

ਚੰਡੀਗੜ੍ਹ, (ਪੰਜਾਬ ਮੇਲ)-ਪੰਜਾਬ ਅਤੇ ਹਰਿਆਣਾ ਹਾਈਕੋਰਟ ਨੇ ਖਡੂਰ ਸਾਹਿਬ ਤੋਂ ਸੰਸਦ ਮੈਂਬਰ ਅੰਮ੍ਰਿਤਪਾਲ ਸਿੰਘ ਦੀ ਉਸ ਪਟੀਸ਼ਨ ਨੂੰ ਖਾਰਜ ਕਰ ਦਿੱਤਾ ਹੈ, ਜਿਸ ਵਿਚ ਉਨ੍ਹਾਂ ਨੇ ਸੰਸਦ ਦੇ ਬਜਟ ਸੈਸ਼ਨ ਵਿੱਚ ਸ਼ਾਮਲ ਹੋਣ ਲਈ ਅਸਥਾਈ ਰਿਹਾਈ (ਪੈਰੋਲ) ਦੀ ਮੰਗ ਕੀਤੀ ਸੀ। ਚੀਫ਼ ਜਸਟਿਸ ਸ਼ੀਲ ਨਾਗੂ ਅਤੇ ਜਸਟਿਸ ਸੰਜੀਵ ਬੇਰੀ ਦੇ ਬੈਂਚ ਨੇ ਸ਼ੁੱਕਰਵਾਰ ਨੂੰ ਇਹ ਫੈਸਲਾ ਸੁਣਾਇਆ। ਅੰਮ੍ਰਿਤਪਾਲ ਸਿੰਘ ਨੇ ਅਦਾਲਤ ਵਿਚ ਦਲੀਲ ਦਿੱਤੀ ਸੀ ਕਿ ਉਹ 19 ਲੱਖ ਵੋਟਰਾਂ ਦੀ ਨੁਮਾਇੰਦਗੀ ਕਰਦੇ ਹਨ ਅਤੇ ਉਨ੍ਹਾਂ ਨੂੰ ਹਿਰਾਸਤ ਵਿਚ ਰੱਖਣਾ ਲੋਕਤੰਤਰੀ ਅਧਿਕਾਰਾਂ ਦੀ ਉਲੰਘਣਾ ਹੈ, ਪਰ ਅਦਾਲਤ ਨੇ ਉਨ੍ਹਾਂ ਨੂੰ ਰਾਹਤ ਦੇਣ ਤੋਂ ਇਨਕਾਰ ਕਰ ਦਿੱਤਾ।

## ਵੇਅਰ ਹਾਊਸਿੰਗ ਕਾਰਪੋਰੇਸ਼ਨ ਵੱਲੋਂ ਲਾਲਜੀਤ ਭੁੱਲਰ ਨੂੰ ਝਟਕਾ




ਚੰਡੀਗੜ੍ਹ, (ਪੰਜਾਬ ਮੇਲ)- ਸਾਬਕਾ ਮੰਤਰੀ ਲਾਲਜੀਤ ਸਿੰਘ ਭੁੱਲਰ ਦੇ ਪਰਿਵਾਰ ਵੱਲੋਂ ਟੈਂਡਰਾਂ 'ਚ ਅਨਿਆਂ ਹੋਣ ਦੇ ਕੀਤੇ ਗਏ ਦਾਅਵੇ ਨੂੰ ਪੰਜਾਬ ਵੇਅਰ ਹਾਊਸਿੰਗ ਕਾਰਪੋਰੇਸ਼ਨ ਨੇ ਹੁਣ ਇੱਕ ਤਰੀਕੇ ਨਾਲ ਰੱਦ ਕਰ ਦਿੱਤਾ ਹੈ। ਕਾਰਪੋਰੇਸ਼ਨ ਦੇ ਜ਼ਿਲ੍ਹਾ ਅਧਿਕਾਰੀ ਗਗਨਦੀਪ ਸਿੰਘ ਰੰਧਾਵਾ ਵੱਲੋਂ ਖ਼ੁਦਕੁਸ਼ੀ ਕਰਨ ਤੋਂ ਬਾਅਦ ਲਾਲਜੀਤ ਸਿੰਘ ਭੁੱਲਰ ਨੂੰ ਵਜ਼ੀਰੀ ਤੋਂ ਹੱਥ ਧੋਣੇ ਪਏ ਅਤੇ ਨਾਲ ਹੀ ਪੁਲਿਸ ਕੇਸ ਦਾ ਸਾਹਮਣਾ ਕਰਨਾ ਪਿਆ।

ਕਾਰਪੋਰੇਸ਼ਨ ਨੇ ਖ਼ੁਦਕੁਸ਼ੀ ਤੋਂ ਇੱਕ ਹਫ਼ਤੇ ਬਾਅਦ ਹੁਣ ਅਣਅਧਿਕਾਰਤ ਤੌਰ 'ਤੇ ਕਿਹਾ ਹੈ ਕਿ ਲਾਲਜੀਤ ਸਿੰਘ ਭੁੱਲਰ ਦੇ ਪਿਤਾ, ਸੁਖਦੇਵ ਸਿੰਘ ਭੁੱਲਰ ਵੱਲੋਂ ਬਾਬਾ ਨਾਗਾ ਐਗਰੀ ਪ੍ਰਾਈਵੇਟ ਲਿਮਟਿਡ ਨੂੰ ਟੈਂਡਰ ਅਲਾਟ ਕਰਨ ਵਿਰੁੱਧ ਇਤਰਾਜ਼ ਉਠਾਏ ਗਏ ਸਨ, ਜਿਨ੍ਹਾਂ ਇਤਰਾਜ਼ਾਂ ਦਾ ਕੋਈ ਬਹੁਤਾ ਆਧਾਰ ਨਹੀਂ ਸੀ। ਵੇਅਰ ਹਾਊਸਿੰਗ ਕਾਰਪੋਰੇਸ਼ਨ ਦੇ ਸੂਤਰ ਆਖਦੇ ਹਨ ਕਿ ਬਾਬਾ ਨਾਗਾ ਐਗਰੀ ਪ੍ਰਾਈਵੇਟ ਲਿਮਟਿਡ ਨੇ ਨਾ ਸਿਰਫ਼ ਪੱਟੀ ਰੇਲ ਹੈੱਡ ਦੇ ਸਭ ਤੋਂ ਨੇੜੇ ਦੀ ਸਾਈਟ ਦੀ ਪੇਸ਼ਕਸ਼ ਕੀਤੀ, ਬਲਕਿ ਇਸ ਕੰਪਨੀ ਵੱਲੋਂ ਪੇਸ਼ ਕੀਤੇ ਗਏ ਕਿਰਾਏ ਦੀਆਂ ਦਰਾਂ ਸੁਖਦੇਵ ਸਿੰਘ ਭੁੱਲਰ ਦੁਆਰਾ ਪੇਸ਼ ਕੀਤੇ ਗਏ ਰੇਟਾਂ ਦੇ ਮੁਕਾਬਲੇ ਬਹੁਤ ਘੱਟ ਸਨ। ਸਾਬਕਾ ਮੰਤਰੀ ਦੇ ਪਿਤਾ ਸੁਖਦੇਵ ਸਿੰਘ ਨੇ ਬਾਬਾ ਨਾਗਾ ਐਗਰੀ ਪ੍ਰਾਈਵੇਟ ਲਿਮਟਿਡ ਨੂੰ ਐੱਲ-1 ਬੋਲੀਕਾਰ ਵਜੋਂ ਚੁਣਨ ਦਾ ਵਿਰੋਧ ਕਰਦੇ ਹੋਏ ਕਥਿਤ ਤੌਰ 'ਤੇ ਪੱਟੀ ਰੇਲ ਹੈੱਡ ਤੋਂ ਆਪਣੀ ਸਾਈਟ ਦੀ ਦੂਰੀ ਦਾ ਪਤਾ ਲਗਾਉਣ ਲਈ ਇੱਕ ਨਵੇਂ ਸਰਵੇਖਣ ਦੀ ਮੰਗ ਕੀਤੀ ਸੀ।







# ਚੜ੍ਹਦਾ ਭਾਰਤ - ਉੱਡਦੀ ਸਿੱਖਿਆ !

ਗੁਰਮੀਤ ਸਿੰਘ ਪਲਾਹੀ
# ਮੋਬਾਈਲ : 98158-02070
ਪੰਜਾਬ ਮੇਲ USA





2014-15 ਵਿਚ 11 ਲੱਖ 7 ਹਜ਼ਾਰ ਤੋਂ ਵਧ ਸਰਕਾਰੀ ਸਕੂਲਾਂ ਵਿਚ 14 ਕਰੋੜ 40 ਲੱਖ 81 ਹਜ਼ਾਰ ਤੋਂ ਵੱਧ ਵਿਦਿਆਰਥੀ ਪੜ੍ਹਦੇ ਸਨ, ਜਦਕਿ ਦੋ ਲੱਖ 88 ਹਜ਼ਾਰ ਤੋਂ ਵੱਧ ਨਿੱਜੀ ਸਕੂਲਾਂ ਵਿਚ 8 ਕਰੋੜ 46 ਲੱਖ 42 ਹਜ਼ਾਰ ਤੋਂ ਵੱਧ ਵਿਦਿਆਰਥੀ ਪੜ੍ਹਦੇ ਸਨ। 2024-25 ਵਿਚ ਸਰਕਾਰੀ ਸਕੂਲ ਘੱਟਕੇ 10 ਲੱਖ 13 ਹਜ਼ਾਰ ਤੋਂ ਕੁਝ ਵੱਧ ਰਹਿ ਗਏ। ਸਕੂਲਾਂ 'ਚ ਵਿਦਿਆਰਥੀਆਂ ਦੀ ਗਿਣਤੀ ਘਟਕੇ 12 ਕਰੋੜ 15 ਲੱਖ, ਲਗਭਗ 90 ਹਜ਼ਾਰ ਰਹਿ ਗਈ, ਜਦ ਕਿ ਨਿੱਜੀ ਸਕੂਲ ਵਧਕੇ 3 ਲੱਖ 40 ਹਜ਼ਾਰ ਹੋ ਗਏ ਅਤੇ ਵਿਦਿਆਰਥੀ ਵੱਧਕੇ 9 ਕਰੋੜ 58 ਲੱਖ 56 ਹਜ਼ਾਰ ਤੋਂ ਕੁਝ ਉੱਪਰ ਚਲੇ ਗਏ।

ਪਿਛਲੇ ਇੱਕ ਦਹਾਕੇ 'ਚ ਲਗਭਗ 94,000 ਸਰਕਾਰੀ ਸਕੂਲ ਪੂਰੇ ਦੇਸ਼ ਵਿਚ ਬੰਦ ਹੋਏ ਹਨ। ਦੇਸ਼ ਦਾ ਹਾਕਮ ਪੂਰੇ ਮਾਣ ਨਾਲ ਇਹ ਹੁੱਬਕੇ ਦੱਸਦਾ ਹੈ ਕਿ ਇੱਥੇ ਪਹਾੜੀ ਅਤੇ ਦੂਰ-ਦੁਰਾਡੇ ਜੰਗਲ ਵਿਚ ਇੱਕ ਵੋਟਰ ਲਈ ਪੋਲਿੰਗ ਸਟੇਸ਼ਨ ਬਣਦਾ ਹੈ, ਪਰ ਹੈਰਾਨੀ ਦੀ ਗੱਲ ਹੈ ਕਿ ਇੱਕ ਬੱਚੇ ਲਈ, ਜੋ ਪੜ੍ਹਨਾ ਚਾਹੁੰਦਾ ਹੈ, ਇੱਕ ਸਕੂਲ ਨੂੰ ਉਸ ਲਈ ਚੱਲਦਾ ਕਿਉਂ ਨਹੀਂ ਰੱਖ ਸਕਦਾ?

ਪਿਛਲੇ ਦਿਨੀਂ ਸੰਸਦ ਵਿਚ ਪੁੱਛੇ ਗਏ ਇੱਕ ਸਵਾਲ ਦੇ ਜਵਾਬ ਵਿਚ ਸਿੱਖਿਆ ਮੰਤਰਾਲੇ ਨੇ ਦੱਸਿਆ ਕਿ ਸਾਲ 2014-15 ਵਿਚ ਦੇਸ਼ ਵਿਚ 11 ਲੱਖ 7 ਹਜ਼ਾਰ 101 ਸਰਕਾਰੀ ਸਕੂਲ ਸਨ, ਜੋ ਸਾਲ 2024-25 ਵਿਚ ਘੱਟ ਕੇ 10 ਲੱਖ 13 ਹਜ਼ਾਰ 222 ਰਹਿ ਗਏ। ਜਾਣੀ 93 ਹਜ਼ਾਰ 779 ਸਕੂਲ ਬੰਦ ਕਰ ਦਿੱਤੇ ਗਏ। ਸਿੱਧਾ ਅਰਥ ਇਹ ਕਿ ਬੀਤੇ 10 ਸਾਲਾਂ ਵਿਚ ਹਰ ਰੋਜ਼ 25 ਸਰਕਾਰੀ ਸਕੂਲ ਬੰਦ ਕਰ ਦਿੱਤੇ ਗਏ। ਦੂਜੇ ਪਾਸੇ ਇਹ ਵੱਡਾ ਸੱਚ ਵੀ ਸਾਹਮਣੇ ਆਇਆ ਕਿ ਇਸ ਸਮੇਂ ਦੌਰਾਨ 51 ਹਜ਼ਾਰ ਪ੍ਰਾਈਵੇਟ ਨਿੱਜੀ ਸਕੂਲ ਨਵੇਂ ਖੁੱਲ੍ਹੇ। ਵਰਨਣਯੋਗ ਹੈ ਕਿ ਔਸਤਨ ਸਰਕਾਰੀ ਸਕੂਲ 'ਚ 2,863 ਰੁਪਏ ਅਤੇ ਪ੍ਰਾਈਵੇਟ ਸਕੂਲ 'ਚ 25,002 ਰੁਪਏ ਇੱਕ ਵਿਦਿਆਰਥੀ ਦਾ ਖ਼ਰਚਾ ਹੈ।

ਇਨ੍ਹਾਂ 10 ਵਰ੍ਹਿਆਂ ਦੌਰਾਨ ਸਰਕਾਰੀ ਸਕੂਲਾਂ ਵਿਚ ਸਵਾ ਦੋ ਕਰੋੜ ਵਿਦਿਆਰਥੀਆਂ ਦੀ ਐਨਰੋਲਮੈਂਟ (ਦਾਖ਼ਲਾ) 'ਚ ਕਮੀ ਆਈ, ਜਦ ਕਿ ਇਨ੍ਹਾਂ ਵਿਚੋਂ ਨਿੱਜੀ ਸਕੂਲਾਂ 'ਚ ਇੱਕ ਕਰੋੜ ਬਾਰ੍ਹਾਂ ਲੱਖ ਵਿਦਿਆਰਥੀਆਂ ਨੇ ਦਾਖ਼ਲਾ ਲਿਆ ਅਤੇ ਇੱਕ ਕਰੋੜ ਬਾਰ੍ਹਾਂ ਲੱਖ ਵਿਦਿਆਰਥੀ ਸਕੂਲਾਂ ਤੋਂ ਬਾਹਰ ਭਾਵ ਸਿੱਖਿਆ ਤੰਤਰ ਤੋਂ ਬਾਹਰ ਚਲੇ ਗਏ। ਸਿੱਧਾ ਅਰਥ ਇਹ ਨਿਕਲਿਆ ਕਿ ਹਰ ਪੜ੍ਹਨ ਯੋਗ ਪੰਜਵਾਂ ਬੱਚਾ ਸਕੂਲੋਂ ਬਾਹਰ ਕਰ ਦਿੱਤਾ ਗਿਆ।

2014-15 ਵਿਚ ਦੇਸ਼ ਦੀ ਕੁੱਲ ਆਬਾਦੀ 130 ਕਰੋੜ 90 ਲੱਖ ਸੀ। ਕੁੱਲ ਸਰਕਾਰੀ ਅਤੇ ਪ੍ਰਾਈਵੇਟ 15 ਲੱਖ 16 ਹਜ਼ਾਰ 892 ਸਕੂਲ ਸਨ, ਜਿਨ੍ਹਾਂ ਵਿਚ 26 ਕਰੋੜ 95 ਲੱਖ 6 ਹਜ਼ਾਰ 270 ਵਿਦਿਆਰਥੀ ਪੜ੍ਹਦੇ ਸਨ। 2024-25 'ਚ ਆਬਾਦੀ 15 ਕਰੋੜ 4 ਲੱਖ ਵੱਧ ਗਈ। ਭਾਵ ਆਬਾਦੀ 146 ਕਰੋੜ 30 ਲੱਖ ਹੋ ਗਈ, ਕੁੱਲ ਸਕੂਲ 14 ਲੱਖ 71 ਹਜ਼ਾਰ 473 ਰਹਿ ਗਏ ਅਤੇ ਵਿਦਿਆਰਥੀ ਦੀ ਗਿਣਤੀ 24 ਕਰੋੜ 69 ਲੱਖ 32 ਹਜ਼ਾਰ 680 ਤੱਕ ਸਿਮਟ ਗਈ। ਜੇਕਰ ਵਿਦਿਆਰਥੀ ਐਨਰੋਲਮੈਂਟ ਵੇਖੀ ਜਾਵੇ, ਤਾਂ ਇਹ ਸਿੱਧਾ ਲਗਭਗ 20 ਫ਼ੀਸਦੀ ਦਾ ਗਿਰਾਵਟ ਅੰਤਰ ਦੱਸਦੀ ਹੈ।

ਸਕੂਲ ਬੰਦ ਹੋਣ ਦੀ ਪ੍ਰਵਿਰਤੀ ਉੱਤਰੀ ਅਤੇ ਪੂਰਬੀ ਸੂਬਿਆਂ 'ਚ ਵੱਧ ਵੇਖਣ ਨੂੰ ਮਿਲੀ, ਜਿਥੇ ਮੱਧ ਪ੍ਰਦੇਸ਼ ਵਿਚ 30 ਹਜ਼ਾਰ ਅਤੇ ਉੱਤਰ ਪ੍ਰਦੇਸ਼ ਵਿਚ 25 ਹਜ਼ਾਰ ਸਕੂਲ ਬੰਦ ਹੋ ਗਏ, ਜਦਕਿ ਦੱਖਣੀ ਸੂਬਿਆਂ ਤਾਮਿਲਨਾਡੂ ਅਤੇ ਕੇਰਲ ਵਿਚ ਕ੍ਰਮਵਾਰ 285 ਅਤੇ 296 ਸਕੂਲ ਹੀ ਬੰਦ ਹੋਏ।

ਸਰਕਾਰ ਦੀ ਨੀਤ ਅਤੇ ਨੀਤੀ ਇਸ ਤੱਥ ਤੋਂ ਸਪੱਸ਼ਟ ਹੁੰਦੀ ਹੈ ਕਿ ਆਪਣੀ ਨਿੱਜੀਕਰਨ ਦੀ ਪਾਲਿਸੀ ਦੇ ਅਧੀਨ ਸਰਕਾਰੀ ਸਕੂਲਾਂ ਤੋਂ ਬਾਹਰ ਹੋਏ ਵਿਦਿਆਰਥੀਆਂ ਵਿਚੋਂ ਅੱਧੇ ਨਿੱਜੀ ਸਕੂਲਾਂ 'ਚ ਦਾਖ਼ਲ ਹੋਏ, ਜਿੱਥੇ ਉਨ੍ਹਾਂ ਨੂੰ ਮਹਿੰਗੀ ਸਿੱਖਿਆ ਲੈਣ ਲਈ ਮਜਬੂਰ ਹੋਣਾ ਪਿਆ। 2014-15 ਵਿਚ 11 ਲੱਖ 7 ਹਜ਼ਾਰ ਤੋਂ ਵਧ ਸਰਕਾਰੀ ਸਕੂਲਾਂ ਵਿਚ 14 ਕਰੋੜ 40 ਲੱਖ 81 ਹਜ਼ਾਰ ਤੋਂ ਵੱਧ ਵਿਦਿਆਰਥੀ ਪੜ੍ਹਦੇ ਸਨ, ਜਦਕਿ ਦੋ ਲੱਖ 88 ਹਜ਼ਾਰ ਤੋਂ ਵੱਧ ਨਿੱਜੀ ਸਕੂਲਾਂ ਵਿਚ 8 ਕਰੋੜ 46 ਲੱਖ 42 ਹਜ਼ਾਰ ਤੋਂ ਵੱਧ ਵਿਦਿਆਰਥੀ ਪੜ੍ਹਦੇ ਸਨ। 2024-25 ਵਿਚ ਸਰਕਾਰੀ ਸਕੂਲ ਘੱਟਕੇ 10 ਲੱਖ 13 ਹਜ਼ਾਰ ਤੋਂ ਕੁਝ ਵੱਧ ਰਹਿ ਗਏ। ਸਕੂਲਾਂ 'ਚ ਵਿਦਿਆਰਥੀਆਂ ਦੀ ਗਿਣਤੀ ਘਟਕੇ 12 ਕਰੋੜ 15 ਲੱਖ, ਲਗਭਗ 90 ਹਜ਼ਾਰ ਰਹਿ ਗਈ, ਜਦ ਕਿ ਨਿੱਜੀ ਸਕੂਲ ਵਧਕੇ 3 ਲੱਖ 40 ਹਜ਼ਾਰ ਹੋ ਗਏ ਅਤੇ ਵਿਦਿਆਰਥੀ ਵੱਧਕੇ 9 ਕਰੋੜ 58 ਲੱਖ 56 ਹਜ਼ਾਰ ਤੋਂ ਕੁਝ ਉੱਪਰ ਚਲੇ ਗਏ।

ਸਪੱਸ਼ਟ ਵਿਖਾਈ ਦਿੰਦਾ ਹੈ ਕਿ ਅੰਕੜਿਆਂ ਅਤੇ ਪ੍ਰਾਪਤ ਸੂਚਨਾਵਾਂ ਤੋਂ ਕਿ ਮੌਜੂਦਾ ਸਰਕਾਰ ਸਿੱਖਿਆ ਪ੍ਰਤੀ ਫ਼ਰਜ਼ਾਂ ਤੋਂ ਉਵੇਂ ਦੀ ਹੀ ਕੁਤਾਹੀ ਕਰ ਰਹੀ ਹੈ, ਜਿਵੇਂ ਦੀ ਕੁਤਾਹੀ ਸਿਹਤ ਸੁਵਿਧਾਵਾਂ ਪ੍ਰਤੀ ਹੈ। ਕਰੋਨਾ ਕਾਲ ਇਸਦਾ ਗਵਾਹ ਹੈ, ਜਦੋਂ ਸਿਹਤ ਸੁਵਿਧਾਵਾਂ ਦਾ ਦੀਵਾਲਾ ਨਿਕਲਿਆ ਦਿਸਿਆ। ਸਿੱਖਿਆ ਖੇਤਰ ਵੀ ਉਦੋਂ ਚਰਮਰਾ ਗਿਆ ਸੀ।

ਕਹਿਣ ਨੂੰ ਤਾਂ ਭਾਵੇਂ ਸਿਹਤ ਅਤੇ ਸਿੱਖਿਆ ਸਰਕਾਰਾਂ ਦੀਆਂ ਮੁੱਖ ਤਰਜੀਹਾਂ ਹਨ, ਪਰ ਅਸਲ ਅਰਥਾਂ 'ਚ ਸਰਕਾਰ, ਲੋਕ ਸਰੋਕਾਰਾਂ ਤੋਂ ਅੱਖਾਂ ਮੀਟਕੇ ਬੈਠੀ ਹੋਈ ਹੈ। ਨਵੀਂ ਸਿੱਖਿਆ ਨੀਤੀ ਦੀਆਂ ਵੱਡੀਆਂ ਗੱਲਾਂ ਹੋ ਰਹੀਆਂ ਹਨ। ਪੀ.ਐੱਮ. ਸ਼੍ਰੀ (ਪੀ.ਐੱਮ. ਸਕੂਲਜ਼ ਫਾਰ ਰਾਈਜ਼ਿੰਗ ਇੰਡੀਆ) ਯੋਜਨਾ ਸਮੇਤ ਹੋਰ ਬਹੁਤ ਸਾਰੀਆਂ ਪੀ.ਐੱਮ. ਦੇ ਨਾਂਅ ਵਾਲੀਆਂ ਯੋਜਨਾਵਾਂ ਲਗਭਗ ਫੇਲ੍ਹ ਹੋ ਰਹੀਆਂ ਹਨ, ਜਿਹੜੀਆਂ ਸਿਰਫ਼ ਪ੍ਰਚਾਰ ਦੀ ਖ਼ਾਤਰ ਆਰੰਭੀਆਂ ਗਈਆਂ ਅਤੇ ਵੋਟਰਾਂ ਨੂੰ ਭਰਮ ਜਾਲ 'ਚ ਫਸਾਉਣ ਦਾ ਯਤਨ ਹੈ। ਪਰ ਜਿਹੜੇ ਲੋਕਾਂ ਦੇ ਅਸਲ ਸਰੋਕਾਰ ਹਨ, ਜਿਹੜੇ ਲੋਕ ਸੋਚ ਅਤੇ ਵਿਚਾਰ ਨਾਲ ਜੁੜੇ ਹਨ, ਉਨ੍ਹਾਂ ਨੂੰ ਖੁੰਡਿਆਂ ਕਰਨ ਅਤੇ ਧਰਮ ਜਾਲ 'ਚ ਫਸਾਉਣ ਦੀ ਸਾਜ਼ਿਸ਼ ਪਿਛਲੇ ਦਹਾਕੇ ਤੋਂ ਪੂਰੇ ਜ਼ੋਰ 'ਤੇ ਹੈ। ਸਵਾਲ ਉੱਠਦਾ ਹੈ ਕਿ ਭਾਰਤੀ ਸੰਵਿਧਾਨ 'ਚ ਦਰਜ ਸਿੱਖਿਆ ਦਾ ਮੁੱਢਲਾ ਅਧਿਕਾਰ ਸਰਕਾਰ ਦੀ ਪਹਿਲ ਕਿਉਂ ਨਹੀਂ ਹੈ? ਕਿਉਂ ਸਿੱਖਿਆ ਨਿੱਜੀਕਰਨ ਦੇ ਰਾਹ ਪਾਕੇ "ਅਮੀਰਾਂ ਦਾ ਹੱਕ" ਬਣਾਈ ਜਾ ਰਹੀ ਹੈ? ਕਿਉਂ ਹਰ ਇੱਕ ਨੂੰ ਬਰਾਬਰ ਦੀ ਸਿੱਖਿਆ ਪ੍ਰਦਾਨ ਕਰਨ ਵੱਲ ਮੋੜਾ ਨਹੀਂ ਕੱਟਿਆ ਜਾ ਰਿਹਾ?

ਹਾਕਮਾਂ ਦੀਆਂ ਗਲਤ ਆਰਥਿਕ ਨੀਤੀਆਂ ਕਾਰਨ ਦੇਸ਼ ਦਾ ਗ਼ਰੀਬ ਵਰਗ ਪ੍ਰੇਸ਼ਾਨ ਹੈ। ਗ਼ਰੀਬ ਦੇ ਬੱਚੇ ਮਹਿੰਗਾਈ ਦੀ ਮਾਰ ਸਹਿੰਦੇ, ਸਿੱਖਿਆ ਤੋਂ ਦੂਰ ਕੀਤੇ ਜਾ ਰਹੇ ਹਨ। ਹਜ਼ਾਰਾਂ ਨਹੀਂ, ਲੱਖਾਂ ਬੱਚੇ ਸਕੂਲ ਨਹੀਂ ਜਾ ਪਾਉਂਦੇ। ਬਾਲ ਮਜ਼ਦੂਰੀ ਵੱਲ ਧੱਕੇ ਜਾ ਰਹੇ ਹਨ। ਸਕੂਲਾਂ ਵਿਚ ਪ੍ਰਾਇਮਰੀ ਸਿੱਖਿਆ ਉਪਰੰਤ ਹਾਈ ਸਕੂਲ ਤੇ ਉਚੇਰੀ ਸਿੱਖਿਆ ਤੱਕ ਪਹੁੰਚ ਬੇਹੱਦ ਔਖੀ ਹੋ ਗਈ ਹੈ। ਭਾਰਤ ਦੀਆਂ ਆਰਥਿਕ ਨੀਤੀਆਂ ਇਸ ਭਰਮ ਵਿਚ ਹਨ ਕਿ ਦੇਸ਼ ਤੇਜ਼ੀ ਨਾਲ ਉਭਰਦੀ ਅਰਥ ਵਿਵਸਥਾ ਬਣਦਾ ਜਾ ਰਿਹਾ ਹੈ। ਇਸਦੇ ਚੱਲਦਿਆਂ ਵਿਦੇਸ਼ੀ ਨਿਵੇਸ਼ ਭਾਰਤ ਦੇ ਬਾਜ਼ਾਰਾਂ 'ਚ ਆ ਰਿਹਾ ਹੈ। ਕਾਰਪੋਰੇਟਾਂ ਦਾ ਪ੍ਰਭਾਵ ਵਧਦਾ ਜਾ ਰਿਹਾ ਹੈ, ਜਿਸਦਾ ਸਿੱਧਾ ਅਸਰ ਭਾਰਤੀ ਬਾਜ਼ਾਰ 'ਤੇ ਵੇਖਿਆ ਜਾ ਰਿਹਾ ਹੈ ਅਤੇ ਜਿਸਦਾ ਸਭ ਤੋਂ ਵੱਧ ਅਸਰ ਆਮ ਆਦਮੀ 'ਤੇ ਪੈਂਦਾ ਹੈ। ਭਾਰਤ ਅੱਜ ਜਦੋਂ ਤੇਜ਼ੀ ਨਾਲ ਅੱਗੇ ਵੱਧਣ ਦਾ ਸੁਪਨਾ ਪਾਲ ਰਿਹਾ ਹੈ, ਇਸ ਸਥਿਤੀ 'ਚ ਸਮਾਜ ਦਾ ਅਸੰਗਠਿਤ ਖੇਤਰ (ਜੋ ਲਗਭਗ 44 ਕਰੋੜ ਲੋਕ ਹਨ) ਸੰਕਟ 'ਚ ਫਸ ਰਿਹਾ ਹੈ। ਜੇਕਰ ਸਰਕਾਰੀ ਨੀਤੀਆਂ ਇਹੋ ਰਹੀਆਂ, ਤਾਂ ਆਮ ਆਦਮੀ ਲਈ ਸਿੱਖਿਆ ਤੱਕ ਪਹੁੰਚ ਹੋਰ ਵੀ ਔਖੀ ਹੋ ਜਾਏਗੀ, ਉਹ ਸਿਰਫ਼ ਜੀਊਣ ਲਈ ਅੰਨ ਕਮਾਉਣ ਜੋਗਾ ਅਤੇ ਮੁੜ ਸਰਕਾਰੀ ਖ਼ੈਰਾਤ (ਮੁਫ਼ਤ ਅਨਾਜ ਤੇ ਹੋਰ ਸੁਵਿਧਾਵਾਂ) ਤੱਕ ਸੀਮਤ ਹੋ ਕੇ ਰਹਿ ਜਾਏਗਾ। ਜਿਸ ਦਾ ਅਰਥ ਉਸਦੇ ਬੱਚਿਆਂ ਦੀ ਸਕੂਲ ਤੋਂ ਦੂਰੀ ਹੋਰ ਵੀ ਵੱਧ ਜਾਏਗੀ। ਭਾਰਤ ਡਿਜ਼ੀਟਲ ਹੁੰਦਿਆਂ ਵੀ ਪਿਛਲਖੁਰੀ ਤੁਰਦਾ ਵਿਖਾਈ ਦੇਵੇਗਾ।

ਵੇਖਣ-ਪਾਖਣ ਦੀ ਗੱਲ ਤਾਂ ਇਹ ਹੈ ਕਿ ਸਰਕਾਰ ਦੀਆਂ ਤਰਜੀਹਾਂ ਕੀ ਹਨ? ਕੀ ਲੋਕ-ਹਿੱਤ, ਲੋਕ-ਭਲਾਈ, ਲੋਕ-ਸਰੋਕਾਰ ਉਸਦਾ ਮੁੱਢਲਾ ਉਦੇਸ਼ ਹੈ, ਤਾਂ ਸਰਕਾਰ ਲੋਕ-ਹਿਤੈਸ਼ੀ ਹੈ। ਜੇਕਰ ਉਸਦਾ ਉਦੇਸ਼ ਲੋਕ ਮਾਰੂ ਕਾਨੂੰਨ ਬਣਾਉਣਾ, ਸੰਵਿਧਾਨਿਕ ਕਦਰਾਂ-ਕੀਮਤਾਂ, ਨਾਗਰਿਕਾਂ ਦੇ ਮੁੱਢਲੇ ਅਧਿਕਾਰਾਂ ਨੂੰ ਪੈਰਾਂ ਹੇਠ ਮਧੋਲਣਾ ਹੈ, ਤਾਂ ਉਹ ਲੋਕ ਮਾਰੂ ਸਰਕਾਰ ਹੈ।

ਪਿਛਲੇ ਸਾਲਾਂ ਤੋਂ ਨਿੱਜੀਕਰਨ ਸਰਕਾਰ ਦਾ ਮੁੱਖ ਅਜੰਡਾ ਹੈ। ਕਾਰਪੋਰੇਟਾਂ ਦੇ ਹੱਥਾਂ 'ਚ ਖੇਡਣਾ ਉਸਦੀ ਵੱਡੀ ਪਹਿਲ ਹੈ। ਕੁਦਰਤੀ ਸਾਧਨਾਂ ਦੀ ਬੇਰੋਕ-ਟੋਕ ਵਰਤੋਂ, ਰੇਲਵੇ, ਏਅਰ ਪੋਰਟਾਂ, ਖਾਣਾਂ ਅਤੇ ਸਰਕਾਰੀ ਫੈਕਟਰੀਆਂ ਦਾ ਨਿੱਜੀਕਰਨ ਮਜ਼ਦੂਰਾਂ ਲਈ ਕਾਲੇ ਕਾਨੂੰਨ, ਕਿਸਾਨਾਂ ਦੀਆਂ ਜ਼ਮੀਨਾਂ ਹਥਿਆਉਣ ਦੀ ਸਾਜਿਸ਼ ਉਸਦੀ ਮੁੱਖ ਤਰਜੀਹ ਹੈ। ਜਿਹੜਾ ਅਸਲ ਅਰਥਾਂ 'ਚ ਆਮ ਆਦਮੀ ਦੀਆਂ ਮੁੱਢਲੀਆਂ ਸੁਵਿਧਾਵਾਂ, ਸਾਧਨਾਂ ਅਤੇ ਹੱਕਾਂ ਉੱਤੇ ਡਾਕਾ ਪਾਉਣ ਸਮਾਨ ਹਨ। ਜੇਕਰ ਮਜ਼ਦੂਰ ਕਿਸਾਨ ਦੇ ਪੱਲੇ ਸਾਧਨ ਹੀ ਨਹੀਂ ਹੋਵੇਗਾ, ਉਹ ਆਪਣੀ ਔਲਾਦ ਨੂੰ ਸਾਧਨਾਂ ਤੋਂ ਬਿਨਾਂ ਸਿੱਖਿਆ ਕਿਵੇਂ ਦੁਆ ਸਕੇਗੀ? ਅਤੇ ਜਦੋਂ ਸਰਕਾਰ ਵੱਲੋਂ ਆਮ ਆਦਮੀ ਲਈ ਸਿੱਖਿਆ ਲਈ ਪ੍ਰਬੰਧ ਚੰਗੇਰੇ ਨਹੀਂ ਕੀਤੇ ਹੋਣਗੇ, ਤਾਂ ਅਗਲੀ ਪੀੜ੍ਹੀ ਪੜ੍ਹ ਕਿਵੇਂ ਸਕੇਗੀ? ਚੰਗੇ ਨਾਗਰਿਕ ਕਿਵੇਂ ਬਣੇਗੀ?

ਸਰਕਾਰ ਦੀ ਸਿੱਖਿਆ ਬੇਰੁਖੀ ਇਸ ਪੱਖ ਤੋਂ ਵੀ ਵੇਖਣ ਯੋਗ ਹੈ ਕਿ ਨੈਸ਼ਨਲ ਸਿੱਖਿਆ ਪਾਲਿਸੀ-2020 ਅਧੀਨ ਸਾਲ 2020 'ਚ ਜੀ.ਡੀ.ਪੀ. ਦਾ 6 ਫ਼ੀਸਦੀ ਫੰਡ ਪਬਲਿਕ ਸਿੱਖਿਆ ਉੱਤੇ ਵਰਤੇ ਜਾਣ ਦੀ ਸਿਫਾਰਿਸ਼ ਸੀ, ਪਰ ਸਰਕਾਰ ਨੇ ਬਜਟ ਵਿਚ ਕਦੇ ਵੀ 3 ਤੋਂ 3.5 ਪ੍ਰਤੀਸ਼ਤ ਤੋਂ ਵੱਧ ਸਿੱਖਿਆ ਲਈ ਨਹੀਂ ਰੱਖਿਆ। ਸਰਕਾਰੀ ਸਕੂਲਾਂ 'ਚ ਬੁਨਿਆਦੀ ਢਾਂਚਾ ਬੁਰੀ ਤਰ੍ਹਾਂ ਪ੍ਰਭਾਵਿਤ ਹੈ। ਵਿਦਿਆਰਥੀਆਂ ਲਈ ਕਮਰੇ ਨਹੀਂ ਹਨ, ਟਾਇਲਟ, ਪੀਣ ਦੇ ਪਾਣੀ, ਇਥੋਂ ਤੱਕ ਕਿ ਬਿਜਲੀ ਸੁਵਿਧਾਵਾਂ ਦੀ ਕਮੀ ਹੈ। ਟੀਚਰਾਂ ਦੀਆਂ ਸਕੂਲਾਂ 'ਚ ਅਸਾਮੀਆਂ ਖਾਲੀ ਪਈਆਂ ਹਨ। ਜਿਸ ਵੱਲ ਧਿਆਨ ਕਰਨ ਦੀ ਸਰਕਾਰ ਕਦੇ ਲੋੜ ਹੀ ਮਹਿਸੂਸ ਨਹੀਂ ਕਰਦੀ। ਇੱਕ ਲੱਖ 52 ਹਜ਼ਾਰ ਸਕੂਲ ਬਿਜਲੀ ਤੋਂ ਬਿਨਾਂ ਹਨ। ਉਪਰੋਂ ਪੀ.ਐੱਮ ਸ਼੍ਰੀ ਯੋਜਨਾ ਤਹਿਤ 14,500 ਸਕੂਲ ਖੋਲ੍ਹਕੇ ਇੱਕ ਨਵਾਂ ਬਿਰਤਾਂਤ ਸਿਰਜਿਆ ਜਾ ਰਿਹਾ ਹੈ।

2009 'ਚ ਸਰਕਾਰ ਵੱਲੋਂ ਸਿੱਖਿਆ ਅਧਿਕਾਰ ਕਾਨੂੰਨ ਆਰ.ਟੀ.ਆਈ. ਐਕਟ-2009 ਪਾਸ ਕੀਤਾ ਗਿਆ। 6 ਤੋਂ 14 ਸਾਲ ਦੇ ਬੱਚਿਆ ਲਈ ਮੁਫ਼ਤ ਅਤੇ ਜ਼ਰੂਰੀ ਸਿੱਖਿਆ ਦਾ ਇਸ ਵਿਚ ਪ੍ਰਾਵਾਧਾਨ ਸੀ। ਨੈਸ਼ਨਲ ਐਜੂਕੇਸ਼ਨ ਪਾਲਿਸੀ (ਐੱਨ.ਈ.ਸੀ.)-2020 ਨਾਲ 34 ਸਾਲ ਪਹਿਲੀ ਐੱਨ.ਈ.ਸੀ. 1986 ਬਦਲੀ ਗਈ। ਪਰ ਜ਼ਮੀਨੀ ਪੱਧਰ ਉੱਤੇ ਆਮ ਆਦਮੀ ਪੱਲੇ ਸਿੱਖਿਆ ਖੇਤਰ 'ਚ ਨਿਰਾਸ਼ਾ ਹੀ ਪਈ ਹੈ। ਉਨ੍ਹਾਂ ਦੇ ਬੱਚਿਆਂ ਦੀ ਪਹੁੰਚ ਡਿਜ਼ੀਟਲ ਖੇਤਰ ਤੋਂ ਦੂਰ ਹੈ।

ਇੱਕ ਲੱਖ ਸਰਕਾਰੀ ਸਕੂਲ ਇੱਕੋ ਟੀਚਰ ਨਾਲ ਚਲਾਏ ਜਾ ਰਹੇ ਹਨ, ਜਿਨ੍ਹਾਂ 'ਚ ਵਿਦਿਆਰਥੀਆਂ ਦੀ ਗਿਣਤੀ 33 ਲੱਖ ਹੈ। ਕੀ ਇਹੋ-ਜਿਹੀ ਸਕੂਲੀ ਸਿੱਖਿਆ ਆਮ ਆਦਮੀ ਦੇ ਬੱਚਿਆਂ ਦਾ ਕੁੱਝ ਸੁਆਰਨ ਯੋਗ ਹੈ? ਸਰਕਾਰੀ ਸਕੂਲ ਬੰਦ ਕੀਤੇ ਜਾ ਰਹੇ ਹਨ, ਵਿਚ-ਵਿਚਾਲੇ ਸਕੂਲ ਛੱਡਣ ਵਾਲੇ ਵਿਦਿਆਰਥੀਆਂ ਦੀ ਗਿਣਤੀ ਸੈਕੰਡਰੀ ਪੱਧਰ ਤੱਕ 8.2 ਪ੍ਰਤੀਸ਼ਤ ਆਂਕੀ ਗਈ। ਕੀ ਇਹ ਦੇਸ਼ ਵਿਚੋਂ ਉੱਡ ਰਹੀ ਸਿੱਖਿਆ ਦੀ ਨਿਸ਼ਾਨੀ ਨਹੀਂ ਹੈ?

ਇੱਕ ਪਾਸੇ ਫਾਈਵ ਸਟਾਰ ਪਬਲਿਕ ਸਕੂਲ ਹਨ, ਦੂਜੇ ਪਾਸੇ ਤੱਪੜਾਂ, ਬੋਰੀਆਂ ਵਾਲੇ ਛੱਤਾਂ ਤੋਂ ਸੱਖਣੇ, ਸੁਵਿਧਾਵਾਂ ਤੋਂ ਊਣੇ ਸਰਕਾਰੀ ਸਕੂਲ ਹਨ, ਜਿੱਥੇ ਬਿਜਲੀ, ਪਾਣੀ, ਖੇਡ ਮੈਦਾਨ ਹੋਰ ਸੁਵਿਧਾਵਾਂ ਨਹੀਂ ਹਨ। ਤਦ ਫਿਰ ਰਾਈਜ਼ਿੰਗ ਇੰਡੀਆ ਦੀ ਕਲਪਨਾ ਸਾਧਾਰਨ ਵਿਦਿਆਰਥੀਆਂ ਦੇ ਅੱਖਾਂ ਦਾ ਸੁਪਨਾ ਕਿਵੇਂ ਬਣੇਗੀ?

ਸ਼ੀਸ਼ ਮਹਿਲਾਂ ਵਿਚ ਰਹਿਣ ਵਾਲੇ ਹੁਕਮਰਾਨ ਅਮੀਰ-ਗਰੀਬ 'ਚ ਖਾਈ ਵਧਾਈ ਜਾ ਰਹੇ ਹਨ, ਜਿੱਥੇ ਦੋ ਵਰਗਾਂ ਵਿਚ ਵਿਵਾਦ ਲਗਾਤਾਰ ਵੱਧਦਾ ਜਾ ਰਿਹਾ ਹੈ। ਜਿਵੇਂ ਦੇਸ਼ ਭਾਰਤ ਦੀਆਂ ਆਰਥਿਕ ਨੀਤੀਆਂ ਨਿੱਤ ਭਰਮ 'ਚ ਉਲਝਾਈਆਂ ਜਾ ਰਹੀਆਂ ਹਨ, ਉਵੇਂ ਦਾ ਭਰਮ ਜਾਲ, ਸਿੱਖਿਆ ਖੇਤਰ 'ਚ ਆਪਣਾ ਦਾਇਰਾ ਵੱਡਾ ਕਰ ਰਿਹਾ ਹੈ, ਜੋ ਆਮ ਆਦਮੀ ਦੀ ਸਿੱਖਿਆ ਤੋਂ ਦੂਰੀ ਹੋਰ ਵਧਾ ਦੇਵੇਗਾ।

ਸੁਵਿਧਾਵਾਂ ਲਈ ਕਤਾਰ ਅਤੇ ਉਡੀਕ ਹਾਕਮ ਜਮਾਤ ਵੱਲੋਂ ਭਾਰਤ 'ਚ ਆਮ ਆਦਮੀ ਦੇ ਪੱਲੇ ਪਾ ਦਿੱਤੀ ਗਈ ਹੈ, ਜੋ ਉਠ ਦਾ ਬੁਲ੍ਹ ਹੁਣ ਵੀ ਡਿੱਗਿਆ, ਹੁਣ ਵੀ ਡਿੱਗਿਆ ਦੀ ਉਡੀਕ ਵਾਂਗਰ ਪ੍ਰਤੀ ਦਿਨ ਵਧਦੀ ਹੀ ਜਾ ਰਹੀ ਹੈ। ਰਾਈਜ਼ਿੰਗ ਇੰਡੀਆ, ਚੜ੍ਹਦੇ-ਉੱਡਦੇ ਭਾਰਤ ਵਰਗੀ ਮਿਰਗ ਤ੍ਰਿਸ਼ਨਾ, ਭਾਰਤੀ ਨਾਗਰਿਕ ਦੇ ਮੁੱਢਲੇ ਸਿੱਖਿਆ ਸੰਵਿਧਾਨਿਕ ਹੱਕ ਦੇ ਪੈਰੀਂ ਪਾਈਆਂ ਬੇੜੀਆਂ ਵਰਗੀ ਜਾਪਦੀ ਹੈ। ਕੀ ਬੱਚੇ ਹੱਥੋਂ ਪੈਂਤੀ ਅੱਖਰੀ ਖੋਹਣੀ ਜਾਇਜ਼ ਹੈ? ਕੀ ਅੱਖਰ ਨਾਲੋਂ ਵੋਟ ਦੀ ਮਹੱਤਤਾ ਜ਼ਿਆਦਾ ਹੈ? ਕੀ ਸਿੱਖਿਆ ਦੇ ਅਧਿਕਾਰ ਨੂੰ ਸੰਵਿਧਾਨਿਕ ਪੁਸਤਕਾਂ ਦੇ ਸ਼ਿੰਗਾਰ ਤੱਕ ਸੀਮਿਤ ਕਰਨਾ, ਉੱਡਦੇ ਰਾਈਜ਼ਿੰਗ ਇੰਡੀਆ ਦੀ ਪਛਾਣ ਉੱਤੇ ਕਾਲਾ ਧੱਬਾ ਨਹੀਂ ਹੈ?

# ਭਾਜਪਾ ਦੇ ਕੇਂਦਰੀ ਰਾਜ ਮੰਤਰੀ ਰਵਨੀਤ ਸਿੰਘ ਬਿੱਟੂ ਨੇ ਬੰਦੀ ਸਿੰਘਾਂ ਦੀਆਂ ਸਜ਼ਾਵਾਂ ਸਬੰਧੀ ਬਿਆਨ ਦੇ ਕੇ ਸਿੱਖ ਜਗਤ ਵਿਚ ਇਕ ਨਵੀਂ ਚਰਚਾ ਛੇੜੀ !!

ਜੰਗ ਸਿੰਘ ਮਰਸੱਡ
ਕੈਲੀਫੋਰਨੀਆ (ਅਮਰੀਕਾ)
ਮੋਬਾਇਲ ਨੰ: +1-415-603-7380
ਪੰਜਾਬ ਮੇਲ USA





**ਸਿੱਖ ਇਤਿਹਾਸ ਵਿਚ ਦੋ ਬੇਅੰਤ ਸਿੰਘਾਂ ਦੇ ਨਾਂ ਆਉਂਦੇ ਹਨ, ਇਕ ਉਹ ਮਹਾਨ ਸ਼ਖਸੀਅਤ ਸ. ਬੇਅੰਤ ਸਿੰਘ ਦੀ ਹੈ, ਜਿਸ ਨੇ ਭਾਰਤ ਦੀ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਵਲੋਂ ਜੂਨ 1984 ਵਿਚ ਟੈਂਕਾਂ ਤੋਪਾਂ ਨਾਲ ਫੌਜੀ ਹਮਲਾ ਕਰਾ ਕੇ ਸ਼੍ਰੀ ਦਰਬਾਰ ਸਾਹਿਬ ਦੇ ਸ਼੍ਰੀ ਅਕਾਲ ਤਖਤ ਨੂੰ ਢਹਿ ਢੇਰੀ ਕਰਵਾਇਆ ਸੀ, ਉਸ ਨੂੰ ਸ਼ਹੀਦ ਸ. ਸਤਵੰਤ ਸਿੰਘ ਨਾਲ ਰੱਲ ਕੇ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਨੂੰ ਖਤਮ ਕਰਕੇ ਸਿੱਖ ਕੌਮ ਦੇ ਇਤਿਹਾਸ ਨੂੰ ਮੁੜ੍ਹ ਦੁਹਰਾ ਕੇ ਸਿੱਖ ਕੌਮ ਦੇ ਨਾਂ ਨੂੰ ਰੌਸ਼ਨ ਕੀਤਾ ਸੀ। ਇਹ ਵੀ ਇਤਿਹਾਸ ਵਿਚ ਦਰਜ ਹੈ ਕਿ ਸ਼੍ਰੀਮਤੀ ਇੰਦਰਾ ਗਾਂਧੀ ਸ਼੍ਰੀ ਦਰਬਾਰ ਸਾਹਿਬ 'ਤੇ ਉੱਕਾ ਹੀ ਹਮਲਾ ਨਹੀਂ ਸੀ ਕਰਨਾ ਚਾਹੁੰਦੀ ਪਰ ਉਸ ਨੂੰ ਭਾਜਪਾ ਦੇ ਆਗੂ ਸ਼੍ਰੀ ਲਾਲ ਕਿਸ਼ਨ ਅਡਵਾਨੀ ਨੇ ਉਕਸਾਅ ਕੇ ਸ਼੍ਰੀ ਦਰਬਾਰ ਸਾਹਿਬ 'ਤੇ ਹਮਲਾ ਕਰਨ ਲਈ ਇਕ ਤਰ੍ਹਾਂ ਦਾ ਮਜਬੂਰ ਕੀਤਾ ਸੀ।**

ਕਾਂਗਰਸ ਪਾਰਟੀ ਵਲੋਂ ਬਖਸ਼ੀਆਂ ਕਈ ਪਦਵੀਆਂ ਤੋਂ ਅਨੰਦ ਮਾਣਨ ਤੋਂ ਬਾਅਦ ਪਿਛਲੀਆਂ ਲੋਕ ਸਭਾ ਚੋਣਾਂ ਵਿਚ ਲੁਧਿਆਣੇ ਤੋਂ ਖੜ੍ਹੇ ਕੀਤੇ ਭਾਜਪਾ ਦੇ ਲੋਕ ਸਭਾ ਮੈਂਬਰ ਜਿਨ੍ਹਾਂ ਨੂੰ ਉਥੋਂ ਦੇ ਲੋਕਾਂ ਵਲੋਂ ਬੁਰੀ ਤਰ੍ਹਾਂ ਚਿੱਤ ਕੀਤੇ ਜਾਣ ਦੇ ਬਾਵਜੂਦ ਭਾਰਤ ਦੇ ਗ੍ਰਹਿ ਮੰਤਰੀ ਸ਼੍ਰੀ ਅਮਿਤ ਸ਼ਾਹ ਵਲੋਂ ਸ਼੍ਰੀ ਰਵਨੀਤ ਸਿੰਘ ਬਿੱਟੂ ਨੂੰ ਕੇਂਦਰ ਵਿਚ ਰੇਲ ਵਿਭਾਗ ਦੇ ਰਾਜ ਮੰਤਰੀ ਬਣਾਏ ਜਾਣ ਤੋਂ ਬਾਅਦ ਉਹ ਭਾਜਪਾ ਦੇ ਵੱਡੇ ਚਾਪਲੂਸ ਬਣ ਗਏ ਸਨ, ਜਿਸ ਕਰਕੇ ਇਹ ਭਾਜਪਾ ਨੂੰ ਖੁਸ਼ ਕਰਨ ਲਈ ਕਈ ਪ੍ਰਕਾਰ ਦੇ ਪੁੱਠੇ-ਸਿੱਧੇ ਬਿਆਨ ਦੇਂਦੇ ਆ ਰਹੇ ਹਨ, ਤਾਂ ਕਿ ਭਾਜਪਾ ਦੀਆ ਨਜ਼ਰਾਂ ਵਿਚ ਆਪਣੀ ਵੱਧ ਤੋਂ ਵੱਧ ਵਫਾਦਾਰੀ ਨੂੰ ਦਿਖਾਇਆ ਜਾ ਸਕੇ। ਪੰਜਾਬ ਦੇ ਲੋਕ ਭਲੀਭਾਂਤ ਇਹ ਵੀ ਜਾਣਦੇ ਹਨ ਕਿ ਇਹ ਜਦੋਂ ਕਾਂਗਰਸ ਪਾਰਟੀ ਵਿਚ ਸਨ, ਉਦੋਂ ਵੀ ਇਹ ਸਿਖਰਾਂ ਦੀ ਤੇ ਰੱਜ ਕੇ ਉਸ ਪਾਰਟੀ ਦੀ ਚਾਪਲੂਸੀ ਕਰਦੇ ਰਹੇ ਸਨ। ਇਹ ਉਹ ਇਨਸਾਨ ਹਨ, ਜਿਨ੍ਹਾਂ ਦੇ ਪਿਤਾ ਤੇ ਦਾਦਾ ਹੋਰ ਪਰਿਵਾਰਕ ਮੈਂਬਰਾਂ ਨੇ ਕਾਂਗਰਸ ਪਾਰਟੀ ਦੇ ਰਾਜ ਭਾਗ ਦਾ ਕਾਫੀ ਅਨੰਦ ਮਾਣਿਆ ਸੀ। ਇਸੇ ਹੀ ਪਰਿਵਾਰ ਦੇ ਬਜ਼ੁਰਗ ਸ. ਬੇਅੰਤ ਸਿੰਘ ਵਿਵਾਦਤ ਪੰਜਾਬ ਦੇ ਮੁੱਖ ਮੰਤਰੀ ਵੀ ਰਹੇ ਹਨ, ਜਿਨਾਂ ਦੀ ਅਗਵਾਈ ਵਿਚ ਪੰਜਾਬ ਦੀ ਦਰਿੰਦਾ ਪੁਲਿਸ ਨੇ ਕਈ ਹਜ਼ਾਰਾਂ ਦੀ ਗਿਣਤੀ ਵਿਚ ਬੇਦੋਸ਼ੇ ਸਿੱਖ ਨੌਜੁਆਨਾਂ ਜਿਨ੍ਹਾਂ ਵਿਚ ਨੌਜੁਆਨ ਲੜਕੀਆਂ ਤੇ ਇਸਤਰੀਆਂ ਵੀ ਸ਼ਾਮਲ ਸਨ, ਉਨਾਂ ਨੂੰ ਕੋਹ-ਕੋਹ ਕੇ ਮਾਰਿਆ ਗਿਆ ਸੀ। ਜਿਸ ਦਾ ਨਤੀਜਾ ਪੰਜਾਬ ਵਿਚ ਲਗਭਗ ਦੋ ਦਹਾਕਿਆਂ ਤੱਕ ਪੰਜਾਬ ਦੇ ਸਰਹੱਦੀ ਪਿੰਡਾਂ ਵਿਚ ਵਿਆਹਾਂ ਦੀਆ ਬਰਾਤਾਂ ਨਹੀਂ ਸਨ ਢੁੱਕ ਸਕੀਆਂ। ਜੇ ਇਹ ਆਖ ਲਿਆ ਜਾਵੇ ਕਿ ਇਨ੍ਹਾਂ ਦਾ ਲਗਭਗ ਸਾਰਾ ਟੱਬਰ ਸਿੱਖ ਜਗਤ ਵਿਚ ਘ੍ਰਿਣਤ ਅੱਖਾਂ ਨਾਲ ਵੇਖਿਆ ਜਾਂਦਾ ਆ ਰਿਹਾ ਹੈ, ਤਾਂ ਗਲਤ ਨਹੀਂ ਹੋਵੇਗਾ। ਸਿੱਖ ਇਤਿਹਾਸ ਵਿਚ ਦੋ ਬੇਅੰਤ ਸਿੰਘਾਂ ਦੇ ਨਾਂ ਆਉਂਦੇ ਹਨ, ਇਕ ਉਹ ਮਹਾਨ ਸ਼ਖਸੀਅਤ ਸ. ਬੇਅੰਤ ਸਿੰਘ ਦੀ ਹੈ, ਜਿਸ ਨੇ ਭਾਰਤ ਦੀ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਵਲੋਂ ਜੂਨ 1984 ਵਿਚ ਟੈਂਕਾਂ ਤੋਪਾਂ ਨਾਲ ਫੌਜੀ ਹਮਲਾ ਕਰਾ ਕੇ ਸ਼੍ਰੀ ਦਰਬਾਰ ਸਾਹਿਬ ਦੇ ਸ਼੍ਰੀ ਅਕਾਲ ਤਖਤ ਨੂੰ ਢਹਿ ਢੇਰੀ ਕਰਵਾਇਆ ਸੀ, ਉਸ ਨੂੰ ਸ਼ਹੀਦ ਸ. ਸਤਵੰਤ ਸਿੰਘ ਨਾਲ ਰੱਲ ਕੇ ਪ੍ਰਧਾਨ ਮੰਤਰੀ ਸ਼੍ਰੀਮਤੀ ਇੰਦਰਾ ਗਾਂਧੀ ਨੂੰ ਖਤਮ ਕਰਕੇ ਸਿੱਖ ਕੌਮ ਦੇ ਇਤਿਹਾਸ ਨੂੰ ਮੁੜ੍ਹ ਦੂਹਰਾ ਕੇ ਸਿੱਖ ਕੌਮ ਦੇ ਨਾਂ ਨੂੰ ਰੌਸ਼ਨ ਕੀਤਾ ਸੀ। ਇਹ ਵੀ ਇਤਿਹਾਸ ਵਿਚ ਦਰਜ ਹੈ ਕਿ ਸ਼੍ਰੀਮਤੀ ਇੰਦਰਾ ਗਾਂਧੀ ਸ਼੍ਰੀ ਦਰਬਾਰ ਸਾਹਿਬ 'ਤੇ ਉੱਕਾ ਹੀ ਹਮਲਾ ਨਹੀਂ ਸੀ ਕਰਨਾ ਚਾਹੁੰਦੀ ਪਰ ਉਸ ਨੂੰ ਭਾਜਪਾ ਦੇ ਆਗੂ ਸ਼੍ਰੀ ਲਾਲ ਕਿਸ਼ਨ ਅਡਵਾਨੀ ਨੇ ਉਕਸਾਅ ਕੇ ਸ਼੍ਰੀ ਦਰਬਾਰ ਸਾਹਿਬ 'ਤੇ ਹਮਲਾ ਕਰਨ ਲਈ ਇਕ ਤਰ੍ਹਾਂ ਦਾ ਮਜਬੂਰ ਕੀਤਾ ਸੀ। ਇਸ ਗੱਲ ਦਾ ਸਬੂਤ ਇਸ ਭਾਜਪਾ ਆਗੂ ਸ਼੍ਰੀ ਲਾਲ ਕਿਸ਼ਨ ਅਡਵਾਨੀ ਨੇ ਆਪਣੀ ਪੁਸਤਕ ਵਿਚ ਇਹ ਸਭ ਕੁਝ ਲਿਖ ਕੇ ਸੰਸਾਰ ਭਰ ਦੇ ਲੋਕਾਂ ਦੇ ਧਿਆਨ ਵਿਚ ਲਿਆਂਦੀ ਜਾ ਚੁੱਕੀ ਹੈ। ਭਾਜਪਾ ਬਾਰੇ ਸੰਸਾਰ ਦਾ ਸਿੱਖ ਜਗਤ ਤੇ ਪੰਜਾਬ ਦੇ ਲੋਕ ਭਲੀਭਾਂਤ ਜਾਣਦੇ ਹਨ ਕਿ ਭਾਜਪਾ ਘੱਟਗਿਣਤੀਆਂ, ਦਲਿਤਾਂ ਦੇ ਨਾਲ ਸਿਖਰਾਂ ਦੀ ਪੰਜਾਬ ਵਿਰੋਧੀ ਪਾਰਟੀ ਰਹੀ ਹੈ। ਇਸੇ ਕਰਕੇ ਪੰਜਾਬ ਦੇ ਲੋਕ ਇਸ ਪਾਰਟੀ ਨੂੰ ਘ੍ਰਿਣਤ ਅੱਖਾਂ ਨਾਲ ਵੇਖਦੇ ਆ ਰਹੇ ਹਨ। ਭਾਜਪਾ ਪਾਰਲੀਮੈਂਟ ਮੈਂਬਰ ਤੇ ਰਾਜ ਮੰਤਰੀ ਸ਼੍ਰੀ ਰਵਨੀਤ ਸਿੰਘ ਬਿੱਟੂ ਨੇ ਬੰਦੀ ਸਿੰਘਾਂ ਬਾਰੇ ਬਿਆਨ ਦੇਂਦਿਆ ਆਖਿਆ ਹੈ ਕਿ "ਜੇਲ੍ਹਾਂ ਵਿਚ ਬੰਦ ਬੰਦੀ ਸਿੰਘਾਂ ਦੀਆਂ ਸਜ਼ਾਵਾਂ ਪੂਰੀਆਂ ਨਹੀਂ ਹੋਈਆਂ, ਉਨਾਂ ਨੂੰ ਉਮਰ ਕੈਦ ਨਹੀਂ, ਮੌਤ ਤੱਕ ਦੀ ਸਜ਼ਾ ਹੈ, ਅਸੀਂ ਬੰਦੀ ਸਿੰਘਾਂ ਦੀ ਰਿਹਾਈ 'ਚ ਦਖਲ ਨਹੀਂ ਦੇਵਾਂਗੇ" ਇਸ ਬਿਆਨ ਨੇ ਭਾਜਪਾ ਦੀ ਸਿੱਖਾਂ ਪ੍ਰਤੀ ਸਿਖਰਾਂ ਦੀ ਨਫਰਤ ਭਰੀ ਨੀਤੀ ਦਾ ਪ੍ਰਗਟਾਵਾ ਵੀ ਕਰ ਦਿੱਤਾ ਹੈ ਕਿ ਭਾਜਪਾ ਦਾ ਬੰਦੀ ਸਿੰਘਾਂ ਨੂੰ ਰਿਹਾਅ ਕਰਨ ਪ੍ਰਤੀ ਕਿਸ ਤਰ੍ਹਾਂ ਦੀ ਨਫਰਤ ਭਰੀ ਸੋਚ ਹੈ? ਬੰਦੀ ਸਿੰਘਾਂ ਬਾਰੇ ਇਸ ਸੋਚ ਦਾ ਪ੍ਰਗਟਾਵਾ ਭਾਰਤ ਦੇ ਗ੍ਰਹਿ ਮੰਤਰੀ ਸ਼੍ਰੀ ਅਮਿਤ ਸ਼ਾਹ ਜਦੋਂ ਪੰਜਾਬ ਵਿਖੇ ਇਕ ਸਿੱਖਾਂ ਦੇ ਧਾਰਮਿਕ ਸਮਾਗਮ ਵਿਚ ਆਉਂਦੇ ਹਨ, ਤਾਂ ਉਹ ਕਈ ਬੰਦੀ ਸਿੰਘਾਂ ਬਾਰੇ ਇਹ ਬਿਆਨ ਦੇ ਕੇ ਜਾਂਦੇ ਹਨ ਕਿ ਇਨ੍ਹਾਂ ਬੰਦੀ ਸਿੰਘ ਨੂੰ ਬੜੀ ਜਲਦੀ ਰਿਹਾਅ ਕਰ ਦਿੱਤਾ ਜਾਵੇਗਾ। ਇਹ ਹੀ ਭਾਰਤ ਦੇ ਗ੍ਰਹਿ ਮੰਤਰੀ ਸ਼੍ਰੀ ਅਮਿਤ ਸ਼ਾਹ ਜੀ ਹਨ, ਜਿਹੜੇ ਲੋਕ ਸਭਾ ਵਿਚ ਪਹਿਲਾਂ ਦਿੱਤੇ ਬਿਆਨ ਤੋਂ ਸਾਫ ਸਪੱਸ਼ਟ ਮੁੱਕਰਦੇ ਹੋਏ ਇਹ ਬਿਆਨ ਦੇ ਮਾਰਦੇ ਹਨ ਕਿ ਜਦੋਂ ਬੰਦੀ ਸਿੰਘਾਂ ਨੂੰ ਪਛਤਾਵਾ ਹੀ ਨਹੀਂ, ਤਾਂ ਫਿਰ ਉਨ੍ਹਾਂ ਦੀ ਰਿਹਾਈ ਕਾਹਦੀ! ਸ਼੍ਰੀ ਰਵਨੀਤ ਸਿੰਘ ਬਿੱਟੂ ਦੇ ਇਸ ਬਿਆਨ ਨੇ ਇਹ ਸਾਬਤ ਕਰ ਦਿੱਤਾ ਹੈ ਕਿ ਭਾਰਤੀ ਜਨਤਾ ਪਾਰਟੀ ਦੇ ਰਾਜ ਭਾਗ ਵਿਚ ਉਹ ਆਪਣੇ ਚਹੇਤਿਆਂ, ਬਲਾਤਕਾਰੀਆਂ ਤੇ ਕਈ ਹੋਰ ਗੰਭੀਰ ਜੁਰਮਾਂ ਵਿਚ ਘਿਰੇ ਜੇਲ੍ਹਾਂ ਵਿਚ ਬੰਦ ਕੈਦੀਆਂ ਲੋਕਾਂ ਨੂੰ ਰਿਹਾਅ ਤਾਂ ਕਰ ਸਕਦੇ ਹਨ, ਪੈਰੋਲਾਂ ਦੇ ਸਕਦੇ ਹਨ। ਪਰ ਬੰਦੀ ਸਿੰਘਾਂ ਨੂੰ ਰਿਹਾਅ ਕਦੇ ਨਹੀਂ ਕਰ ਸਕਦੇ। ਜਿਨ੍ਹਾਂ ਨੇ ਦੇਸ਼ ਤੇ ਕੌਮ ਹਿੱਤ ਵਿਚ ਵੱਡੀਆਂ ਕੁਰਬਾਨੀਆਂ ਦਿੱਤੀਆਂ ਦੱਸੀਆਂ ਗਈਆਂ ਹਨ। ਉਨ੍ਹਾਂ ਪ੍ਰਤੀ ਉਨ੍ਹਾਂ ਦੀ ਸੋਚ ਬੜੀ ਸੰਕੀਰਨ ਹੀ ਨਹੀਂ, ਬਲਕਿ ਨਕਾਰਮਿਕ ਵੀ ਹੈ। ਭਾਜਪਾ ਇਸ ਗੱਲੋਂ ਖੁਸ਼ ਹੋਈ ਫਿਰਦੀ ਹੈ ਕਿ ਭਾਜਪਾ ਵਿਚ ਨਿੱਤ ਦਿਨ ਕਈ ਸਿੱਖ ਚਿਹਰੇ ਬੜੀ ਵੱਡੀ ਗਿਣਤੀ ਵਿਚ ਸ਼ਾਮਲ ਹੋ ਰਹੇ ਹਨ ਪਰ ਉਹ ਇਹ ਭੁੱਲਦੇ ਹਨ ਕਿ ਭਾਜਪਾ ਵਿਚ ਸ਼ਾਮਲ ਹੋਣ ਵਾਲੇ ਬਹੁਤੇ ਉਹ ਲੋਕ ਹੀ ਹਨ, ਜਿਨ੍ਹਾਂ ਦਾ ਨਾ ਤਾਂ ਕੋਈ ਦੀਨ ਹੈ, ਨਾ ਹੀ ਮਜ਼੍ਹਬ! ਇਨ੍ਹਾਂ ਦਾ ਨਿਸ਼ਾਨਾ ਆਪਣੇ ਨਿੱਜੀ ਮੁਫਾਦ ਲਈ ਸਮੇਂ ਦੀ ਹੁਕਮਰਾਨ ਸਰਕਾਰ ਵਿਚ ਸ਼ਾਮਲ ਹੋਣਾ ਹੀ ਹੁੰਦਾ ਹੈ ਕਿਉਂਕਿ ਉਨ੍ਹਾਂ ਦੀ ਸੋਚ ਪੁੱਠੇ-ਸਿੱਧੇ ਕੰਮ ਕਰਨਾ ਹੁੰਦਾ ਹੈ। ਇਹ ਉਹ ਸਿੱਖ ਲੋਕ ਹਨ, ਜਿਨ੍ਹਾਂ ਦਾ ਨਿਸ਼ਾਨਾ ਚੌਧਰ ਦੇ ਨਾਲ ਧੰਨ ਕਮਾਉਣਾ ਹੀ ਹੁੰਦਾ ਹੈ। ਜਦੋਂਕਿ ਸੱਚਾਈ ਇਸ ਵਿਚ ਦੱਸੀ ਜਾ ਰਹੀ ਹੈ ਕਿ ਪੰਜਾਬ ਵਿਚ ਵੱਡੀ ਗਿਣਤੀ ਪੰਜਾਬ ਦੇ ਉਹ ਲੋਕ ਹਨ, ਚਾਹੇ ਉਹ ਹਿੰਦੂ ਹਨ, ਮੁਸਲਮਾਨ ਹਨ ਜਾਂ ਫਿਰ ਸਿੱਖ ਹਨ ਜਾਂ ਫਿਰ ਦਲਿਤ ਹਨ, ਉਹ ਭਾਜਪਾ ਦੀਆਂ ਨੀਤੀਆਂ ਦੇ ਸਖਤ ਵਿਰੋਧੀ ਹਨ। ਭਾਜਪਾ ਵਿਚ ਸ਼ਾਮਲ ਲੋਕਾਂ ਦਾ ਆਮ ਜਨਤਾ ਵਿਚ ਉੱਕਾ ਹੀ ਵਕਾਰ ਨਹੀਂ ਹੁੰਦਾ, ਬਲਕਿ ਅਜਿਹੇ ਭਗੌੜੇ ਤੇ ਦਲਬਦਲੂ ਲੋਕਾਂ ਨੂੰ ਆਮ ਜਨਤਾ ਨਫਰਤ ਨਾਲ ਹੀ ਵੇਖਦੀ ਹੈ। ਆਰ.ਐੱਸ.ਐੱਸ. ਦੇ ਸਾਹਮਣੇ ਪੰਜਾਬ ਨੂੰ ਹਰ ਹੀਲੇ ਭਾਜਪਾ ਦੇ ਹਵਾਲੇ ਕਰਨਾ ਹੈ। ਉਹ ਇਸ ਮੰਤਵ ਵਿਚ ਤਾਂ ਹੀ ਸਫਲ਼ ਹੋ ਸਕਦੀ ਹੈ, ਜੇਕਰ ਉਹ ਕਿਸੇ ਵੀ ਹਾਲਤ ਵਿਚ ਉਹ ਸਿੱਖਾਂ ਵਿਸ਼ੇਸ਼ ਕਰਕੇ ਪੰਜਾਬੀਆਂ ਦੀ ਇਕ ਮਜ਼ਬੂਤ ਪਾਰਟੀ ਦਾ ਨਿਰਮਾਣ ਹੀ ਨਾ ਹੋਣ ਦੇਵੇ। ਮੌਜੂਦਾ ਹਾਲਤ ਵਿਚ ਭਾਜਪਾ ਤੇ ਆਰ.ਐੱਸ.ਐੱਸ. ਇਸ ਵੇਲੇ ਪੂਰੀ ਤਰ੍ਹਾਂ ਕਾਮਯਾਬ ਦਿਖਾਈ ਦੇ ਰਹੀ ਹੈ ਕਿਉਂਕਿ ਪੰਜਾਬ ਦੇ ਲੋਕ ਹਾਲੇ ਤੱਕ ਆਪਣੀ ਕਿਸੇ ਵੀ ਪੰਜਾਬ ਹਿਤੈਸ਼ੀ ਪਾਰਟੀ ਦਾ ਨਿਰਮਾਣ ਹੀ ਨਹੀਂ ਕਰ ਸਕੇ। ਪੰਜਾਬ ਵਿਚ ਚੋਣਾਂ ਹੋਣ ਨੂੰ ਸਾਲ ਤੋਂ ਘੱਟ ਦਾ ਸਮਾਂ ਰਹਿ ਗਿਆ ਹੈ। ਪਰ ਹਾਲੇ ਤੱਕ ਪੰਜਾਬ ਹਿਤੈਸ਼ੀ ਕਿਸੇ ਵੀ ਪਾਰਟੀ ਦਾ ਮੁਹਾਂਦਰਾ ਨਹੀਂ ਬਣਿਆ। ਪੰਜਾਬ ਦੇ ਈਮਾਨਦਾਰ ਤੇ ਉਸ ਨੂੰ ਪਿਆਰ ਕਰਨ ਵਾਲੇ ਲੋਕ ਜੇਕਰ ਚਾਹੁੰਦੇ ਹਨ ਕਿ ਪੰਜਾਬ ਨੂੰ ਭਾਜਪਾ ਤੋਂ ਬਚਾਉਣਾ ਹੈ, ਤਾਂ ਉਨ੍ਹਾਂ ਨੂੰ ਹੁਣ ਤੋਂ ਹੀ ਜੰਗੀ ਪੱਧਰ 'ਤੇ ਸਰਗਰਮੀ ਸ਼ੁਰੂ ਕਰ ਦੇਣੀ ਚਾਹੀਦੀ ਹੈ। ਇਸ ਵਿਚ ਪੰਜਾਬ ਦੇ ਸਾਰੇ ਅਕਾਲੀ ਦਲਾਂ ਨੂੰ ਗੰਭੀਰਤਾ ਨਾਲ ਵਿਚਾਰ ਕਰਨਾ ਪਵੇਗਾ, ਉਨ੍ਹਾਂ ਨੂੰ ਆਪਣੀ ਚੌਧਰ ਤੇ ਲਾਲਸਾ ਨੂੰ ਤਿਆਗਣਾ ਪਵੇਗਾ। ਮੌਜੂਦਾ ਹਾਲਤ ਵਿਚ ਇਸ ਸਮੇਂ ਪੰਜ-ਛੇ ਤਾਂ ਅਕਾਲੀ ਦਲ ਹੀ ਹਨ, ਇਨ੍ਹਾਂ ਤੋਂ ਬਿਨਾ ਕਾਂਗਰਸ ਪਾਰਟੀ, ਆਮ ਆਦਮੀ ਪਾਰਟੀ, ਬੀ.ਐੱਸ.ਪੀ., ਖਬੇ ਪੱਖੀ ਪਾਰਟੀਆਂ ਤੋਂ ਬਿਨਾ ਅਕਾਲੀਆਂ ਦੇ ਰਹਿ ਚੁੱਕੇ ਯੂਥ ਆਗੂ ਸ. ਕਿਰਨਬੀਰ ਸਿੰਘ ਕੰਗ ਨੇ ਵੀ ਇਕ ਨਵੀਂ ਪਾਰਟੀ ਦਾ ਨਿਰਮਾਣ ਕਰ ਦਿੱਤਾ ਹੈ। ਇਸ ਤਰ੍ਹਾਂ ਇਕ ਪਾਸੇ 10-12 ਪਾਰਟੀਆਂ ਦੂਸਰੇ ਪਾਸੇ ਇਕੋ ਇਕ ਪਾਰਟੀ ਭਾਜਪਾ ਦਰਮਿਆਨ ਚੋਣ ਹੋਵੇਗੀ। ਦੂਸਰੀਆਂ ਸਾਰੀਆਂ ਪਾਰਟੀਆਂ ਦੀਆਂ ਵੋਟਾਂ ਆਪਸ ਵਿਚ ਵੰਡੀਆਂ ਜਾਣਗੀਆਂ ਅਤੇ ਭਾਜਪਾ ਨੂੰ ਉਨ੍ਹਾਂ ਦੀਆਂ ਪੱਕੀਆਂ ਵੋਟਾਂ ਮਿਲ ਜਾਣੀਆਂ ਹਨ। ਨਤੀਜਾ ਭਾਜਪਾ ਦੀ ਜਿੱਤ ਤਾਂ ਤੁਹਾਡੇ ਸਭ ਦੇ ਸਾਹਮਣੇ ਹੈ। ਇਸ ਦਾ ਮਤਲਬ ਸਪੱਸ਼ਟ ਹੈ ਕਿ ਅਸੀਂ ਜਿਹੜੇ ਆਪਣੇ ਆਪ ਨੂੰ ਪੰਜਾਬ ਦੇ ਹਿਤੈਸ਼ੀ ਸਮਝਦੇ ਹਾਂ, ਅਸੀਂ ਹੀ ਸਾਰੇ ਜ਼ਿੰਮੇਵਾਰ ਹਾਂ, ਜਿਹੜੇ ਆਪ ਹੀ ਭਾਜਪਾ ਨੂੰ ਥਾਲੀ ਵਿਚ ਪਰੋਸ ਕੇ ਪੰਜਾਬ ਦੀ ਰਾਜ ਗੱਦੀ ਸੌਂਪ ਰਹੇ ਹਾਂ। ਇਸ ਨਾਜ਼ੁਕ ਸਥਿਤੀ ਵਿਚ ਜੇਕਰ ਸਿਰਫ ਸਾਰੇ ਅਕਾਲੀ ਦਲਾਂ ਵਾਲੇ ਹੀ ਆਪਣੀ ਹਉਮੈ ਨੂੰ ਤਿਆਗ ਦੇਣ ਤੇ ਰੱਲ ਕੇ ਇਹ ਸੋਚ ਬਣਾ ਲੈਣ ਕਿ ਅਸੀ ਪੰਜਾਬ ਨੂੰ ਭਾਜਪਾ ਦੇ ਸ਼੍ਰੀ ਰਵਨੀਤ ਸਿੰਘ ਬਿੱਟੂ ਆਦਿ ਵਰਗੇ ਪੰਜਾਬ ਵਿਰੋਧੀ ਭਾਜਪਾ ਲੀਡਰਾਂ ਤੋਂ ਪੰਜਾਬ ਨੂੰ ਬਚਾਉਣਾ ਹੈ, ਤਾਂ ਫਿਰ ਉਨ੍ਹਾਂ ਨੂੰ ਇਕਜੁੱਟ ਹੋ ਕੇ ਜਿਸ ਵਿਚ ਬਹੁਜਨ ਸਮਾਜ ਪਾਰਟੀ ਦੇ ਆਗੂਆਂ ਨੂੰ ਵੀ ਸ਼ਾਮਲ ਕਰਕੇ ਇਕ ਸਾਂਝੀ ਸਰਬ ਪ੍ਰਵਾਨਿਤ ਕਮੇਟੀ ਦਾ ਨਿਰਮਾਣ ਕਰਨ ਦੀ ਜ਼ਰੂਰਤ ਹੈ। ਜੋ ਬਿਨਾਂ ਕਿਸੇ ਦੇਰੀ ਦੇ ਸਾਰੀਆਂ ਇਕੱਠੀਆਂ ਹੋਈਆਂ ਪਾਰਟੀਆਂ ਨੂੰ ਇਕਜੁੱਟ ਕਰਕੇ ਸਾਂਝੇ ਤੌਰ 'ਤੇ ਪੰਜਾਬ ਅਸੈਂਬਲੀ ਦੀਆਂ ਚੋਣਾਂ ਲੜਾਵੇ। ਅਜਿਹਾ ਕਰਨ ਨਾਲ ਜਿਥੇ ਸਿਰਫ ਪੰਜਾਬ ਹੀ ਨਹੀਂ, ਬਲਕਿ ਸਾਰੀਆਂ ਇਕੱਠੀਆਂ ਹੋਈਆਂ ਪਾਰਟੀਆਂ ਨੂੰ ਹੋਣ ਵਾਲੀ ਆਪਣੀ ਨਮੋਸ਼ੀ ਤੋਂ ਬੱਚ ਜਾਣਗੀਆਂ, ਉਥੇ ਪੰਜਾਬ ਦੀ ਹੋਂਦ ਵੀ ਬੱਚ ਜਾਵੇਗੀ। ਇਹ ਬਾਲ ਹੁਣ ਪੰਜਾਬ ਦੇ ਸਾਰੇ ਹਿਤੈਸ਼ੀ ਲੀਡਰਾਂ ਦੀ ਕੋਰਟ ਵਿਚ ਹੈ ਕਿ ਉਨ੍ਹਾਂ ਨੇ ਪੰਜਾਬ ਦੇ ਪੁਰਾਤਨ ਤੇ ਸਿਰਮੌਰ ਇਤਿਹਾਸ ਨੂੰ ਕਾਇਮ ਰੱਖਣਾ ਹੈ ਜਾਂ ਕਿ ਆਪਣੀ ਤੇ ਪੰਜਾਬ ਦੀ ਇੱਜ਼ਤ ਨੂੰ ਦਾਅ 'ਤੇ ਲਗਾ ਕੇ ਹੋਰ ਖੱਜਲ-ਖੁਆਰ ਕਰਨਾ ਹੈ।

# ਕਿਸਾਨਾਂ ਦਾ ਖੰਡ ਮਿੱਲਾਂ ਵੱਲ ਖੜ੍ਹਿਆ 16 ਹਜ਼ਾਰ ਕਰੋੜ ਰੁਪਏ ਦਾ ਬਕਾਇਆ, ਜ਼ਿੰਮੇਵਾਰ ਕੌਣ?

ਬ੍ਰਿਸ ਭਾਨ ਬੁਜਰਕ
ਕਾਹਨਗੜ੍ਹ ਰੋਡ, ਪਾਤੜਾਂ, ਜ਼ਿਲ੍ਹਾ ਪਟਿਆਲਾ
98761-01698
ਪੰਜਾਬ ਮੇਲ USA



ਦੇਸ਼ ਅੰਦਰ ਮਿੱਠੇ ਇਨਕਲਾਬ ਦੀ ਪੈਦਾਵਾਰ ਕਰਨ ਵਾਲੇ ਕਿਸਾਨ ਕਮਾਦ ਬੀਜਣ ਤੋਂ ਮੁੱਖ ਮੋੜ ਕੇ ਦੁਬਾਰਾ ਫਿਰ ਕਣਕ/ਝੋਨੇ ਦੇ ਚੱਕਰ 'ਚ ਹੀ ਉਲਝ ਗਏ ਹਨ। ਜਿਸ ਕਰਕੇ ਦੇਸ਼ ਅੰਦਰ ਖੰਡ ਦੀ ਪੈਦਾਵਾਰ ਹਰ ਸਾਲ ਘਟਦੀ ਜਾ ਰਹੀ ਹੈ। ਪੰਜਾਬ ਅਤੇ ਹਰਿਆਣੇ ਤੋਂ ਬਾਅਦ ਉੱਤਰ ਪ੍ਰਦੇਸ਼ ਅਤੇ ਮਹਾਰਾਸ਼ਟਰ ਵਰਗੇ ਸੂਬੇ ਵੀ ਖੰਡ ਦੀ ਪੈਦਾਵਾਰ ਤੋਂ ਪ੍ਰਭਾਵਿਤ ਹੋ ਰਹੇ ਹਨ, ਜਿਸ ਦਾ ਸਭ ਤੋਂ ਵੱਡਾ ਕਾਰਨ ਕੇਂਦਰ ਅਤੇ ਰਾਜ ਸਰਕਾਰਾਂ ਵਲੋਂ ਕਮਾਦ ਦੀ ਕਾਸ਼ਤ ਤੋਂ ਬਾਅਦ ਖਰੀਦ ਦੇ ਯੋਗ ਪ੍ਰਬੰਧ ਨਾ ਕਰਨਾ ਅਤੇ ਖੰਡ ਮਿੱਲ ਮਾਲਕਾਂ ਵਲੋਂ ਸਮੇਂ ਸਿਰ ਫਸਲ ਦੀ ਅਦਾਇਗੀ ਨਾ ਕਰਨਾ ਆਦਿ ਸ਼ਾਮਲ ਹਨ। ਦੇਸ਼ ਅੰਦਰ ਗੰਨਾ ਬੀਜਣ ਵਾਲੇ ਕਿਸਾਨਾਂ ਦਾ ਖੰਡ ਮਿੱਲ ਮਾਲਕਾਂ ਵੱਲ 16 ਹਜ਼ਾਰ ਕਰੋੜ ਰੁਪਏ ਦਾ ਬਕਾਇਆ ਖੜ੍ਹਾ ਹੈ। 16 ਹਜ਼ਾਰ ਕਰੋੜ ਰੁਪਏ ਦੇਸ਼ ਦੇ ਅੰਨਦਾਤੇ ਕਿਸਾਨ ਲਈ ਛੋਟੀ ਰਕਮ ਨਹੀਂ ਹੈ ਅਤੇ ਇਹ ਵਧ ਕੇ ਘੱਟ ਹੋਣ ਦੀ ਬਜਾਏ ਹਰ ਸਾਲ ਵਧਦੀ ਹੀ ਜਾ ਰਹੀ ਹੈ। ਸਾਲ 2026 'ਚ ਪਿਛਲੇ ਵਿੱਤੀ ਸਾਲਾਂ ਦੇ ਮੁਕਾਬਲੇ ਇਸ ਬਕਾਏ 'ਚ 32 ਗੁਣਾਂ ਵਾਧਾ ਹੋਇਆ ਹੈ। ਖੰਡ ਮਿੱਲਾਂ ਹੀ ਇੱਕ ਇਹੋ ਜਿਹੇ ਉਦਯੋਗ ਹਨ, ਜਿਸ ਦੇ ਮਾਲਕ ਆਪਣੀਆਂ ਮਨਮਾਨੀਆਂ ਕਰਕੇ ਅਰਬਾਂਪਤੀ ਬਣਨਾ ਚਾਹੁੰਦੇ ਹਨ। ਕਿਉਂਕਿ ਖੰਡ ਮਿੱਲਾਂ ਦੇ ਮਾਲਕ ਹੀ ਗੰਨੇ ਦੀ ਖਰੀਦ ਅਤੇ ਖੰਡ ਦੇ ਵੇਚ ਮੁੱਲ ਨਿਰਧਾਰਤ ਕਰਨਾ ਚਾਹੁੰਦੇ ਹਨ, ਤਾਂ ਕਿ ਕਿਸਾਨਾਂ ਕੋਲੋਂ ਮਨਮਰਜ਼ੀ ਦੇ ਮੁਤਾਬਿਕ ਗੰਨਾ ਖਰੀਦ ਕੇ ਖੰਡ ਵੀ ਆਪਣੀਆਂ ਹੀ ਕੀਮਤਾਂ ਨਿਰਧਾਰਤ ਕਰਕੇ ਬਾਜ਼ਾਰ 'ਚ ਵੇਚੀ ਜਾ ਸਕੇ। ਦੂਸਰੇ ਪਾਸੇ ਮਿੱਲ ਮਾਲਕ ਇੱਕ ਸਾਲ ਸਖਤ ਮਿਹਨਤ ਕਰਨ ਵਾਲੇ ਕਿਸਾਨਾਂ ਨੂੰ ਉਸ ਦੀ ਲਾਗਤ ਅਤੇ ਕਮਾਈ ਵੀ ਦੇਣ ਲਈ ਤਿਆਰ ਨਹੀਂ, ਸਗੋਂ ਦੇਸ਼ ਦੇ ਕਿਸਾਨਾਂ ਦਾ ਸਾਲ 2018-19 ਤੱਕ 13 ਹਜ਼ਾਰ ਕਰੋੜ ਰੁਪਏ ਤੋਂ ਵੱਧ ਦਾ ਬਕਾਇਆ ਖੰਡ ਸਨਅਤ ਵੱਲ ਖੜ੍ਹਾ ਸੀ, ਜਿਹੜਾ ਹਰ ਸਾਲ ਵਧਦਾ ਜਾ ਰਿਹਾ ਹੈ। ਸਰਕਾਰੀ ਤੌਰ 'ਤੇ ਜਾਰੀ ਕੀਤੇ ਗਏ ਅੰਕੜਿਆਂ ਅਨੁਸਾਰ 16 ਫਰਵਰੀ 2026 ਤੱਕ ਗੰਨੇ ਦਾ ਬਕਾਇਆ 16.087 ਕਰੋੜ ਰੁਪਏ, ਜਦੋਂ ਕਿ 2024-25 'ਚ ਇਹ 497 ਕਰੋੜ ਰੁਪਏ ਅਤੇ 2023-24 'ਚ ਸਿਰਫ 34 ਕਰੋੜ ਰੁਪਏ ਸੀ। ਸਾਲ 2025-26 'ਚ ਕਿਸਾਨਾਂ ਨੂੰ ਕੁੱਲ 79,818 ਕਰੋੜ ਰੁਪਏ ਦਾ ਭੁਗਤਾਨ ਹੋਣਾ ਸੀ, ਜਿਸ ਵਿਚੋਂ 63,731 ਕਰੋੜ ਰੁਪਏ ਦਾ ਭੁਗਤਾਨ ਹੋਇਆ ਹੈ। ਸਭ ਤੋਂ ਵੱਧ ਬਕਾਇਆ ਕਰਨਾਟਕ ਦੇ ਕਿਸਾਨਾਂ ਦਾ 4,956 ਕਰੋੜ ਰੁਪਏ ਹੈ। ਪੰਜਾਬ ਦੇ ਕਿਸਾਨਾਂ ਦਾ 535 ਕਰੋੜ ਰੁਪਏ, ਹਰਿਆਣੇ ਦਾ 373 ਕਰੋੜ ਰੁਪਏ, ਮਹਾਂਰਾਸ਼ਟਰ 'ਚ 4,252 ਕਰੋੜ ਰੁਪਏ ਇਸੇ ਤਰ੍ਹਾਂ ਹੀ ਉਤਰ ਪ੍ਰਦੇਸ਼, ਗੁਜਰਾਤ, ਬਿਹਾਰ, ਮੱਧ ਪ੍ਰਦੇਸ਼, ਤਾਮਿਲਨਾਡੂ, ਉਤਰਾਖੰਡ, ਤੇਲੰਗਨਾ ਦੇ ਕਿਸਾਨਾਂ ਦਾ ਬਕਾਇਆ ਖੜ੍ਹਾ ਹੈ। ਸਮੇਂ ਸਿਰ ਅਜਿਹੀ ਅਦਾਇਗੀ ਨਾ ਹੋਣ ਕਰਕੇ ਪੰਜਾਬ/ਹਰਿਆਣੇ ਦੇ ਕਿਸਾਨ ਤਾਂ ਤਕਰੀਬਨ ਗੰਨੇ ਦੀ ਫਸਲ ਨੂੰ ਅਲਵਿਦਾ ਹੀ ਕਰ ਚੁੱਕੇ ਹਨ। ਗੰਨੇ ਦੀ ਕਾਸ਼ਤ ਹੋਣ ਨਾਲ ਜਿੱਥੇ ਫਸਲੀ ਵਿਭਿੰਨਤਾ ਚੱਲ ਰਹੀ ਸੀ, ਉਥੇ ਹੀ ਘੱਟ ਪਾਣੀ ਦੀ ਵਰਤੋਂ ਹੋਣ ਨਾਲ ਪਾਣੀ ਦੇ ਕੁਦਰਤੀ ਸੋਮੇ ਦੀ ਵੀ ਬਚਤ ਹੋ ਰਹੀ ਸੀ। ਪੰਜਾਬ 'ਚ ਕੰਮ ਕਰ ਰਹੀਆਂ ਨਿੱਜੀ ਖੰਡ ਮਿੱਲਾਂ ਵੀ ਬਹੁਤੀ ਵਧੀਆ ਕਾਰਗੁਜ਼ਾਰੀ ਨਹੀਂ ਵਿਖਾ ਸਕੀਆਂ। ਘੱਗਰ ਦਰਿਆ ਨੇੜੇ ਪੈਂਦੀਆਂ ਜ਼ਮੀਨਾਂ ਲਈ ਸਹਾਈ ਹੋਣ ਵਾਲੀ ਪੰਜਾਬ ਦੀ ਨਿੱਜੀ ਪਿਕਾਡਲੀ ਖੰਡ ਮਿੱਲ ਕਈ ਸਾਲਾਂ ਤੋਂ ਬੰਦ ਪਈ ਹੈ। ਇਸ ਮਿੱਲ ਦੇ ਮਾਲਕਾਂ ਨੇ ਆਪਣਾ ਤੋਰੀ ਫੁਲਕਾ ਤੋਰੀ ਰੱਖਣ ਲਈ ਖੰਡ ਮਿੱਲ ਨੂੰ ਬੰਦ ਕਰਕੇ ਸ਼ਰਾਬ ਦੀ ਫੈਕਟਰੀ ਲਾ ਦਿੱਤੀ ਸੀ, ਜਿਸ ਦਾ ਲੋਕਾਂ ਨੂੰ ਲਾਭ ਹੋਣ ਦੀ ਬਜਾਏ ਉਲਟਾ ਨੁਕਸਾਨ ਹੀ ਹੋ ਰਿਹਾ ਹੈ। ਜੇਕਰ ਖੰਡ ਮਿੱਲਾਂ ਲਗਾਤਾਰ ਆਪਣਾ ਕੰਮ ਜਾਰੀ ਰੱਖਦੀਆਂ, ਤਾਂ ਨੌਜਵਾਨਾਂ ਨੂੰ ਰੁਜ਼ਗਾਰ ਮਿਲਣ ਦੇ ਨਾਲ ਹੀ ਕਿਸਾਨਾਂ ਨੂੰ ਵੀ ਕਮਾਦ ਦੀ ਫਸਲ ਬੀਜ ਕੇ ਵਧੀਆ ਆਮਦਨ ਹੋਣੀ ਸੀ। ਸਹਿਕਾਰੀ ਖੰਡ ਮਿੱਲਾਂ ਦੇ ਬੰਦ ਹੋਣ ਨਾਲ ਹਜ਼ਾਰਾਂ ਨੌਜਵਾਨ ਬੇਰੁਜ਼ਗਾਰ ਹੋ ਗਏ ਹਨ। ਪਰ ਸਰਕਾਰਾਂ ਦਾ ਇਸ ਪਾਸੇ ਕੋਈ ਧਿਆਨ ਨਹੀਂ ਹੈ। ਇਸ ਤਰ੍ਹਾਂ ਕਮਾਦ ਦੀ ਪੈਦਾਵਾਰ ਖਤਮ ਹੋਣ ਨਾਲ ਖੰਡ ਸੰਕਟ ਖੜ੍ਹਾ ਹੋ ਰਿਹਾ ਹੈ। ਭਾਰਤ ਵਿਚ ਮਹਾਰਾਸਟਰ ਨੂੰ ਖੰਡ ਦਾ ਕਟੋਰਾ ਮੰਨਿਆ ਜਾਂਦਾ ਹੈ। ਪਰ ਸਰਕਾਰ ਦੀਆਂ ਕਿਸਾਨ ਮਾਰੂ ਨੀਤੀਆਂ ਕਾਰਨ ਇਹ ਖੰਡ ਦਾ ਕਟੋਰਾ ਵੀ ਖਾਲੀ ਹੁੰਦਾ ਜਾ ਰਿਹਾ ਹੈ। ਉੱਤਰ ਪ੍ਰਦੇਸ਼, ਕਰਨਾਟਕ, ਤਾਮਿਲਨਾਡੂ, ਆਂਧਰਾ ਪ੍ਰਦੇਸ਼ ਆਦਿ ਸਮੇਤ ਸਮੁੱਚੇ ਦੇਸ਼ ਅੰਦਰ ਹੀ ਗੰਨੇ ਦੀ ਖੇਤੀ ਨਾ ਹੋਣ ਕਰਕੇ ਖੰਡ ਦੇ ਉਤਪਾਦਨ 'ਤੇ ਮਾੜਾ ਪ੍ਰਭਾਵ ਪੈ ਰਿਹਾ ਹੈ। ਪੰਜਾਬ ਵਿਚ ਖੰਡ ਮਿੱਲਾਂ ਦੇ ਤਕਰੀਬਨ ਸਾਰੇ ਹੀ ਮਾਲਕਾਂ ਨੇ ਸ਼ਰਾਬ ਦੀਆਂ ਫੈਕਟਰੀਆਂ ਚਲਾ ਲਈਆਂ ਹਨ, ਜਿਸ ਕਰਕੇ ਹੁਣ ਇੱਥੇ ਖੰਡ ਉਤਪਾਦਨ ਦੀ ਬਜਾਏ ਸ਼ਰਾਬ ਦਾ ਉਤਪਾਦਨ ਵਾਧੂ ਹੋ ਰਿਹਾ ਹੈ। ਕਿਉਂਕਿ ਸ਼ਰਾਬ ਸਨੱਅਤ ਨੂੰ ਚਲਾਉਣ ਲਈ ਬਾਹਰੋਂ ਕੱਚਾ ਮਾਲ ਲੈਣ ਦੀ ਬਜਾਏ ਕੈਮੀਕਲ ਹੀ ਵਰਤੇ ਜਾਂਦੇ ਹਨ ਅਤੇ ਥੋੜ੍ਹਾ ਬਹੁਤ ਸੀਰਾ ਜਾਂ ਅਨਾਜ ਤੋਂ ਵੀ ਸ਼ਰਾਬ ਤਿਆਰ ਕੀਤੀ ਜਾਂਦੀ ਹੈ। ਸਰਕਾਰੀ ਅਤੇ ਗੈਰ ਸਰਕਾਰੀ ਤੌਰ 'ਤੇ ਸੀਰੇ ਦੀ ਬਹੁਤ ਹੀ ਘੱਟ ਖਰੀਦ ਕੀਤੀ ਗਈ ਹੈ। ਜੇਕਰ ਦੇਸ਼ ਦੇ ਗੰਨਾ ਕਾਸਤਕਾਰ ਕਿਸਾਨਾਂ ਨੂੰ ਸਮੇਂ ਸਿਰ ਰਕਮ ਦੀ ਅਦਾਇਗੀ ਕੀਤੀ ਜਾਵੇ, ਤਾਂ ਕਿਸਾਨ ਦੀ ਆਰਥਿਕ ਹਾਲਤ ਮਜ਼ਬੂਤ ਹੋ ਸਕਦੀ ਹੈ ਕਿਉਂਕਿ ਗੰਨੇ ਦੀ ਫਸਲ ਦਾ ਮੁੱਲ ਇੱਕ ਸਾਲ ਬਾਅਦ ਮਿਲਦਾ ਹੈ। ਜੇਕਰ ਉਹ ਹੀ ਰਕਮ ਇੱਕ ਸਾਲ ਬਾਅਦ ਕਿਸਾਨ ਨੂੰ ਨਹੀਂ ਮਿਲਦੀ, ਤਾਂ ਉਹ ਖੁਦਕੁਸ਼ੀਆਂ ਕਰਨ ਵਰਗੇ ਰਸਤੇ ਜਾਣ ਲਈ ਮਜਬੂਰ ਹੋ ਜਾਂਦਾ ਹੈ, ਜਿਸ ਕਰਕੇ ਕੇਂਦਰ ਸਰਕਾਰ ਨੂੰ ਗੰਨਾ ਕਾਸ਼ਤਕਾਰਾਂ ਦੀ ਬਕਾਏ ਵਾਲੀ ਇਸ ਸਮੱਸਿਆ ਨੂੰ ਪੱਕੇ ਤੌਰ 'ਤੇ ਹੱਲ ਕਰਨ ਦੀ ਜ਼ਿੰਮੇਵਾਰੀ ਤੈਅ ਕਰਨੀ ਚਾਹੀਦੀ ਹੈ।



> *ਸਭ ਤੋਂ ਵੱਧ ਬਕਾਇਆ ਕਰਨਾਟਕ ਦੇ ਕਿਸਾਨਾਂ ਦਾ 4,956 ਕਰੋੜ ਰੁਪਏ ਹੈ। ਪੰਜਾਬ ਦੇ ਕਿਸਾਨਾਂ ਦਾ 535 ਕਰੋੜ ਰੁਪਏ, ਹਰਿਆਣੇ ਦਾ 373 ਕਰੋੜ ਰੁਪਏ, ਮਹਾਂਰਾਸ਼ਟਰ 'ਚ 4,252 ਕਰੋੜ ਰੁਪਏ ਇਸੇ ਤਰ੍ਹਾਂ ਹੀ ਉਤਰ ਪ੍ਰਦੇਸ਼, ਗੁਜਰਾਤ, ਬਿਹਾਰ, ਮੱਧ ਪ੍ਰਦੇਸ਼, ਤਾਮਿਲਨਾਡੂ, ਉਤਰਾਖੰਡ, ਤੇਲੰਗਨਾ ਦੇ ਕਿਸਾਨਾਂ ਦਾ ਬਕਾਇਆ ਖੜ੍ਹਾ ਹੈ। ਸਮੇਂ ਸਿਰ ਅਜਿਹੀ ਅਦਾਇਗੀ ਨਾ ਹੋਣ ਕਰਕੇ ਪੰਜਾਬ/ਹਰਿਆਣੇ ਦੇ ਕਿਸਾਨ ਤਾਂ ਤਕਰੀਬਨ ਗੰਨੇ ਦੀ ਫਸਲ ਨੂੰ ਅਲਵਿਦਾ ਹੀ ਕਰ ਚੁੱਕੇ ਹਨ। ਗੰਨੇ ਦੀ ਕਾਸ਼ਤ ਹੋਣ ਨਾਲ ਜਿੱਥੇ ਫਸਲੀ ਵਿਭਿੰਨਤਾ ਚੱਲ ਰਹੀ ਸੀ, ਉਥੇ ਹੀ ਘੱਟ ਪਾਣੀ ਦੀ ਵਰਤੋਂ ਹੋਣ ਨਾਲ ਪਾਣੀ ਦੇ ਕੁਦਰਤੀ ਸੋਮੇ ਦੀ ਵੀ ਬਚਤ ਹੋ ਰਹੀ ਸੀ। ਪੰਜਾਬ 'ਚ ਕੰਮ ਕਰ ਰਹੀਆਂ ਨਿੱਜੀ ਖੰਡ ਮਿੱਲਾਂ ਵੀ ਬਹੁਤੀ ਵਧੀਆ ਕਾਰਗੁਜ਼ਾਰੀ ਨਹੀਂ ਵਿਖਾ ਸਕੀਆਂ।*



10 ਅਪ੍ਰੈਲ ਜਨਮ ਦਿਵਸ ’ਤੇ ਵਿਸ਼ੇਸ਼

# ਹੋਮਿਓਪੈਥੀ ਦੇ ਜਨਮਦਾਤਾ ਡਾ. ਕ੍ਰਿਸ਼ਚੀਅਨ ਫ੍ਰੀਡਰਿਖ ਸੈਮਿਊਲ ਹੈਨੇਮਨ

## ਦਵਾਈ ਨਹੀਂ–ਇੱਕ ਸੋਚ, ਇੱਕ ਦਰਸ਼ਨ, ਇੱਕ ਯੁੱਗ

## ਜਦੋਂ ਦਵਾਈ ਨੇ ਮਨੁੱਖ ਨੂੰ ਮੁੜ ਖੋਜਿਆ


-ਡਾ: ਅਮੀਤਾ ਰਾਣੀ
+91-75893-63090
ਪੰਜਾਬ ਮੇਲ USA




ਚਿਕਿਤਸਾ ਦਾ ਇਤਿਹਾਸ ਸਿਰਫ਼ ਦਵਾਈਆਂ ਦੀ ਤਰੱਕੀ ਦੀ ਕਹਾਣੀ ਨਹੀਂ–ਇਹ ਮਨੁੱਖੀ ਸੰਵੇਦਨਾ, ਕਰੁਣਾ ਅਤੇ ਵਿਗਿਆਨਕ ਹੌਂਸਲੇ ਦੀ ਕਹਾਣੀ ਵੀ ਹੈ। ਜਦੋਂ ਯੂਰਪ ਦੀ ਮੈਡੀਕਲ ਦੁਨੀਆਂ ਖੂਨ ਕੱਢਣ, ਭਾਰੀ ਜ਼ਹਿਰੀਲੀ ਦਵਾਈਆਂ ਅਤੇ ਅੰਨ੍ਹੇ ਪ੍ਰਯੋਗਾਂ ’ਚ ਫਸੀ ਹੋਈ ਸੀ, ਓਦੋਂ ਇਕ ਜਰਮਨ ਡਾਕਟਰ ਨੇ ਸਵਾਲ ਪੁੱਛਿਆ–ਕੀ ਇਲਾਜ ਦਾ ਕੇਂਦਰ ਰੋਗ ਹੈ ਜਾਂ ਰੋਗੀ? ਇਸ ਸਵਾਲ ਨੇ ਜਨਮ ਦਿੱਤਾ ਹੋਮਿਓਪੈਥੀ ਨੂੰ ਅਤੇ ਉਸ ਡਾਕਟਰ ਦਾ ਨਾਮ ਸੀ–ਸੈਮਿਊਲ ਹੈਨੇਮਨ।

ਹੋਮਿਓਪੈਥੀ ਅੱਜ ਵੀ ਵਾਦ-ਵਿਵਾਦ ਦਾ ਵਿਸ਼ਾ ਹੈ, ਪਰ ਇਹ ਅਟੱਲ ਸੱਚ ਹੈ ਕਿ ਇਸ ਪ੍ਰਣਾਲੀ ਨੇ ਮਨੁੱਖੀ ਇਲਾਜ ਨੂੰ ਇਕ ਨਵਾਂ ਦਰਸ਼ਨ ਦਿੱਤਾ, ਜਿਸ ਵਿਚ ਸਰੀਰ, ਮਨ ਅਤੇ ਆਤਮਾ ਨੂੰ ਇਕ ਅਟੁੱਟ ਇਕਾਈ ਵਜੋਂ ਦੇਖਿਆ ਗਿਆ। ਇਹ ਲੇਖ ਹੈਨੇਮਨ ਦੀ ਜ਼ਿੰਦਗੀ, ਸੰਘਰਸ਼, ਖੋਜ, ਵਿਰੋਧ, ਗ੍ਰੰਥਾਂ ਅਤੇ ਉਸ ਦਰਸ਼ਨ ਦੀ ਡੂੰਘੀ ਪੜਚੋਲ ਹੈ, ਜੋ 18ਵੀਂ ਸਦੀ ਤੋਂ 21ਵੀਂ ਸਦੀ ਤੱਕ ਲੱਖਾਂ ਲੋਕਾਂ ਦੀ ਉਮੀਦ ਬਣਿਆ।

### ਜਨਮ, ਗਰੀਬੀ ਅਤੇ ਗਿਆਨ ਦੀ ਭੁੱਖ

10 ਅਪ੍ਰੈਲ 1755, ਜਰਮਨੀ ਦੇ ਪਿੰਡ ਮੀਸ਼ਨ, ਇੱਕ ਅਜਿਹਾ ਘਰ ਜਿੱਥੇ ਪੈਸੇ ਦੀ ਕਮੀ ਸੀ ਪਰ ਇਮਾਨਦਾਰੀ ਦੀ ਬਹੁਲਤਾ। ਪਿਤਾ ਚੀਨੀ ਦੇ ਬਰਤਨਾਂ ’ਤੇ ਚਿੱਤਰਕਾਰੀ ਕਰਦੇ ਸਨ। ਬਾਲਕ ਹੈਨੇਮਨ ਨੇ ਬਚਪਨ ਤੋਂ ਹੀ ਮਿਹਨਤ ਅਤੇ ਸਾਧਾਰਨ ਜੀਵਨ ਦੀ ਕਦਰ ਸਿੱਖੀ। ਗਰੀਬੀ ਉਸ ਲਈ ਰੁਕਾਵਟ ਨਹੀਂ ਬਣੀ; ਇਹ ਉਸ ਦੀ ਤਾਕਤ ਬਣੀ।

ਪੜ੍ਹਾਈ ਦੌਰਾਨ ਹੀ ਉਸ ਦੀ ਅਸਾਧਾਰਣ ਯੋਗਤਾ ਸਾਹਮਣੇ ਆਈ, ਭਾਸ਼ਾਵਾਂ ਪ੍ਰਤੀ ਅਦਭੁੱਤ ਰੁਝਾਨ। ਲਾਤੀਨੀ, ਯੂਨਾਨੀ, ਫਰੈਂਚ, ਅੰਗਰੇਜ਼ੀ ਸਮੇਤ 11 ਭਾਸ਼ਾਵਾਂ ’ਤੇ ਪਕੜ, ਇਹ ਸਿਰਫ਼ ਬੁੱਧੀਮਾਨੀ ਨਹੀਂ, ਇਹ ਵਿਦਿਆ ਲਈ ਤਪੱਸਿਆ ਸੀ। ਇਸ ਭਾਸ਼ਾਈ ਗਿਆਨ ਨੇ ਅੱਗੇ ਚੱਲ ਕੇ ਉਸਨੂੰ ਅਨੁਵਾਦਾਂ ਰਾਹੀਂ ਵਿਗਿਆਨਕ ਵਿਚਾਰਾਂ ਦੇ ਵਿਸ਼ਵ ਦਰਵਾਜ਼ੇ ਖੋਲ੍ਹ ਦਿੱਤੇ।

### ਡਾਕਟਰੀ ਡਿਗਰੀ ਅਤੇ ਰਵਾਇਤੀ ਮੈਡੀਸਨ ਨਾਲ ਟਕਰਾਅ

ਸਿਰਫ਼ 24 ਸਾਲ ਦੀ ਉਮਰ ’ਚ ਐੱਮ.ਡੀ.–ਉਸ ਸਮੇਂ ਇਕ ਵੱਡੀ ਉਪਲਬਧੀ। ਡਰੈਸਡਨ ਹਸਪਤਾਲ ਵਿਚ ਮੁੱਖ ਡਾਕਟਰ ਦੀ ਨਿਯੁਕਤੀ ਨੇ ਉਸਨੂੰ ਮਾਣ ਦਿੱਤਾ, ਪਰ ਅੰਦਰੋਂ ਅਸੰਤੁਸ਼ਟੀ ਵੀ। ਉਸਨੇ ਵੇਖਿਆ ਕਿ ਇਕੋ ਬਿਮਾਰੀ ਦੇ ਮਰੀਜ਼ਾਂ ’ਤੇ ਇਕੋ ਦਵਾਈ ਵੱਖ-ਵੱਖ ਤਰ੍ਹਾਂ ਕੰਮ ਕਰਦੀ ਹੈ। ਕਈ ਵਾਰ ਦਵਾਈ ਨਾਲ ਲਾਭ ਘੱਟ ਅਤੇ ਨੁਕਸਾਨ ਵੱਧ ਹੁੰਦਾ।


ਉਹ ਸਵਾਲਾਂ ਤੋਂ ਡਰਿਆ ਨਹੀਂ। ਉਹ ਜਾਣਨਾ ਚਾਹੁੰਦਾ ਸੀ–ਕਿਉਂ? ਇਹ “ਕਿਉਂ” ਉਸਨੂੰ ਰਵਾਇਤੀ ਪ੍ਰਣਾਲੀ ਤੋਂ ਦੂਰ ਅਤੇ ਖੋਜ ਦੇ ਰਸਤੇ ’ਤੇ ਲੈ ਗਿਆ।

### ਨੌਕਰੀ ਤੋਂ ਅਸਤੀਫ਼ਾ: ਖੋਜ ਦੀ ਕਸਮ

ਹੈਨੇਮਨ ਨੇ ਸੁਵਿਧਾਜਨਕ ਅਹੁਦੇ ਨੂੰ ਤਿਆਗ ਦਿੱਤਾ। ਇਹ ਫੈਸਲਾ ਆਸਾਨ ਨਹੀਂ ਸੀ, ਆਰਥਿਕ ਅਨਿਸ਼ਚਿਤਤਾ, ਸਮਾਜਿਕ ਦਬਾਅ, ਪੇਸ਼ੇਵਰ ਇਕਾਂਤ। ਪਰ ਉਸ ਲਈ ਸੱਚ ਦੀ ਖੋਜ ਸਭ ਤੋਂ ਉੱਪਰ ਸੀ। ਉਸਨੇ ਦਵਾਈਆਂ ਦੇ ਪ੍ਰਭਾਵਾਂ ਨੂੰ ਸਮਝਣ ਲਈ ਸਵੈ-ਪ੍ਰਯੋਗ (drug proving) ਸ਼ੁਰੂ ਕੀਤੇ–ਖੁਦ ’ਤੇ ਦਵਾਈਆਂ ਅਜ਼ਮਾਉਣੀਆਂ, ਲੱਛਣ ਦਰਜ ਕਰਨੇ, ਮਨੋਵਿਗਿਆਨਕ ਅਸਰ ਨੋਟ ਕਰਨੇ। ਇਹ ਅਜਿਹਾ ਰਾਹ ਸੀ, ਜਿਸ ’ਤੇ ਤੁਰਨ ਵਾਲਾ ਉਸ ਸਮੇਂ ਕੋਈ ਨਹੀਂ ਸੀ।

### 1790 ਦਾ ਮੋੜ: “ਸਮਾਨ ਨਾਲ ਸਮਾਨ”

ਇਕ ਅਨੁਵਾਦ ਦੌਰਾਨ ਕੁਇਨਾਈਨ (Cinchona) ਨਾਲ ਸਵੈ-ਪ੍ਰਯੋਗ–ਦਵਾਈ ਨੇ ਬੁਖਾਰ ਵਰਗੇ ਲੱਛਣ ਪੈਦਾ ਕੀਤੇ ਅਤੇ ਫਿਰ ਉਹੀ ਲੱਛਣ ਦੂਰ ਹੋਏ।



ਇਥੋਂ ਨਿਕਲਿਆ ਇਤਿਹਾਸਕ ਸਿਧਾਂਤ: Similia Similibus Curentur (ਜੋ ਰੋਗ ਪੈਦਾ ਕਰੇ, ਉਹੀ ਰੋਗ ਨੂੰ ਠੀਕ ਕਰੇ)

ਇਹ ਕੋਈ ਅਟਕਲ ਨਹੀਂ ਸੀ; ਇਹ ਤਜ਼ਰਬੇ, ਨੋਟਿਸ ਅਤੇ ਦੁਹਰਾਏ ਗਏ ਪ੍ਰਯੋਗਾਂ ਦਾ ਨਤੀਜਾ ਸੀ। ਇੱਥੇ ਹੋਮਿਓਪੈਥੀ ਦੀ ਨੀਂਹ ਪਈ।

### ਰੋਗ ਨਹੀਂ–ਰੋਗੀ: ਇਕ ਨਵਾਂ ਕੇਂਦਰ

ਹੈਨੇਮਨ ਲਈ ਬਿਮਾਰੀ ਕੋਈ ਇਕੱਲੀ ਇਕਾਈ ਨਹੀਂ ਸੀ। ਰੋਗੀ ਦਾ ਸੁਭਾਅ, ਮਨੋਦਸ਼ਾ, ਡਰ, ਗੁੱਸਾ, ਆਦਤਾਂ–ਸਭ ਇਲਾਜ ਦਾ ਹਿੱਸਾ ਸਨ। ਇਸ ਦਰਸ਼ਨ ਨੇ ਕਿਹਾ: ਇਲਾਜ ਵਿਅਕਤੀਗਤ ਹੋਵੇ। ਇਕੋ ਨਿਦਾਨ, ਵੱਖਰੀ ਦਵਾਈ–ਕਿਉਂਕਿ ਦੋ ਮਨੁੱਖ ਕਦੇ ਇਕੋ ਜਿਹੇ ਨਹੀਂ।


### ਪਹਿਲੀਆਂ ਰਚਨਾਵਾਂ: ਬੁਨਿਆਦ ਦਾ ਲੇਖਾ-ਜੋਖਾ

1795–ਹੋਮਿਓਪੈਥੀ ’ਤੇ ਪਹਿਲੀ ਵਿਗਿਆਨਕ ਲਿਖਤ।

ਦਵਾਈਆਂ ਦੇ ਲੱਛਣ, ਡੋਜ਼, ਪ੍ਰਭਾਵ–ਸਭ ਕੁਝ ਤਰਤੀਬ ਨਾਲ। ਇਹ ਸਿਰਫ਼ ਕਿਤਾਬ ਨਹੀਂ, ਇਕ ਨਵੀਂ ਵਿਧੀ ਦਾ ਨਕਸ਼ਾ ਸੀ।

“ਆਰਗੈਨਨ ਆਫ਼ ਮੈਡੀਸਨ” (1810): ਹੋਮਿਓਪੈਥੀ ਦੀ ਗੀਤਾ

1810 ਵਿਚ ਆਈ ਉਹ ਕਿਤਾਬ, ਜਿਸਨੂੰ ਹੋਮਿਓਪੈਥੀ ਦਾ ਧਾਰਮਿਕ ਗ੍ਰੰਥ ਕਿਹਾ ਜਾਂਦਾ ਹੈ–Organon of Medicine। ਇਸ ਵਿਚ ਦਰਸਾਏ ਗਏ ਅਸੂਲ: ਵਿਅਕਤੀਗਤ ਇਲਾਜ ਦਵਾਈ ਦੀ ਸੂਖ਼ਸ਼ਮਤਾ (potentization) ਸਵੈ-ਪ੍ਰਯੋਗ ਅਤੇ ਲੱਛਣਕ ਵਿਸ਼ਲੇਸ਼ਣਮਨ-ਸਰੀਰ-ਆਤਮਾ ਦੀ ਇਕਾਈ ਇਸ ਗ੍ਰੰਥ ਨੇ ਸਿਸਟਮ ਨੂੰ ਸ਼ਾਸਤਰ ਦਿੱਤਾ।




### ਸੂਖ਼ਸ਼ਮਤਾ ਦਾ ਵਿਵਾਦ: ਘੱਟ ’ਚ ਵੱਡੀ ਤਾਕਤ

ਹੈਨੇਮਨ ਨੇ ਕਿਹਾ–ਦਵਾਈ ਜਿੰਨੀ ਸੂਖ਼ਸ਼ਮ ਬਣਾਈ ਜਾਵੇ, ਉਨੀ ਹੀ ਤਾਕਤਵਰ ਹੋ ਸਕਦੀ ਹੈ। ਇਹ ਗੱਲ ਉਸ ਯੁੱਗ ਦੇ ਵਿਗਿਆਨ ਲਈ ਝਟਕਾ ਸੀ। ਵਿਰੋਧ ਹੋਇਆ, ਮਜ਼ਾਕ ਉਡਾਇਆ ਗਿਆ। ਪਰ ਹੈਨੇਮਨ ਡਟਿਆ ਰਿਹਾ–ਉਸਦੇ ਨਤੀਜੇ ਮਰੀਜ਼ਾਂ ਦੀ ਤੰਦਰੁਸਤੀ ਵਿਚ ਦਿਖ ਰਹੇ ਸਨ।

### ਵਿਰੋਧ, ਸ਼ਹਿਰ ਬਦਲਣੇ ਅਤੇ ਇਕਾਂਤ

ਜਿਵੇਂ-ਜਿਵੇਂ ਲੋਕਪ੍ਰਿਯਤਾ ਵਧੀ, ਵਿਰੋਧ ਵੀ ਵਧਿਆ। 1821 ਤੱਕ ਹਾਲਾਤ ਐਸੇ ਬਣੇ ਕਿ ਹੈਨੇਮਨ ਨੂੰ ਲਿਪਜ਼ਿਗ ਛੱਡਣਾ ਪਿਆ। ਜਿਸ ਸ਼ਹਿਰ ਨੇ ਉਸਨੂੰ ਪਛਾਣ ਦਿੱਤੀ, ਓਥੋਂ ਵਿਦਾਈ–ਦਿਲ ਨੂੰ ਚੀਰਨ ਵਾਲੀ ਸੀ।

### ਨਿੱਜੀ ਦੁੱਖ: ਅਟੱਲ ਹੌਂਸਲਾ

ਰਸਤੇ ’ਚ ਹਾਦਸਾ–ਦੋ ਨੌਜਵਾਨ ਬੱਚਿਆਂ ਦੀ ਮੌਤ।

1830–ਪਤਨੀ ਦਾ ਦਿਹਾਂਤ।

ਇਹ ਦੁੱਖ ਕਿਸੇ ਨੂੰ ਵੀ ਤੋੜ ਸਕਦੇ ਸਨ। ਪਰ ਹੈਨੇਮਨ ਨੇ ਖੋਜ ਨਹੀਂ ਛੱਡੀ। ਉਸਨੇ ਦੁੱਖ ਨੂੰ ਤਾਕਤ ਬਣਾਇਆ।

### 1828 ਦੀ ਕਿਤਾਬ: ਗੰਭੀਰ ਬਿਮਾਰੀਆਂ ’ਤੇ ਨਵੀਂ ਰੌਸ਼ਨੀ

ਇਸ ਰਚਨਾ ਨੇ ਦਰਸਾਇਆ ਕਿ ਕਿਵੇਂ ਕ੍ਰੋਨਿਕ ਰੋਗਾਂ ਨੂੰ ਸੂਖ਼ਸ਼ਮ ਦਵਾਈਆਂ ਨਾਲ ਸੰਤੁਲਿਤ ਕੀਤਾ ਜਾ ਸਕਦਾ ਹੈ। ਇਹ ਕੰਮ ਉਸਨੂੰ ਅੰਤਰਰਾਸ਼ਟਰੀ ਪਛਾਣ ਦੇ ਗਿਆ।

ਆਖ਼ਰੀ ਸਾਲ, ਪੈਰਿਸ ਅਤੇ ਵਿਦਾਈ

80 ਸਾਲ ਦੀ ਉਮਰ ’ਚ ਦੂਜਾ ਵਿਆਹ। ਪੈਰਿਸ–ਜਿੱਥੇ ਉਸਨੇ ਆਖ਼ਰੀ ਦਿਨ ਗੁਜ਼ਾਰੇ।

2 ਜੁਲਾਈ 1843–ਵਿਦਾਈ।

ਅੰਤਿਮ ਯਾਤਰਾ ’ਚ ਘੱਟ ਲੋਕ, ਪਰ ਇਤਿਹਾਸ ਵਿਚ ਅਮਰ ਨਾਮ।

ਮੌਤ ਤੋਂ ਬਾਅਦ ਦਾ ਨਿਆਂ

1899 ਮੌਤ ਤੋਂ 56 ਸਾਲ ਬਾਅਦ–ਸਨਮਾਨ, ਦੁਬਾਰਾ ਦਫ਼ਨਾਵਟ, ਯਾਦਗਾਰ। ਲਿਪਜ਼ਿਗ ਵਿਚ ਬੁੱਤ–ਲੋਕ ਸਿਰ ਝੁਕਾ ਕੇ ਲੰਘਦੇ ਹਨ।

ਅੱਜ ਦਾ ਸੰਦਰਭ: ਵਾਦ-ਵਿਵਾਦ ਅਤੇ ਵਿਰਾਸਤ

ਹੋਮਿਓਪੈਥੀ ’ਤੇ ਅੱਜ ਵੀ ਬਹਿਸ ਹੈ–ਪਰ ਇਹ ਅਸਵੀਕਾਰ ਨਹੀਂ ਕੀਤਾ ਜਾ ਸਕਦਾ ਕਿ ਇਸ ਨੇ ਇਲਾਜ ਨੂੰ ਮਨੁੱਖ-ਕੇਂਦਰਿਤ ਬਣਾਇਆ। ਵਿਅਕਤੀਗਤਤਾ, ਕਰੁਣਾ ਅਤੇ ਘੱਟ ਹਾਨੀ–ਇਹ ਮੁੱਲ ਅੱਜ ਦੀ ਮੈਡੀਸਨ ਵਿਚ ਵੀ ਮਹੱਤਵਪੂਰਨ ਹਨ।



# ਮਲਮਾਸ, ਬਿਕ੍ਰਮੀ ਕੈਲੰਡਰ ਦਾ ਅੰਗ ਹੈ

ਸਰਵਜੀਤ ਸਿੰਘ
ਸੈਕਰਾਮੈਂਟੋ
ਪੰਜਾਬ ਮੇਲ USA



ਕਰਨਲ ਨਿਸ਼ਾਨ ਜੀ, ਸੰਮਤ 2085 ਬਿਕ੍ਰਮੀ (2029 ਈ:) ਵਿਚ ਚੇਤ ਦਾ ਮਹੀਨਾ ਮਲਮਾਸ ਆਵੇਗਾ। ਚੇਤ ਦਾ ਆਰੰਭ 1 ਮਾਰਚ ਤੋਂ ਹੋਵੇਗਾ ਅਤੇ ਅੰਤ 28 ਅਪ੍ਰੈਲ ਨੂੰ ਹੋਵੇਗਾ। 15 ਮਾਰਚ ਤੋਂ 13 ਅਪ੍ਰੈਲ ਤਾਈ ਮਲ ਮਾਸ ਹੋਵੇਗਾ। ਗੁਰਗੱਦੀ ਦਿਵਸ ਪਾਤਸ਼ਾਹੀ ਤੀਜੀ ਚੇਤ ਸੁਦੀ 1 ਮੁਤਾਬਕ, ਤੁਸੀ 14 ਅਪ੍ਰੈਲ 2029 ਈ: ਦਰਜ ਕੀਤੀ ਹੈ (ਪੰਨਾ 45) ਜਦੋਂ ਕਿ ਚੇਤ ਸੁਦੀ ਏਕਮ ਤਾਂ 16 ਮਾਰਚ ਨੂੰ ਵੀ ਆਵੇਗੀ। ਤੁਸੀ ਇਹ ਦਿਹਾੜਾ 16 ਮਾਰਚ (ਅਸ਼ੁੱਭ ਚੇਤ ਸੁਦੀ 1) ਦੀ ਬਜਾਏ 14 ਅਪ੍ਰੈਲ (ਸ਼ੁੱਭ ਚੇਤ ਸੁਦੀ 1) ਨੂੰ ਕਿਉਂ ਦਰਜ ਕੀਤਾ ਹੈ? ਇਸੇ ਤਰ੍ਹਾਂ ਹੀ ਚੇਤ ਸੁਦੀ 4 ਜੋਤੀ ਜੋਤ ਦਿਹਾੜਾ ਪਾ: ਦੂਜੀ 18 ਅਪ੍ਰੈਲ ਨੂੰ ਦਰਜ ਕੀਤਾ ਹੈ। ਜਦੋਂ ਕਿ ਚੇਤ ਸੁਦੀ 4 ਤਾਂ 19 ਮਾਰਚ ਨੂੰ ਵੀ ਆਵੇਗੀ। ਕੀ ਕਾਰਨ ਹੈ ਕਿ ਇਥੇ ਆਪ ਨੇ ਮਲਮਾਸ ਦਾ ਪੂਰਾ ਖਿਆਲ ਰੱਖਿਆ ਹੈ ਅਤੇ ਇਸ ਸਾਲ ਜੇਠ ਸੁਦੀ 4 ਸਬੰਧੀ ਲਿਖਦੇ ਹੋ, "ਗੁਰਮਤਿ ਵਿਚ ਮਲ ਮਾਸ ਦਾ ਕੋਈ ਸੰਕਲਪ ਹੀ ਨਹੀਂ। ਇਸ ਲਈ ਸਿੱਖ ਕੈਲੰਡਰ ਵਿਚ ਇਤਿਹਾਸਕ ਦਿਹਾੜੇ ਇਤਿਹਾਸ ਮੁਤਾਬਿਕ ਹੀ ਨਿਰਧਾਰਿਤ ਕੀਤੇ ਜਾਣੇ ਚਾਹੀਦੇ ਹਨ, ਜੰਤਰੀਆਂ ਦੇ ਮਲ ਮਾਸ ਮੁਤਾਬਿਕ ਨਹੀਂ"।

ਸ਼੍ਰੋਮਣੀ ਗੁਰਦੁਆਰਾ ਪ੍ਰਬੰਧਕ ਕਮੇਟੀ ਵੱਲੋਂ 6 ਮਾਰਚ (2026 ਈ:) ਨੂੰ ਜਾਰੀ ਕੀਤੇ ਗਏ ਕੈਲੰਡਰ ਵਿਚ ਮਲਮਾਸ ਆਉਣ ਕਾਰਨ, ਇਹ ਕੈਲੰਡਰ ਚਰਚਾ ਦਾ ਵਿਸ਼ਾ ਬਣਿਆ ਹੋਇਆ ਹੈ। ਮਲ ਮਾਸ ਤਾਂ ਪਹਿਲਾਂ ਵੀ ਆਏ ਹਨ। ਜਦੋਂ ਤੋਂ (ਮਾਰਚ 2010 ਤੋਂ) ਸ਼੍ਰੋਮਣੀ ਕਮੇਟੀ ਨੇ ਨਾਨਕਸ਼ਾਹੀ ਕੈਲੰਡਰ ਨੂੰ ਤਿਆਗ ਕੇ, ਚੰਦਰ-ਸੂਰਜੀ ਬਿਕ੍ਰਮੀ (ਦ੍ਰਿਕਗਿਣਤ ਸਿਧਾਂਤ) ਕੈਲੰਡਰ ਛਾਪਣਾ ਆਰੰਭ ਕੀਤਾ ਹੈ। ਜਿਵੇਂ ਵੈਸਾਖ-2010 ਈ, ਭਾਦੋ 2012 ਈ., ਹਾੜ 2015 ਈ: ਆਦਿ। ਉਦੋਂ ਇਹ ਚਰਚਾ ਦਾ ਵਿਸ਼ਾ ਨਹੀਂ ਬਣੇ। ਕਿਉਂਕਿ ਕਮੇਟੀ ਸਿਰਫ ਸੂਰਜੀ ਕੈਲੰਡਰ ਹੀ ਛਾਪਦੀ ਸੀ ਅਤੇ ਸਾਰੇ ਦਿਹਾੜੇ ਸਮੇਤ ਉਹ ਦਿਹਾੜੇ ਜਿਹੜੇ ਵਦੀ-ਸੁਦੀ ਮੁਤਾਬਕ ਮਨਾਏ ਜਾਂਦੇ ਸਨ, ਪ੍ਰਵਿਸ਼ਟਿਆ ਵਿਚ ਹੀ ਦਰਜ ਕੀਤੇ ਜਾਂਦੇ ਸਨ। ਜਿਸ ਕਾਰਨ ਮਲਮਾਸ ਬਾਰੇ ਆਮ ਸੰਗਤਾਂ ਨੂੰ ਪਤਾ ਹੀ ਨਹੀਂ ਸੀ ਲੱਗਦਾ। ਸੰਮਤ 552 ਨਾਨਕਸ਼ਾਹੀ (2020-21) ਦੇ ਕੈਲੰਡਰ ਵਿਚ, ਮੀਰੀ-ਪੀਰੀ ਦਿਵਸ ਪਾ: ਛੇਵੀਂ 17 ਹਾੜ (ਹਾੜ ਸੁਦੀ 10) ਅਤੇ ਸਿਰਜਣਾ ਦਿਵਸ ਅਕਾਲ ਤਖਤ ਸਾਹਿਬ 18 ਹਾੜ (ਪ੍ਰਵਿਸ਼ਿਟਆ ਮੁਤਾਬਕ) ਦਰਜ ਸੀ। ਮੈਂ ਪੱਤਰ ਲਿਖ ਕੇ ਸ਼੍ਰੋਮਣੀ ਕਮੇਟੀ ਅਤੇ ਸੰਗਤਾਂ ਦੇ ਧਿਆਨ ਵਿਚ ਲਿਆਂਦਾ ਸੀ, ਪਰ ਅੱਜ ਵਾਂਗ ਚਰਚਾ ਨਹੀਂ ਸੀ ਹੋਈ।

ਸਮੰਤ 558 ਨਾਨਕਸ਼ਾਹੀ (2083 ਬਿਕ੍ਰਮੀ/2026-27) ਵਿਚ ਚੰਦ ਦੇ ਸਾਲ ਦੇ 13 ਮਹੀਨੇ ਹਨ। ਜੇਠ ਦਾ ਮਹੀਨਾ ਦੋ ਵਾਰ ਆ ਰਿਹਾ ਹੈ। ਜੇਠ ਦਾ ਆਰੰਭ 2 ਮਈ ਤੋਂ ਹੋਵੇਗਾ ਅਤੇ ਅੰਤ 29 ਜੂਨ ਨੂੰ। ਪਹਿਲੇ ਜੇਠ ਦਾ ਪਹਿਲਾ ਪੱਖ (ਵਦੀ ਪੱਖ) ਸ਼ੁੱਭ ਹੋਵੇਗਾ। ਪਹਿਲੇ ਜੇਠ ਦਾ ਦੂਜਾ ਪੱਖ (ਸੁਦੀ ਪੱਖ) ਅਤੇ ਦੂਜੇ ਦਾ ਜੇਠ ਦਾ ਪਹਿਲਾ ਪੱਖ (ਵਦੀ ਪੱਖ) ਅਸ਼ੁੱਭ ਹੋਵੇਗਾ। ਦੂਜੇ ਜੇਠ ਦਾ ਦੂਜਾ ਪੱਖ (ਸੁਦੀ ਪੱਖ) ਸ਼ੁੱਭ ਹੋਵੇਗਾ। ਗੁਰੂ ਹਰਿਗੋਬਿੰਦ ਸਾਹਿਬ ਜੀ ਦਾ ਗੁਰਗੱਦੀ ਦਿਹਾੜਾ ਜੇਠ ਵਦੀ 8 ਮੁਤਾਬਕ, ਜੇਠ ਦੇ ਪਹਿਲੇ ਪੱਖ ਵਿਚ 10 ਮਈ ਨੂੰ ਮਨਾਇਆ ਜਾਵੇਗਾ ਅਤੇ ਗੁਰੂ ਅਰਜਨ ਸਾਹਿਬ ਜੀ ਦਾ ਸ਼ਹੀਦੀ ਦਿਹਾੜਾ ਜੇਠ ਸੁਦੀ 4 ਮੁਤਾਬਕ, ਦੂਜੇ ਜੇਠ ਦੇ ਦੂਜੇ ਪੱਖ ਵਿਚ 18 ਜੂਨ ਨੂੰ ਮਨਾਇਆ ਜਾਵੇਗਾ। ਪਰ ਸ਼੍ਰੋਮਣੀ ਕਮੇਟੀ ਨੇ ਆਪਣੇ ਕੈਲੰਡਰ ਵਿਚ ਇਹ ਦਿਹਾੜੇ 25 ਜੇਠ (8 ਜੂਨ ) ਅਤੇ 4 ਹਾੜ (18 ਜੂਨ) ਨੂੰ ਦਰਜ ਕੀਤੇ ਹਨ। ਕਰਨਲ ਨਿਸ਼ਾਨ, ਇਨ੍ਹਾਂ ਤਾਰੀਖਾਂ ਨਾਲ ਸਹਿਮਤ ਨਹੀਂ ਹੈ। ਸ਼ਾਇਦ ਇਹ ਪਹਿਲਾ ਮੌਕਾ ਹੈ ਕਿ ਕਰਨਲ ਨਿਸ਼ਾਨ ਨੂੰ, ਕਮੇਟੀ ਦੇ ਕੈਲੰਡਰ ਵਿਚ ਕੋਈ ਗਲਤੀ ਨਜ਼ਰ ਆਈ ਹੈ।

ਕਰਨਲ ਨਿਸ਼ਾਨ ਦੇ ਬਚਨ, "ਸ੍ਰੀ ਗੁਰੂ ਹਰਿਗੋਬਿੰਦ ਸਾਹਿਬ ਦੇ ਗੁਰਗੱਦੀ ਦਿਵਸ ਦੀ ਇਤਿਹਾਸਕ ਤਾਰੀਖ਼ ਜੇਠ ਵਦੀ 8 ਹੈ ਅਤੇ ਪਿਛਲੇ 100 ਸਾਲਾਂ ਦੌਰਾਨ ਸਾਰੀਆਂ ਜੰਤਰੀਆਂ ਅਤੇ ਸ਼੍ਰੋਮਣੀ ਕਮੇਟੀ ਦੇ ਕਲੰਡਰਾਂ ਮੁਤਾਬਿਕ ਇਸ ਵਿਚ ਕਦੀ ਕੋਈ ਤਬਦੀਲੀ ਨਹੀਂ ਹੋਈ, ਚਾਹੇ ਜੇਠ ਮਹੀਨੇ ਵਿਚ ਮਲਮਾਸ ਹੋਵੇ ਜਾਂ ਨਾ ਹੋਵੇ। ਇਹ ਪੁਰਬ ਹਮੇਸ਼ਾ ਜੇਠ ਮਹੀਨੇ ਦੇ ਪਹਿਲੇ ਪੱਖ ਵਿਚ ਜੇਠ ਵਦੀ 8 ਨੂੰ ਹੀ ਮਨਾਇਆ ਜਾਂਦਾ ਹੈ"।

ਕਰਨਲ ਨਿਸ਼ਾਨ ਦਾ ਅਜੇਹਾ ਲਿਖਣਾ ਬਿਲਕੁਲ ਦਰੁੱਸਤ ਹੈ। ਜਿਵੇਂ ਕਿ ਪਾਠਕ ਉੱਪਰ ਪੜ੍ਹ ਚੁੱਕੇ ਹਨ, "ਪਹਿਲੇ ਜੇਠ ਦਾ ਪਹਿਲਾ ਪੱਖ (ਵਦੀ ਪੱਖ) ਸ਼ੁੱਭ ਹੋਵੇਗਾ"। ਇਸ ਲਈ ਵਦੀ ਪੱਖ ਵਿਚ ਆਉਣ ਵਾਲੇ ਦਿਹਾੜਿਆਂ 'ਤੇ, ਮਲਮਾਸ ਦਾ ਕੋਈ ਅਸਰ ਨਹੀਂ ਹੁੰਦਾ। ਇਹ ਪਹਿਲੇ ਮਹੀਨੇ ਦੇ ਪਹਿਲੇ ਪੱਖ (ਸ਼ੁਭ) ਵਿਚ ਹੀ ਮਨਾਏ ਜਾਂਦੇ ਹਨ। ਮਲਮਾਸ ਦਾ ਅਸਰ ਤਾਂ ਸੁਦੀ ਪੱਖ ਵਿਚ ਆਉਣ ਵਾਲੇ ਦਿਹਾੜਿਆਂ ਉੱਤੇ ਹੁੰਦਾ ਹੈ। ਜਿਵੇਂ ਗੁਰੂ ਅਰਜਨ ਸਾਹਿਬ ਜੀ ਦਾ ਸ਼ਹੀਦੀ ਦਿਹਾੜਾ ਜੇਠ ਸੁਦੀ 4 ਹੈ। ਇਸ ਸਾਲ ਜੇਠ ਸੁਦੀ 4, 20 ਮਈ ਨੂੰ ਆਵੇਗੀ। ਪਰ ਬਿਕ੍ਰਮੀ ਕੈਲੰਡਰ ਦੇ ਵਿਧਾਨ ਮੁਤਾਬਕ ਇਹ ਮਾਲ ਮਾਸ ਹੋਵੇਗਾ। ਇਸ ਕਾਰਨ 20 ਮਈ ਨੂੰ ਗੁਰੂ ਸਾਹਿਬ ਜੀ ਦਾ ਸ਼ਹੀਦੀ ਦਿਹਾੜਾ ਨਹੀਂ ਮਨਾਇਆ ਜਾਵੇਗਾ। ਦੂਜੇ ਜੇਠ ਦੀ, ਜੇਠ ਸੁਦੀ 4, 18 ਜੂਨ ਨੂੰ ਆਵੇਗੀ, ਸ਼ਹੀਦੀ ਦਿਹਾੜਾਂ 18 ਜੂਨ ਨੂੰ ਮਨਾਇਆ ਜਾਵੇਗਾ।

ਕਰਨਲ ਨਿਸ਼ਾਨ ਦਾ ਇਹ ਲਿਖਣਾ, "ਜਦੋਂ ਵੀ ਜੇਠ ਦਾ ਮਹੀਨਾ ਮਲ ਮਾਸ ਵਾਲਾ ਹੁੰਦਾ ਹੈ, ਤਾਂ ਜੰਤਰੀਆਂ ਵਾਲੇ ਆਪਣੇ ਅਕੀਦੇ (ਮਲ ਮਾਸ ਦੀ ਗਣਨਾ) ਮੁਤਾਬਿਕ ਸਹੀਦੀ ਪੁਰਬ 10 ਦਿਨਾਂ ਦੀ ਬਜਾਏ 40 ਦਿਨ ਬਾਅਦ ਨਿਸ਼ਚਿਤ ਕਰ ਦਿੰਦੇ ਹਨ, ਜੋ ਇਤਿਹਾਸਕ ਪੱਖੋਂ ਗ਼ਲਤ ਹੈ। ਕਿਉਂਕਿ ਗੁਰਮਤਿ ਵਿਚ ਮਲ ਮਾਸ ਵਾਲਾ ਕੋਈ ਸੰਕਲਪ ਹੀ ਨਹੀਂ, ਇਸ ਲਈ ਮਲ ਮਾਸ ਕਾਰਨ ਸ਼ਹੀਦੀ ਦਿਹਾੜਾ ਜੇਠ ਸੁਦੀ 4 ਮੁਤਾਬਿਕ 20 ਮਈ ਦੀ ਬਜਾਏ 18 ਜੂਨ ਨੂੰ ਨਿਸ਼ਚਿਤ ਕਰਨਾ ਮਨਮਤਿ ਤਾਂ ਹੋ ਸਕਦੀ ਹੈ, ਗੁਰਮਤਿ ਨਹੀਂ। ਇਸ ਸਾਲ ਦੇ ਕਲੰਡਰ ਵਿਚ ਸ਼ਹੀਦੀ ਪੁਰਬ ਦੀ ਤਾਰੀਖ਼ 18 ਜੂਨ ਗ਼ਲਤ ਹੈ ਅਤੇ ਇਤਿਹਾਸਕ ਤਾਰੀਖ਼ 20 ਮਈ ਹੀ ਬਣਦੀ ਹੈ। ਇਸ ਤਾਰੀਖ਼ ਵਿਚ ਵੀ ਸੋਧ ਦੀ ਜ਼ਰੂਰਤ ਹੈ", ਮੁੱਢੋਂ ਹੀ ਗਲਤ ਹੈ। ਕਰਨਲ ਨਿਸ਼ਾਨ ਜੀ, ਬਿਕ੍ਰਮੀ ਕੈਲੰਡਰ ਨੇ ਤੁਹਾਡੇ ਮੁਤਾਬਕ ਨਹੀਂ ਚੱਲਣਾ, ਤੁਹਾਨੂੰ ਕੈਲੰਡਰ ਮੁਤਾਬਕ ਚੱਲਣਾ ਪੈਣਾ ਹੈ। ਜੇ ਤੁਹਾਨੂੰ ਬਿਕ੍ਰਮੀ ਕੈਲੰਡਰ ਦਾ ਵਿਧੀ-ਵਿਧਾਨ ਪਸੰਦ ਨਹੀਂ ਹੈ, ਤਾਂ ਇਸ ਕੈਲੰਡਰ ਨੂੰ ਛੱਡ ਕਿਉਂ ਨਹੀਂ ਦਿੰਦੇ?

ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਗੁਰਗੱਦੀ ਦਿਹਾੜੇ ਸਬੰਧੀ ਕਰਨਲ ਨਿਸ਼ਾਨ ਜੀ ਲਿਖਦੇ ਹਨ, "ਇਤਿਹਾਸ ਮੁਤਾਬਿਕ ਇਸ ਸਾਲ ਇਹ ਤਾਰੀਖ਼ ਜੇਠ ਦੇ ਪਹਿਲੇ ਪੱਖ 'ਚ 10 ਮਈ ਦੀ ਬਣਦੀ ਹੈ ਪਰ ਪਤਾ ਨਹੀਂ ਕਿਸ ਸਲਾਹਕਾਰ ਦੀ ਸਲਾਹ 'ਤੇ ਇਹ ਤਾਰੀਖ਼ ਜੇਠ ਦੇ ਤੀਜੇ ਪੱਖ ਵਿਚ 8 ਜੂਨ ਨੂੰ ਨਿਸ਼ਚਿਤ ਕੀਤੀ ਗਈ ਹੈ। ...ਗੁਰਗੱਦੀ ਪੁਰਬ ਦੀ ਠੀਕ ਤਾਰੀਖ਼ ਜੇਠ ਵਦੀ 8 ਮੁਤਾਬਿਕ 10 ਮਈ ਹੈ ਅਤੇ 8 ਜੂਨ ਗ਼ਲਤ ਹੈ; ਇਸ ਵਿਚ ਸੋਧ ਕਰਨ ਦੀ ਲੋੜ ਹੈ"। ਇਹ ਨੁਕਤਾ ਬਿਲਕੁਲ ਸਹੀ ਹੈ। ਵਦੀ ਪੱਖ, ਹਮੇਸ਼ਾ ਹੀ ਸ਼ੁੱਭ ਹੁੰਦਾ ਹੈ। ਸ਼੍ਰੋਮਣੀ ਕਮੇਟੀ ਨੇ ਆਪਣੇ ਵੱਲੋਂ ਤਾਂ ਚੁਸਤੀ ਵਰਤੀ ਸੀ ਕਿ ਦੋਵਾਂ ਦਿਹਾੜਿਆਂ ਦੇ ਫ਼ਰਕ ਨੂੰ ਪਹਿਲਾਂ ਦੀ ਤਰ੍ਹਾਂ 10 ਦਿਨ ਦਾ ਹੀ ਰੱਖ ਲਿਆ ਜਾਵੇ। ਪਰ ਹੁਣ ਕਮੇਟੀ ਦੀ ਚੁਸਤੀ, ਕਮੇਟੀ ਲਈ ਸਮੱਸਿਆ ਬਣ ਗਈ ਹੈ।

ਕਰਨਲ ਨਿਸ਼ਾਨ ਜੀ, ਸੰਮਤ 550 ਨਾਨਕਸ਼ਾਹੀ (2018-19 ਈ:) ਵਿਚ ਵੀ ਜੇਠ ਦਾ ਮਹੀਨਾ ਮਲਮਾਸ ਸੀ। ਤੁਹਾਡੀ ਕਿਤਾਬ ਵਿਚ ਗੁਰੂ ਅਰਜਨ ਦੇਵ ਜੀ ਦਾ ਸ਼ਹੀਦੀ ਦਿਹਾੜਾ 19 ਮਈ 2018 (6 ਜੇਠ) ਦਰਜ ਹੈ। ਸ਼੍ਰੋਮਣੀ ਕਮੇਟੀ ਨੇ ਇਹ ਦਿਹਾੜਾ 17 ਜੂਨ (3 ਹਾੜ) ਨੂੰ ਮਨਾਇਆ ਸੀ। ਉਸ ਸਾਲ ਵੀ ਤੁਸੀਂ ਗਲਤ ਸਾਬਿਤ ਹੋਏ ਸੀ। 2037 ਈ: ਵਿਚ ਵੀ ਜੇਠ ਮਲਮਾਸ ਹੋਵੇਗਾ। ਤੁਹਾਡੇ ਵੱਲੋਂ ਲਿਖੀ ਤਾਰੀਖ 19 ਮਈ 2037 ਈ: (ਪੰਨਾ 54) ਗਲਤ ਸਾਬਿਤ ਹੋਵੇਗੀ। 2045, 2064, ਅਤੇ 2083 ਈ: ਵਿਚ ਵੀ ਤੁਹਾਡੀ ਤਾਰੀਖ ਗਲਤ ਸਾਬਿਤ ਹੋਵੇਗੀ।

ਕਰਨਲ ਨਿਸ਼ਾਨ ਜੀ, ਸੰਮਤ 2085 ਬਿਕ੍ਰਮੀ (2029 ਈ:) ਵਿਚ ਚੇਤ ਦਾ ਮਹੀਨਾ ਮਲਮਾਸ ਆਵੇਗਾ। ਚੇਤ ਦਾ ਆਰੰਭ 1 ਮਾਰਚ ਤੋਂ ਹੋਵੇਗਾ ਅਤੇ ਅੰਤ 28 ਅਪ੍ਰੈਲ ਨੂੰ ਹੋਵੇਗਾ। 15 ਮਾਰਚ ਤੋਂ 13 ਅਪ੍ਰੈਲ ਤਾਈ ਮਲ ਮਾਸ ਹੋਵੇਗਾ। ਗੁਰਗੱਦੀ ਦਿਵਸ ਪਾਤਸ਼ਾਹੀ ਤੀਜੀ ਚੇਤ ਸੁਦੀ 1 ਮੁਤਾਬਕ, ਤੁਸੀ 14 ਅਪ੍ਰੈਲ 2029 ਈ: ਦਰਜ ਕੀਤੀ ਹੈ (ਪੰਨਾ 45) ਜਦੋਂ ਕਿ ਚੇਤ ਸੁਦੀ ਏਕਮ ਤਾਂ 16 ਮਾਰਚ ਨੂੰ ਵੀ ਆਵੇਗੀ। ਤੁਸੀ ਇਹ ਦਿਹਾੜਾ 16 ਮਾਰਚ (ਅਸ਼ੁੱਭ ਚੇਤ ਸੁਦੀ 1) ਦੀ ਬਜਾਏ 14 ਅਪ੍ਰੈਲ (ਸ਼ੁੱਭ ਚੇਤ ਸੁਦੀ 1) ਨੂੰ ਕਿਉਂ ਦਰਜ ਕੀਤਾ ਹੈ? ਇਸੇ ਤਰ੍ਹਾਂ ਹੀ ਚੇਤ ਸੁਦੀ 4 ਜੋਤੀ ਜੋਤ ਦਿਹਾੜਾ ਪਾ: ਦੂਜੀ 18 ਅਪ੍ਰੈਲ ਨੂੰ ਦਰਜ ਕੀਤਾ ਹੈ। ਜਦੋਂ ਕਿ ਚੇਤ ਸੁਦੀ 4 ਤਾਂ 19 ਮਾਰਚ ਨੂੰ ਵੀ ਆਵੇਗੀ। ਕੀ ਕਾਰਨ ਹੈ ਕਿ ਇਥੇ ਆਪ ਨੇ ਮਲਮਾਸ ਦਾ ਪੂਰਾ ਖਿਆਲ ਰੱਖਿਆ ਹੈ ਅਤੇ ਇਸ ਸਾਲ ਜੇਠ ਸੁਦੀ 4 ਸਬੰਧੀ ਲਿਖਦੇ ਹੋ, "ਗੁਰਮਤਿ ਵਿਚ ਮਲ ਮਾਸ ਦਾ ਕੋਈ ਸੰਕਲਪ ਹੀ ਨਹੀਂ। ਇਸ ਲਈ ਸਿੱਖ ਕੈਲੰਡਰ ਵਿਚ ਇਤਿਹਾਸਕ ਦਿਹਾੜੇ ਇਤਿਹਾਸ ਮੁਤਾਬਿਕ ਹੀ ਨਿਰਧਾਰਿਤ ਕੀਤੇ ਜਾਣੇ ਚਾਹੀਦੇ ਹਨ, ਜੰਤਰੀਆਂ ਦੇ ਮਲ ਮਾਸ ਮੁਤਾਬਿਕ ਨਹੀਂ"।

'ਪ੍ਰਸ਼ੋਤਮ ਮਾਸ' ਸਬੰਧੀ ਕਰਨਲ ਨਿਸ਼ਾਨ ਜੀ ਲਿਖਦੇ ਹਨ, "ਇਹ ਕੋਈ ਪੰਡਤ ਪਾਉਂਦਾ ਨਹੀਂ, ਇਹ ਹੁੰਦੇ ਹੀ ਹਨ। ਇਸ ਮਹੀਨੇ ਵਿਚ ਕਈ ਲੋਕ ਮਲ ਮਾਸ ਨੂੰ ਮੰਦਾ ਮਹੀਨਾ ਸਮਝ ਕੇ ਕੋਈ ਘਰੇਲੂ ਜਾਂ ਸਮਾਜਿਕ ਕੰਮ ਨਹੀਂ ਕਰਦੇ ਅਤੇ ਕਈ ਇਸ ਨੂੰ ਪ੍ਰਸ਼ੋਤਮ ਮਾਸ ਕਹਿ ਕੇ ਬਹੁਤ ਚੰਗਾ ਮੰਨਦੇ ਹਨ ਅਤੇ ਪਾਠ ਪੂਜਾ ਤੋਂ ਇਲਾਵਾ ਹੋਰ ਕੁਝ ਨਹੀਂ ਕਰਦੇ"।

ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ ਵਿਚ, ਚੰਦ ਦੇ ਸਾਲ ਨੂੰ ਸੂਰਜੀ ਸਾਲ ਦੇ ਨੇੜੇ-ਤੇੜੇ ਰੱਖਣ ਲਈ, ਚੰਦ ਦੇ ਸਾਲ ਵਿਚ ਇਕ ਵਾਧੂ ਮਹੀਨਾ ਜੋੜ ਦਿੱਤਾ ਜਾਂਦਾ ਹੈ। ਅਜਿਹਾ 19 ਸਾਲਾਂ ਵਿਚ 7 ਵਾਰ ਕੀਤਾ ਜਾਂਦਾ ਹੈ। ਵਾਧੂ ਮਹੀਨੇ ਨੂੰ ਮਲ ਮਾਸ, ਅਸ਼ੁੱਭ, ਮੰਨਿਆ ਜਾਂਦਾ ਹੈ। ਜਿਸ ਵਿਚ ਕੋਈ ਵੀ ਸ਼ੁੱਭ ਕਾਰਜ (ਜੰਮਣ-ਮਰਨ ਨੂੰ ਛੱਡ ਕੇ) ਨਹੀਂ ਕੀਤਾ ਜਾ ਸਕਦਾ। ਇਸ ਮਹੀਨੇ ਦਾ ਹੀ ਦੂਜਾ ਨਾਮ ਹੈ ਪ੍ਰਸ਼ੋਤਮ ਮਾਸ।

ਕਰਨਲ ਨਿਸ਼ਾਨ ਜੀ, ਇਹ ਪੁਜਾਰੀ ਦੀ ਹੀ ਕਾਢ ਹੈ। ਹੁਣ ਜਦੋਂ ਪੂਰਾ ਮਹੀਨਾ ਹੀ ਮਲ ਜਾਂ ਅਸ਼ੁੱਭ ਹੋ ਗਿਆ, ਤਾਂ ਪੁਜਾਰੀ ਨੂੰ ਇਕ ਮਹੀਨੇ ਦਾ ਘਾਟਾ ਪੈ ਗਿਆ। ਇਸ ਘਾਟੇ ਨੂੰ ਪੂਰਾ ਕਰਨ ਲਈ ਨਵੀਂ ਕਹਾਣੀ ਘੜੀ ਗਈ। ਇਹ ਕਹਾਣੀ ਹੈ ਪ੍ਰਸ਼ੋਤਮ ਮਾਸ। ਪ੍ਰਸ਼ੋਤਮ, ਵਿਸ਼ਨੂੰ ਦਾ ਇਕ ਨਾਮ, ਪੁਰਸ਼ਾਂ 'ਚ ਉੱਤਮ। ਅਖੈ ਇਸ ਮਹੀਨੇ ਵਿਚ ਕੀਤਾ ਦਾਨ-ਪੁੰਨ, ਅੱਗੇ ਕਈ ਗੁਣਾ ਵੱਧ ਮਿਲਦਾ ਹੈ। ਭਾਵ ਪੁਜਾਰੀ ਨੇ, ਲੋਕਾਂ ਨੂੰ ਮਲਮਾਸ ਦਾ ਡਰਾਵਾ ਦੇ ਕੇ, ਪ੍ਰਸ਼ੋਤਮ ਮਾਸ ਦੇ ਨਾਮ ਹੇਠ, ਆਪਣੀ ਭੇਟਾ ਦਾ ਪੱਕਾ ਪ੍ਰਬੰਧ ਕਰ ਲਿਆ।

ਕਰਨਲ ਨਿਸ਼ਾਨ ਜੀ, ਜੇ ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ (ਦ੍ਰਿਕਗਿਣਤ ਸਿਧਾਂਤ) ਵਰਤਣਾ ਤੁਹਾਡੀ ਮਜਬੂਰੀ ਹੈ, ਤਾਂ ਤੁਹਾਨੂੰ ਉਸ ਕੈਲੰਡਰ ਮੁਤਾਬਕ ਹੀ ਚੱਲਣਾ ਪੈਣਾ ਹੈ। ਜਿਵੇਂ ਸੰਮਤ 550 ਨਾਨਕਸ਼ਾਹੀ ਵਿਚ ਗੁਰੂ ਹਰਿਗੋਬਿੰਦ ਸਾਹਿਬ ਜੀ ਦੇ ਗੁਰਗੱਦੀ ਦਿਹਾੜੇ 25 ਵੈਸਾਖ (8 ਮਈ 2018 ਈ:) ਅਤੇ ਸ਼ਹੀਦੀ ਦਿਹਾੜਾ ਗੁਰੂ ਅਰਜਨ ਦੇਵ ਜੀ, 3 ਹਾੜ (17 ਜੂਨ 2018 ਈ:) ਨੂੰ ਮਨਾਇਆ ਗਿਆ ਸੀ। ਬਿਕ੍ਰਮੀ ਕੈਲੰਡਰ ਵਿਚ ਸੋਧ ਕਰਨੀ ਤੁਹਾਡੇ ਅਧਿਕਾਰ ਖੇਤਰ ਵਿਚ ਨਹੀਂ ਆਉਂਦੀ। ਇਹ ਅਧਿਕਾਰ ਉਨ੍ਹਾਂ ਦਾ ਹੈ, ਜਿਨ੍ਹਾਂ ਦਾ ਇਹ ਕੈਲੰਡਰ ਹੈ। ਉਹ ਸਮੇਂ-ਸਮੇਂ ਆਪਣੇ ਅਧਿਕਾਰਾਂ ਦੀ ਵਰਤੋਂ ਕਰਦੇ ਰਹਿੰਦੇ ਹਨ, ਜਿਸ ਦਾ ਸਬੂਤ ਹੈ ਨਵੰਬਰ 1964 ਈ: ਵਾਲੀ ਸੋਧ। ਜਦੋਂ ਉਨ੍ਹਾਂ ਨੇ ਸਾਲ ਦੀ ਲੰਬਾਈ 365.2587 ਦਿਨ ਤੋਂ ਘਟਾ ਕੇ 365.2563 ਦਿਨ ਮੰਨ ਲਈ ਸੀ। ਇਸ ਸੋਧ ਨੂੰ ਅਖੌਤੀ ਸੰਤ ਸਮਾਜ ਅਤੇ ਸ਼੍ਰੋਮਣੀ ਕਮੇਟੀ ਨੇ ਚੁੱਪ-ਚਾਪ ਪ੍ਰਵਾਨ ਕਰ ਲਿਆ ਸੀ। ਉਹ, ਕਸ਼ੈ-ਮਾਸ ਸਬੰਧੀ ਵੀ ਸੋਧ ਕਰ ਚੁੱਕੇ ਹਨ। ਤੁਸੀਂ ਉਹ ਵੀ ਮੰਨ ਚੁੱਕੇ ਹੋ। ਅੱਗੋਂ, ਜਦੋਂ ਉਹ ਕੋਈ ਸੋਧ ਕਰਨਗੇ, ਤੁਹਾਡੇ ਲਾਣੇ ਨੂੰ ਮੰਨਣੀ ਹੀ ਪੈਣੀ ਹੈ।

ਕਰਨਲ ਨਿਸ਼ਾਨ ਜੀ, ਮੈਂ ਤੁਹਾਡੇ ਇਨ੍ਹਾਂ ਸ਼ਬਦਾ, "ਕੈਲੰਡਰਾਂ ਬਾਰੇ ਸਿੱਖ ਸਮਾਜ ਵਿਚ ਬਹੁਤ ਘੱਟ ਖੋਜ ਹੋਈ ਹੈ। ਜਿਸ ਦੇ ਨਤੀਜੇ ਵਜੋਂ ਸ਼੍ਰੋਮਣੀ ਕਮੇਟੀ ਵੱਲੋਂ ਹਰ ਸਾਲ ਛਾਪਿਆ ਜਾਂਦਾ ਕੈਲੰਡਰ ਸਥਾਨਕ ਜੰਤਰੀਆਂ 'ਤੇ ਹੀ ਨਿਰਭਰ ਰਹਿੰਦਾ ਰਿਹਾ ਹੈ", ਨਾਲ ਪੂਰੀ ਤਰ੍ਹਾਂ ਸਹਿਮਤ ਹਾਂ। ਸ਼੍ਰੋਮਣੀ ਕਮੇਟੀ ਅੱਜ ਵੀ ਜੰਤਰੀਆਂ 'ਤੇ ਨਿਰਭਰ ਹੈ। ਪਰ ਸਵਾਲ ਪੈਦਾ ਹੁੰਦਾ ਹੈ ਕਿ ਤੁਸੀਂ ਅਤੇ ਤੁਹਾਡੇ ਸਾਥੀਆਂ ਨੇ, ਪਿਛਲੇ ਢਾਈ ਦਹਾਕਿਆਂ ਵਿਚ ਕੋਈ ਉਸਾਰੂ ਰੋਲ ਕਿਉਂ ਨਹੀਂ ਨਿਭਾਇਆ?

ਅੱਗੇ ਆਪ ਜੀ ਲਿਖਦੇ ਹੋ, "ਇਸ ਸਦੀ ਵਿਚ ਪਾਲ ਸਿੰਘ ਪੁਰੇਵਾਲ ਨੇ ਇਸ ਵਿਸ਼ੇ 'ਤੇ ਖੋਜ ਕਰਕੇ ਪਿਛਲੇ 500 ਸਾਲਾਂ ਦੀ ਜੰਤਰੀ ਬਣਾਉਣ ਦਾ ਚੰਗਾ ਉੱਦਮ ਕੀਤਾ ਹੈ। ਪਰ ਕੁੱਝ ਵਿਸ਼ੇ ਜੋ ਸਿੱਖ ਕੈਲੰਡਰ ਨੂੰ ਇਕ ਸੁਤੰਤਰ ਰੂਪ ਦੇ ਸਕਦੇ ਸਨ, ਉਨ੍ਹਾਂ ਬਾਰੇ ਖੁੱਲ੍ਹ ਕੇ ਵਿਚਾਰ ਨਹੀਂ ਹੋਈ, ਬਲਕਿ ਆਮ ਸੰਗਤਾਂ ਵਿਚ ਕਾਫ਼ੀ ਭਰਮ-ਭੁਲੇਖੇ ਪੈਦਾ ਕੀਤੇ ਗਏ। ਉਨ੍ਹਾਂ ਵਿਚੋਂ ਇੱਕ ਵਿਸ਼ੇ ਮਲ ਮਾਸ ਬਾਰੇ ਮੈਂ ਆਪਣੇ ਵਿਚਾਰ ਪਾਠਕਾਂ ਨਾਲ ਸਾਂਝੇ ਕਰਨ ਦਾ ਉਪਰਾਲਾ ਕਰ ਰਿਹਾ ਹਾਂ"।

ਕਰਨਲ ਨਿਸ਼ਾਨ ਜੀ, ਮਲਮਾਸ ਦਾ ਨਾਨਕਸ਼ਾਹੀ ਕੈਲੰਡਰ ਨਾਲ ਦੂਰ ਦਾ ਵੀ ਵਾਸਤਾ ਨਹੀਂ ਹੈ। ਇਹ ਤੁਹਡੇ ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ ਦੀ ਦੇਣ ਹੈ। ਜਿਸ ਬਾਰੇ ਤੁਸੀ ਲਿਖਿਆ ਹੈ, "29 ਫਰਵਰੀ ਵਾਂਗ ਇਹ ਵਾਧੂ ਮਹੀਨਾ ਵੀ ਕੈਲੰਡਰ ਦੀ ਪ੍ਰਕ੍ਰਿਆ ਦਾ ਹਿੱਸਾ ਹੈ, ਤਾਂ ਕਿ ਸੂਰਜੀ ਸਾਲ ਅਤੇ ਚੰਦ੍ਰਮੀ ਸਾਲ ਵਿਚ ਸਥਿਰਤਾ ਬਣੀ ਰਹੇ"। ਹੁਣ ਸਵਾਲ ਪੈਦਾ ਹੁੰਦਾ ਹੈ ਕਿ ਜੇ ਮਲਮਾਸ ਚੰਦਰ-ਸੂਰਜੀ ਬਿਕ੍ਰਮੀ ਕੈਲੰਡਰ ਦੀ ਪ੍ਰਕ੍ਰਿਆ ਦਾ ਹਿੱਸਾ ਹੈ, ਤਾਂ ਇਹ ਭਰਮ-ਭੁਲੇਖਾ ਕਿਵੇਂ ਹੈ?


ਲੈ: ਕਰਨਲ ਸੁਰਜੀਤ ਸਿੰਘ ਨਿਸ਼ਾਨ ਜੀ, ਉਹ ਕਿਹੜੇ ਵਿਸ਼ੇ ਜਾਂ ਨੁਕਤੇ ਹਨ, ਜਿਨ੍ਹਾਂ ਸਬੰਧੀ ਆਪ ਜੀ ਨੇ ਲਿਖਿਆ ਹੈ, "ਪਰ ਕੁੱਝ ਵਿਸ਼ੇ ਜੋ ਸਿੱਖ ਕੈਲੰਡਰ ਨੂੰ ਇਕ ਸੁਤੰਤਰ ਰੂਪ ਦੇ ਸਕਦੇ ਸਨ, ਉਨ੍ਹਾਂ ਬਾਰੇ ਖੁੱਲ੍ਹ ਕੇ ਵਿਚਾਰ ਨਹੀਂ ਹੋਈ"। ਉਨ੍ਹਾਂ ਵਿਸ਼ਿਆਂ ਸਬੰਧੀ ਜਾਣਕਾਰੀ ਲਿਖਤੀ ਰੂਪ ਵਿਚ ਸਾਂਝੀ ਕੀਤੀ ਜਾਵੇ। ਤਾਂ ਜੋ ਉਨ੍ਹਾਂ 'ਤੇ ਪਾਰਦਰਸ਼ੀ ਢੰਗ ਨਾਲ ਵਿਚਾਰ ਕੀਤੀ ਜਾ ਸਕੇ। ਅਸੀਂ ਆਪ ਨੂੰ, ਉਨ੍ਹਾਂ ਨੁਕਤਿਆਂ 'ਤੇ ਵਿਚਾਰ ਕਰਨ ਲਈ ਪੂਰਨ ਸਹਿਯੋਗ ਦਾ ਭਰੋਸਾ ਦਿਵਾਉਂਦੇ ਹਾਂ।

# ਗੁਰਮੀਤ ਕੱਲਰਮਾਜਰੀ ਦਾ ਕਾਵਿ-ਸੰਗ੍ਰਹਿ 'ਠੰਡੇ ਬੁਰਜ ਦਾ ਹਲਫ਼ੀਆ ਬਿਆਨ' ਧਾਰਮਿਕ ਤੰਗਦਿਲੀ ਦੀ ਦਾਸਤਾਂ

-ਉਜਾਗਰ ਸਿੰਘ
ਸਾਬਕਾ ਜ਼ਿਲ੍ਹਾ ਲੋਕ ਸੰਪਰਕ ਅਧਿਕਾਰੀ
ਮੋਬਾਈਲ-94178 13072
ujagarsingh48@yahoo.com
ਪੰਜਾਬ ਮੇਲ USA



ਗੁਰਮੀਤ ਕੱਲਰਮਾਜਰੀ ਦੇ ਸੱਤ ਮੌਲਿਕ ਕਾਵਿ-ਸੰਗ੍ਰਹਿ ਪ੍ਰਕਾਸ਼ਤ ਹੋ ਚੁੱਕੇ ਹਨ। 'ਠੰਡੇ ਬੁਰਜ ਦਾ ਹਲਫ਼ੀਆ ਬਿਆਨ' ਉਸਦਾ ਅੱਠਵਾਂ ਅਤੇ ਦੂਜਾ ਧਾਰਮਿਕ ਕਾਵਿ-ਸੰਗ੍ਰਹਿ ਹੈ। ਪਹਿਲਾ ਧਾਰਮਿਕ ਕਾਵਿ-ਸੰਗ੍ਰਹਿ 'ਜਿਥੇ ਬਾਬਾ ਪੈਰੁ ਧਰਿ' 2024 ਵਿਚ ਪ੍ਰਕਾਸ਼ਿਤ ਹੋਇਆ ਸੀ। ਇਸ ਤੋਂ ਇਲਾਵਾ ਅੱਠ ਸੰਪਾਦਿਤ ਪੁਸਤਕਾਂ ਹਨ। ਧਾਰਮਿਕ ਅਤੇ ਇਤਿਹਾਸਕ ਵਿਸ਼ੇ 'ਤੇ ਲਿਖਣਾ ਖੋਜ ਦਾ ਕੰਮ ਹੁੰਦਾ ਹੈ, ਕਿਉਂਕਿ ਇਤਿਹਾਸਕ ਤੱਥਾਂ ਦੀ ਤਸਦੀਕ ਕੀਤੇ ਬਿਨਾਂ ਲਿਖਿਆ ਵਾਦ-ਵਿਵਾਦ ਦਾ ਵਿਸ਼ਾ ਬਣ ਸਕਦਾ ਹੈ। ਇੱਕ ਕਿਸਮ ਨਾਲ ਇਤਿਹਾਸ ਵਿਚ ਮਿਲਾਵਟ ਵੀ ਹੋ ਜਾਂਦੀ ਹੈ। ਧਰਮ ਬਹੁਤ ਹੀ ਸੰਜੀਦਾ ਵਿਸ਼ਾ ਹੁੰਦਾ ਹੈ, ਇਸ ਸੰਬੰਧੀ ਵੀ ਤੱਥਾਂ ਸਮੇਤ ਖੋਜ ਤੋਂ ਬਾਅਦ ਹੀ ਲਿਖਿਆ ਜਾ ਸਕਦਾ ਹੈ। ਖੋਜ ਰੁੱਖਾ ਵਿਸ਼ਾ ਹੈ, ਪ੍ਰੰਤੂ ਕਵਿਤਾ ਸੰਗੀਤਮਈ ਹੁੰਦੀ ਹੈ। ਗੁਰਮੀਤ ਸਿੰਘ ਕੱਲਰਮਾਜਰੀ ਨੇ 'ਠੰਡੇ ਬੁਰਜ ਦਾ ਹਲਫ਼ੀਆ ਬਿਆਨ' ਕਾਵਿ-ਸੰਗ੍ਰਹਿ ਸੰਜੀਦਗੀ, ਸਿਆਣਪ, ਸਹਿਜਤਾ ਅਤੇ ਸੁਜੱਗਤਾ ਨਾਲ ਲਿਖਿਆ ਹੈ, ਜਿਸ ਵਿਚ ਧਾਰਮਿਕ ਤੇ ਇਤਿਹਾਸਕ ਤੱਥਾਂ ਦਾ ਧਿਆਨ ਰੱਖਿਆ ਗਿਆ ਹੈ। ਸਿੱਖ ਧਰਮ ਸੰਸਾਰ ਦਾ ਸਭ ਤੋਂ ਆਧੁਨਿਕ ਅਤੇ ਸਮਾਜ ਨੂੰ ਨਵੀਂ ਦਸ਼ਾ ਤੇ ਦਿਸ਼ਾ ਦੇਣ ਵਾਲਾ ਹੈ। ਸ੍ਰੀ ਗੁਰੂ ਤੇਗ ਬਹਾਦਰ ਜੀ ਦੀ ਤਰ੍ਹਾਂ ਸੰਸਾਰ ਦੇ ਇਤਿਹਾਸ ਵਿਚ ਅਜਿਹੀ ਕੋਈ ਉਦਾਹਰਣ ਨਹੀਂ ਮਿਲਦੀ ਕਿ ਕੋਈ ਵਿਅਕਤੀ ਕਿਸੇ ਦੂਜੇ ਧਰਮ, ਖਾਸ ਤੌਰ 'ਤੇ ਮਾਨਵਤਾ ਦੇ ਹੱਕਾਂ ਦੀ ਰਖਵਾਲੀ ਲਈ ਖੁਦ ਹਜ਼ਾਰਾਂ ਮੀਲਾਂ ਦਾ ਸਫ਼ਰ ਪੈਦਲ ਤਹਿ ਕਰਕੇ ਕੁਰਬਾਨੀ ਦੇਣ ਲਈ ਗਿਆ ਹੋਵੇ। ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫਤਿਹ ਸਿੰਘ ਦੀ ਤਰ੍ਹਾਂ ਇਤਨੀ ਛੋਟੀ ਉਮਰ ਦੇ ਬੱਚਿਆਂ ਨੂੰ ਅਣਮਨੁੱਖੀ ਤਸੀਹੇ ਦੇ ਕੇ ਧਰਮ ਨਾ ਬਦਲਣ ਲਈ ਸ਼ਹੀਦ ਕੀਤਾ ਗਿਆ ਹੋਵੇ, ਇਹ ਵੀ ਕਿਤੇ ਇਤਿਹਾਸ ਵਿਚ ਨਹੀਂ ਮਿਲਦਾ। ਗੁਰਮੀਤ ਕੱਲਰਮਾਜਰੀ ਨੇ ਇਨ੍ਹਾਂ ਘਟਨਾਵਾਂ ਨੂੰ ਬਹੁਤ ਹੀ ਸੰਵੇਦਨਸ਼ੀਲਤਾ ਨਾਲ ਕਾਵਿਕ ਰੂਪ ਦੇ ਕੇ ਪਾਠਕਾਂ ਨੂੰ ਉਸ ਸਥਿਤੀ ਵਿਚ ਪਹੁੰਚਾ ਦਿੱਤਾ, ਜਿਸ ਕਰਕੇ ਉਨ੍ਹਾਂ ਵਿਚ ਆਪਣੇ ਸ਼ਹੀਦਾਂ ਲਈ ਅਤਿਅੰਤ ਸਤਿਕਾਰ ਅਤੇ ਸਮਰਪਣ ਦੀ ਭਾਵਨਾ ਪੈਦਾ ਹੋ ਗਈ। ਪਾਠਕ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦ ਹੋਣ ਤੋਂ ਲੈ ਕੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਿਹ ਸਿੰਘ ਅਤੇ ਮਾਤਾ ਗੁਜਰੀ ਦੀ ਸ਼ਹਾਦਤ ਦੇ ਬਿਰਤਾਂਤ ਨੂੰ ਪੜ੍ਹਦਿਆਂ ਹੀ ਭਾਵੁਕ ਹੋ ਕੇ ਗਹਿਰੇ ਦੁੱਖ ਦੇ ਸੰਤਾਪ ਵਿਚ ਪਹੁੰਚ ਜਾਂਦੇ ਹਨ, ਇਹ ਕਵੀ ਦੀ ਕਾਬਲੀਅਤ ਦਾ ਨਤੀਜਾ ਹੈ। ਮੁਗਲਾਂ ਦੇ ਇਸ ਜ਼ੁਲਮ ਨੂੰ ਕਵੀ ਨੇ ਕਾਵਿਕ ਰੂਪ ਦੇ ਕੇ ਆਪਣੀ ਸ਼ਰਧਾ ਤੇ ਸੰਵੇਦਨਾ ਦਾ ਅਜਿਹਾ ਪ੍ਰਗਟਾਵਾ ਕੀਤੀ, ਜਿਸ ਨੂੰ ਪੜ੍ਹਦਿਆਂ ਮਨੁੱਖਤਾ ਦੇ ਦਿਲ ਉਨ੍ਹਾਂ ਦੇ ਕਾਬੂ ਵਿਚ ਨਹੀਂ ਰਹਿੰਦੇ, ਸਗੋਂ ਉਨ੍ਹਾਂ ਦੇ ਆਪ ਮੁਹਾਰੇ ਹੰਝੂ ਲੱਗ ਜਾਂਦੇ ਹਨ। ਅਜਿਹੇ ਬਿਰਤਾਂਤ ਵਿਚ ਸਾਹਿਬਜ਼ਾਦਿਆਂ ਦੀ ਦ੍ਰਿੜ੍ਹਤਾ, ਨਿਡਰਤਾ, ਸਵੈਮਾਣ ਅਤੇ ਦਲੇਰੀ ਦਾ ਭਾਵਪੂਰਤ ਪ੍ਰਗਟਾਵਾ ਗੁਰੂ ਦੀ ਸੰਗਤ ਨੂੰ ਡਰਾਉਂਦਾ ਨਹੀਂ, ਸਗੋਂ ਮਾਣ ਕਰਨ ਦੇ ਸਮਰੱਥ ਬਣਾਉਂਦਾ ਹੈ। ਆਉਣ ਵਾਲੀਆਂ ਪੀੜ੍ਹੀਆਂ ਅਜਿਹੀ ਕਵਿਤਾ ਪੜ੍ਹਕੇ ਆਪਣੇ ਗੁਰੂ, ਸ਼ਾਹਿਬਜ਼ਾਦਿਆਂ ਅਤੇ ਯੋਧਿਆਂ ਤੋਂ ਸਿੱਖ ਕੌਮ ਦਾ ਮਾਣ ਵਧਾਉਣ ਲਈ ਪ੍ਰਭਾਵਤ ਹੋਣਗੀਆਂ। ਗੁਰਮੀਤ ਕੱਲਰਮਾਜਰੀ ਨੇ ਕੁੰਮਾ ਮਾਸ਼ਕੀ, ਗੰਗੂ ਬ੍ਰਾਹਮਣ, ਜਲਾਲੂਦੀਨ, ਕਾਜ਼ੀ ਮੁਲਾਣਿਆਂ, ਮਾਤਾ ਲਛਮੀ, ਵਜ਼ੀਰ ਖ਼ਾਨ, ਸ਼ਾਸ਼ਲ ਬੇਗ ਤੇ ਬਾਸ਼ਲ ਬੇਗ ਜਲਾਦਾਂ, ਸੁੱਚਾ ਨੰਦ, ਨਵਾਬ, ਬਾਬਾ ਮੋਤੀ ਰਾਮ, ਬਾਬਾ ਬੰਦਾ ਬਹਾਦਰ, ਅਜੈ ਸਿੰਘ, ਜੈਨਾ ਬੇਗ਼ਮ ਅਤੇ ਦੀਵਾਨ ਟੋਡਰ ਮੱਲ ਪਾਤਰਾਂ ਦੀ ਅਜਿਹੀ ਸਿਰਜਣਾ ਕੀਤੀ, ਜਿਹੜੀ ਧੁਰ ਦਿਲ ਨੂੰ ਕੁਰੇਦਦੀ ਅੰਤਹਕਰਨ ਦਾ ਦਰਦ ਦਰਸਾਉਂਦੀ ਪਾਠਕਾਂ ਨੂੰ ਕੁਰਬਾਨ ਹੋਣ ਲਈ ਸਿਦਕ ਦੀ ਸਿੱਖਿਆ ਦਿੰਦੀ ਹੈ। ਇਸ ਕਾਵਿ-ਸੰਗ੍ਰਹਿ ਨੂੰ ਕਵੀ ਨੇ 6 ਸਰਗਾਂ (ਅਧਿਆਇ) ਵਿਚ ਵੰਡਿਆ ਹੈ। ਕਵੀ ਆਪਣੀ ਕਾਵਿ ਦਿੱਭ ਦ੍ਰਿਸ਼ਟੀ ਨਾਲ ਪਾਠਕ ਨੂੰ ਜਜ਼ਬਾਤੀ ਕਰਕੇ ਸਿੱਖ ਇਤਿਹਾਸ ਦੀ ਵਿਰਾਸਤ ਨਾਲ ਅਜਿਹਾ ਜੋੜ ਦਿੰਦਾ ਹੈ, ਜਿਸਨੂੰ ਉਹ ਜ਼ਿੰਦਗੀ ਭਰ ਭੁੱਲ ਨਹੀਂ ਸਕਦਾ। ਸਰਗ-1 (ਅਧਿਆਇ) ਵਿਚ ਸ੍ਰੀ ਗੁਰੂ ਤੇਗ ਬਹਾਦਰ ਜੀ ਕਸ਼ਮੀਰੀ ਪੰਡਤਾਂ ਦੇ ਦੁੱਖ ਦੂਰ ਕਰਨ ਲਈ ਕੁਰਬਾਨੀ ਦੇਣ ਵਾਸਤੇ ਭਾਈ ਸਤੀ ਦਾਸ, ਮਤੀ ਦਾਸ ਅਤੇ ਭਾਈ ਦਿਆਲਾ ਜੀ ਨੂੰ ਨਾਲ ਲੈ ਕੇ ਦਿੱਲੀ ਨੂੰ ਰਵਾਨਾ ਹੋਣ ਦੇ ਸਫ਼ਰ ਨੂੰ ਭਾਵਪੂਰਤ ਸ਼ਬਦਾਵਲੀ ਵਿਚ ਬਿਆਨ ਕੀਤਾ ਗਿਆ ਹੈ। ਕਾਜ਼ੀ ਅਤੇ ਜਲਾਦਾਂ ਦੀ ਸੋਚ ਨੂੰ ਲਿਖਦਿਆਂ ਉਨ੍ਹਾਂ ਦੀ ਦਰਿੰਦਗੀ ਦਾ ਵਰਣਨ ਕੀਤਾ ਹੈ, ਜਿਸ ਨਾਲ ਪਾਠਕ ਦੇ ਲੂੰ ਕੰਡੇ ਖੜ੍ਹੇ ਹੋ ਜਾਂਦੇ ਹਨ। ਗੁਰੂ ਸਾਹਿਬ ਦੀ ਨਿਡਰਤਾ ਦਾ ਪ੍ਰਤੱਖ ਪ੍ਰਮਾਣ ਕਵਿਤਾ ਦਾ ਰੂਪ ਧਾਰ ਗਿਆ, ਗੁਰੂ ਸਾਹਿਬ ਨੇ ਧਰਮ ਬਦਲਣ ਤੋਂ ਦਿੱਤਾ ਕੋਰਾ ਜਵਾਬ ਇਨਸਾਨੀਅਤ ਦੀ ਰੱਖਵਾਲੀ ਅਤੇ ਬਰਾਬਰਤਾ ਦਾ ਇਸ ਤੋਂ ਵੱਡਾ ਕੋਈ ਸਬੂਤ ਨਹੀਂ ਹੋ ਸਕਦਾ, ਜਿਸਨੂੰ ਕਵੀ ਨੇ ਆਪਣੀ ਕਾਵਿਕ ਪ੍ਰਤਿਭਾ ਰਾਹੀਂ ਪੇਸ਼ ਕਰਕੇ ਆਪਣੀ ਵਿਰਾਸਤ 'ਤੇ ਮਾਣ ਕਰਨ ਲਈ ਪ੍ਰੇਰਿਤ ਕੀਤਾ ਹੈ। ਕਵੀ ਨੇ ਬਰੋਟੇ ਦੇ ਦਰੱਖਤ ਦੇ ਪੱਤੇ-ਪੱਤੇ ਤੇ ਪੰਛੀਆਂ ਦੀ ਸੁੰਨੀ ਕੁਰਲਾਹਟ, ਕੱਚੀ ਗੜ੍ਹੀ ਦਾ ਸੀਨ, ਜੰਗਲ ਬੀਆਬਾਨ ਵਿਚ ਗਹਿਰੀ ਚੁੱਪ, ਸਰਸਾ ਨਦੀ ਦੀ ਵੇਦਨਾ, ਆਨੰਦਗੜ੍ਹ ਦਾ ਕਿਲਾ ਛੱਡਣਾ, ਚਮਕੌਰ ਦੀ ਗੜ੍ਹੀ ਵਿਚ ਸਾਹਿਬਜ਼ਾਦਿਆਂ ਦਾ ਤਲਵਾਰ ਨਾਲ ਖੇਡਣਾ, ਹਿਰਦਿਆਂ ਨੂੰ ਹਲੂਣਦਾ ਤੇ ਤੜਪਾਉਂਦਾ ਵਿਖਾਇਆ ਗਿਆ ਹੈ। ਸਰਗ-2 (ਅਧਿਆਇ) ਵਿਚ ਸਰਸਾ ਨਦੀ ਦਾ ਗਰਜਦੇ ਬੱਦਲਾਂ, ਤੂਫ਼ਾਨ ਦਾ ਦ੍ਰਿਸ਼, ਪਰਿਵਾਰ ਦਾ ਵਿਛੜਨਾ, ਰੁਲ਼ਦੀਆਂ ਦਸਤਾਰਾਂ, ਕੁੰਮਾ ਮਾਸ਼ਕੀ ਦਾ ਮਿਲਣਾ, ਉਸਦੀ ਝੌਂਪੜੀ ਦਾ ਦ੍ਰਿਸ਼, ਗੰਗੂ ਦਾ ਲਾਲਚ ਤੇ ਧ੍ਰੋਹ, ਮਾਤਾ ਗੁਜਰੀ ਤੇ ਸਾਹਿਬਜ਼ਾਦਿਆਂ ਨੂੰ ਗ੍ਰਿਫ਼ਤਾਰ ਕਰਨ ਦੀ ਕਾਰਵਾਈ ਦਾ ਕਾਵਿ ਰੂਪ ਪਾਠਕ ਦੀ ਮਨੋਦਸ਼ਾ ਨੂੰ ਜ਼ਖ਼ਮੀ ਕਰ ਦਿੰਦਾ ਹੈ। ਇੱਥੋਂ ਤੱਕ ਕਿ ਦਰੱਖਤਾਂ, ਪੰਛੀਆਂ, ਝੌਂਪੜੀ, ਹੱਥਕੜੀਆਂ ਦੀ ਜਕੜ ਦਾ ਦ੍ਰਿਸ਼ ਇਨਸਾਨੀ ਮਾਨਸਿਕਤਾ ਨੂੰ ਝੰਜੋੜਕੇ ਰੱਖ ਦਿੰਦਾ ਹੈ। ਕਵੀ ਨੇ ਸਰਗ-3 (ਅਧਿਆਇ) ਵਿਚ ਠੰਡੇ ਬੁਰਜ ਦੇ ਮੰਤਵ, ਮਾਤਾ ਗੁਜਰੀ ਤੇ ਸਾਹਿਬਜ਼ਾਦਿਆਂ ਦੇ ਠਹਿਰਨ, ਸਰਦੀ ਦੀ ਠੰਡ, ਭੁੱਖਣ ਭਾਣੇ ਰਹਿਣ, ਬਾਬਾ ਅਜੀਤ ਸਿੰਘ ਤੇ ਬਾਬਾ ਜੂਝਾਰ ਸਿੰਘ ਦੇ ਤਲਵਾਰਾਂ ਦੇ ਜੌਹਰ, ਸਰਸਾ ਨਦੀ ਵਿਚੋਂ ਲੰਘਣ, ਵਜ਼ੀਰ ਖਾਂ ਦੀ ਹਉਮੈ, ਸੁੱਚਾ ਨੰਦ ਦੀ ਬਦਲੇ ਦੀ ਅੱਗ, ਮਾਤਾ ਗੁਜਰੀ ਦੀਆਂ ਸਾਹਿਬਜ਼ਾਦਿਆਂ ਨੂੰ ਨਸੀਹਤਾਂ, ਕਾਜ਼ੀ ਦਾ ਫਤਵਾ, ਕਾਂਡੀ ਦਾ ਹੱਥੋਂ ਡਿੱਗਣਾ, ਪਿੰਡ ਚੱਕ ਦਾ ਪੱਤਣ ਅਤੇ ਹੰਸਲਾ ਨਦੀ ਦੇ ਵਹਾਅ ਦਾ ਦ੍ਰਿਸ਼ਟਾਂਤਿਕ ਵਿਵਰਣ ਪਾਠਕਾਂ ਵਿਚ ਮੁਗਲਾਂ ਦੇ ਜ਼ੁਲਮ ਵਿਰੁੱਧ ਨਫ਼ਰਤ ਪੈਦਾ ਕਰਕੇ ਉਨ੍ਹਾਂ ਦੇ ਹੰਝੂਆਂ ਨੂੰ ਦਰਿਆ ਦੇ ਵਹਿਣ ਦੀ ਤਰ੍ਹਾਂ ਵਗਣ ਲਾ ਦਿੰਦਾ ਹੈ। ਸਰਗ-4 (ਅਧਿਆਇ) ਵਿਚ ਮਾਤਾ ਗੁਜਰੀ ਅਤੇ ਸਾਹਿਬਜ਼ਾਦਿਆਂ ਦੀਆਂ ਪੋਹ ਦੀਆਂ ਛੇ ਰਾਤਾਂ ਦੀ ਸਥਿਤੀ ਵਰਣਨ ਕਰਨ ਦਾ ਦ੍ਰਿਸ਼ ਲਿਖਦਿਆਂ ਸਾਹਿਬਜ਼ਾਦਿਆਂ ਦੀ ਦਲੇਰੀ, ਲਾਲਚ ਨੂੰ ਅਣਡਿੱਠ ਕਰਨ, ਸਹੇੜੀ ਪਿੰਡ ਵਿਚ ਗੰਗੂ ਬ੍ਰਾਹਮਣ ਦੀ ਕਮੀਨਗੀ, ਮੋਰਿੰਡੇ ਕੋਤਵਾਲੀ ਵਿਚ ਗ੍ਰਿਫ਼ਤਾਰ ਕਰਕੇ ਲਿਜਾਣ, ਸਾਹਿਬਜ਼ਾਦਿਆਂ ਨੂੰ ਨੀਂਹਾਂ ਵਿਚ ਚਿਣਨ ਲਈ ਲਿਜਾਣ ਦੇ ਹੁਕਮ, ਮਾਤਾ ਗੁਜਰੀ ਦਾ ਸਾਹਿਬਜ਼ਾਦਿਆਂ ਨੂੰ ਆਖ਼ਰੀ ਵਾਰ ਪਿਆਰ ਦੇਣਾ ਤੇ ਚੁੰਮਣਾ, ਸਾਹਿਬਜ਼ਾਦਿਆਂ ਦਾ ਬਿਨਾ ਸਿਰ ਝੁਕਾਏ ਕਚਹਿਰੀ ਵਿਚ ਜਾਣਾ, ਇਸਲਾਮ ਕਬੂਲ ਕਰਨ ਤੋਂ ਇਨਕਾਰ ਕਰਨਾ, ਜਲਾਦਾਂ ਵੱਲੋਂ ਸਾਹਿਬਜ਼ਾਦਿਆਂ ਦੇ ਸਿਰ ਕਤਲ ਕਰਨੇ, ਪੰਛੀਆਂ ਦੇ ਰੁਦਨ, ਵਜ਼ੀਰ ਖ਼ਾਨ ਦੀ ਮਾਨਸਿਕ ਸਥਿਤੀ, ਦੀਵਾਨ ਟੋਡਰ ਮੱਲ ਵੱਲੋਂ ਅਸ਼ਰਫੀਆਂ ਰੱਖ ਕੇ ਸਸਕਾਰ ਲਈ ਜਗ੍ਹਾ ਲੈਣਾ, ਚੰਦਨ ਦੀ ਲੱਕੜ ਨਾਲ ਸਸਕਾਰ ਕਰਨਾ, ਭਾਈ ਜੋਧ ਸਿੰਘ ਦਾ ਅਸਥੀ ਕਲਸ਼ ਲਿਜਾਣ ਦੀ ਪ੍ਰਕ੍ਰਿਆ ਕਵੀ ਨੇ ਬਹੁਤ ਹੀ ਦਿਲ ਨੂੰ ਝੰਜੋੜਨ ਵਾਲੀ ਸ਼ਬਦਾਵਲੀ ਵਿਚ ਲਿਖਕੇ ਵਰਣਨ ਕੀਤਾ ਹੈ। ਸਰਗ-5 (ਅਧਿਆਇ) ਵਿਚ ਮਾਂ ਲੱਛਮੀ ਦਾ ਛੋਟੇ ਸਾਹਿਬਜ਼ਾਦਿਆਂ ਨੂੰ ਖਾਣਾ ਤੇ ਕੱਪੜੇ ਭੇਜਣ, ਜ਼ੈਨਾ ਬੇਗ਼ਮ ਦੀ ਵਜ਼ੀਰ ਖਾਂ ਅੱਗੇ ਫਰਿਆਦ ਕਰਨ, ਮਾਤਾ ਗੁਜਰੀ ਤੇ ਸਾਹਿਬਜ਼ਾਦਿਆਂ ਦੀ ਸ਼ਹੀਦੀ ਦਾ ਦੁੱਖ, ਬਾਬਾ ਮੋਤੀ ਰਾਮ ਮਹਿਰਾ ਦਾ ਸਾਹਿਬਜ਼ਾਦਿਆਂ ਨੂੰ ਦੁੱਧ ਪਿਲਾਉਣ ਤੇ ਸਸਕਾਰ ਮੌਕੇ ਦੀਵਾਨ ਟੋਡਰ ਮਾਲ ਦਾ ਸਾਥ ਦੇਣ ਦੀਆਂ ਘਟਨਾਵਾਂ ਨੂੰ ਸੰਵੇਦਨਸ਼ੀਲ ਢੰਗ ਨਾਲ ਪੇਸ਼ ਕਰਕੇ ਦਿਲ ਹਿਲਾ ਦਿੱਤੇ। ਇਸੇ ਤਰ੍ਹਾਂ ਸਰਗ-6 (ਅਧਿਆਇ) ਵਿਚ ਬਾਬਾ ਬੰਦਾ ਸਿੰਘ ਬਹਾਦਰ ਦੀ ਚਪੜਚਿੜੀ ਦੀ ਲੜਾਈ, ਸਰਹੰਦ ਦੀ ਇੱਟ ਨਾਲ ਇੱਟ ਖੜਕਾਉਣਾ ਤੇ ਉਸਦੀ ਤੇ ਉਸਦੇ ਬੱਚੇ ਅਜੈ ਸਿੰਘ ਦੀ ਕਰੂਰਤਾ ਨਾਲ ਕੀਤੀ ਸ਼ਹੀਦੀ ਦਾ ਬਿਰਤਾਂਤ ਬਹੁਤ ਹੀ ਭਾਵਪੂਰਤ ਢੰਗ ਨਾਲ ਪ੍ਰਗਟਾਇਆ ਗਿਆ ਹੈ।




104 ਪੰਨਿਆਂ, 200 ਰੁਪਏ ਕੀਮਤ ਵਾਲਾ ਇਹ ਕਾਵਿ-ਸੰਗ੍ਰਹਿ ਕੈਲੀਬਰ ਪਬਲੀਕੇਸ਼ਨ ਪਟਿਆਲਾ ਨੇ ਪ੍ਰਕਾਸ਼ਤ ਕੀਤਾ ਹੈ।
ਸੰਪਰਕ : ਗੁਰਮੀਤ ਕੱਲਰਮਾਜਰੀ : 9417865377

ਗੁਰਮੀਤ ਕੱਲਰਮਾਜਰੀ ਨੇ ਇਨ੍ਹਾਂ ਘਟਨਾਵਾਂ ਨੂੰ ਬਹੁਤ ਹੀ ਸੰਵੇਦਨਸ਼ੀਲਤਾ ਨਾਲ ਕਾਵਿਕ ਰੂਪ ਦੇ ਕੇ ਪਾਠਕਾਂ ਨੂੰ ਉਸ ਸਥਿਤੀ ਵਿਚ ਪਹੁੰਚਾ ਦਿੱਤਾ, ਜਿਸ ਕਰਕੇ ਉਨ੍ਹਾਂ ਵਿਚ ਆਪਣੇ ਸ਼ਹੀਦਾਂ ਲਈ ਅਤਿਅੰਤ ਸਤਿਕਾਰ ਅਤੇ ਸਮਰਪਣ ਦੀ ਭਾਵਨਾ ਪੈਦਾ ਹੋ ਗਈ। ਪਾਠਕ ਸ੍ਰੀ ਗੁਰੂ ਤੇਗ ਬਹਾਦਰ ਜੀ ਦੇ ਸ਼ਹੀਦ ਹੋਣ ਤੋਂ ਲੈ ਕੇ ਛੋਟੇ ਸਾਹਿਬਜ਼ਾਦਿਆਂ ਬਾਬਾ ਜ਼ੋਰਾਵਰ ਸਿੰਘ ਤੇ ਬਾਬਾ ਫ਼ਤਿਹ ਸਿੰਘ ਅਤੇ ਮਾਤਾ ਗੁਜਰੀ ਦੀ ਸ਼ਹਾਦਤ ਦੇ ਬਿਰਤਾਂਤ ਨੂੰ ਪੜ੍ਹਦਿਆਂ ਹੀ ਭਾਵੁਕ ਹੋ ਕੇ ਗਹਿਰੇ ਦੁੱਖ ਦੇ ਸੰਤਾਪ ਵਿਚ ਪਹੁੰਚ ਜਾਂਦੇ ਹਨ, ਇਹ ਕਵੀ ਦੀ ਕਾਬਲੀਅਤ ਦਾ ਨਤੀਜਾ ਹੈ। ਮੁਗਲਾਂ ਦੇ ਇਸ ਜ਼ੁਲਮ ਨੂੰ ਕਵੀ ਨੇ ਕਾਵਿਕ ਰੂਪ ਦੇ ਕੇ ਆਪਣੀ ਸ਼ਰਧਾ ਤੇ ਸੰਵੇਦਨਾ ਦਾ ਅਜਿਹਾ ਪ੍ਰਗਟਾਵਾ ਕੀਤੀ, ਜਿਸ ਨੂੰ ਪੜ੍ਹਦਿਆਂ ਮਨੁੱਖਤਾ ਦੇ ਦਿਲ ਉਨ੍ਹਾਂ ਦੇ ਕਾਬੂ ਵਿਚ ਨਹੀਂ ਰਹਿੰਦੇ, ਸਗੋਂ ਉਨ੍ਹਾਂ ਦੇ ਆਪ ਮੁਹਾਰੇ ਹੰਝੂ ਲੱਗ ਜਾਂਦੇ ਹਨ। ਅਜਿਹੇ ਬਿਰਤਾਂਤ ਵਿਚ ਸਾਹਿਬਜ਼ਾਦਿਆਂ ਦੀ ਦ੍ਰਿੜ੍ਹਤਾ, ਨਿਡਰਤਾ, ਸਵੈਮਾਣ ਅਤੇ ਦਲੇਰੀ ਦਾ ਭਾਵਪੂਰਤ ਪ੍ਰਗਟਾਵਾ ਗੁਰੂ ਦੀ ਸੰਗਤ ਨੂੰ ਡਰਾਉਂਦਾ ਨਹੀਂ, ਸਗੋਂ ਮਾਣ ਕਰਨ ਦੇ ਸਮਰੱਥ ਬਣਾਉਂਦਾ ਹੈ।

# ਪਿੰਡ ਥੋਹਾ ਖਾਲਸਾ ਦਾ ਖ਼ੂਨੀ ਸਾਕਾ

## (ਸਿੱਖ ਬੀਬੀਆਂ ਦੀ ਕੁਰਬਾਨੀ ਦੀ ਅਨੋਖੀ ਦਾਸਤਾਨ 12 ਮਾਰਚ, 1947)

ਅੰਗਰੇਜ ਸਿੰਘ ਵਿਰਦੀ

94646-28857
ਪੰਜਾਬ ਮੇਲ USA







ਪਿੰਡ ਥੋਹਾ ਖਾਲਸਾ ਨੂੰ ਇਤਿਹਾਸ ਵਿਚ ਇਸ ਲਈ ਯਾਦ ਕੀਤਾ ਜਾਂਦਾ ਰਹੇਗਾ ਕਿਉਂਕਿ ਇਸ ਪਿੰਡ ਦੇ ਸਿੱਖਾਂ ਨੇ ਆਪਣੀ ਅਣਖ ਤੇ ਆਪਣੇ ਧਰਮ ਨੂੰ ਬਚਾਉਣ ਲਈ ਉਹ ਸਭ ਕਰ ਦਿੱਤਾ, ਜਿਸ ਦੀ ਮਿਸਾਲ ਦੁਨੀਆਂ ਦੇ ਕਿਸੇ ਇਤਿਹਾਸ ਵਿਚ ਨਹੀਂ ਮਿਲਦੀ। ਇਹ ਉਹ ਦਰਦ ਭਰੀ ਦਾਸਤਾਨ ਹੈ, ਜਿਸ ਵਿਚ ਸਿੱਖ ਬੀਬੀਆਂ ਨੇ ਆਪਣੀ ਇੱਜ਼ਤ, ਆਬਰੂ, ਅਣਖ ਤੇ ਧਰਮ ਲਈ ਆਪਾ ਵਾਰ ਦਿੱਤਾ।

2 ਅਪ੍ਰੈਲ, 1849 ਨੂੰ ਖਾਲਸਾ ਰਾਜ ਨੂੰ ਬ੍ਰਿਟਿਸ਼ ਰਾਜ ਵਿਚ ਮਿਲਾਉਣ ਤੋਂ ਬਾਅਦ ਅੰਗਰੇਜ਼ਾਂ ਨੇ ਪੰਜਾਬ ਨੂੰ ਪੰਜ ਡਿਵੀਜ਼ਨਾਂ ਲਾਹੌਰ, ਦਿੱਲੀ, ਜਲੰਧਰ, ਮੁਲਤਾਨ ਅਤੇ ਰਾਵਲਪਿੰਡੀ ਡਿਵੀਜ਼ਨ ਵਿਚ ਵੰਡ ਦਿੱਤਾ। ਲਾਹੌਰ ਡਿਵੀਜ਼ਨ ਦੇ ਉੱਤਰ ਪੱਛਮ ਵੱਲ ਪੈਂਦੀ ਰਾਵਲਪਿੰਡੀ ਡਿਵੀਜ਼ਨ ਵਿਚ 6 ਜ਼ਿਲ੍ਹੇ ਰਾਵਲਪਿੰਡੀ, ਜਿਹਲਮ, ਗੁਜ਼ਰਾਤ, ਸ਼ਾਹਪੁਰ (ਸਰਗੋਧਾ), ਮੀਆਂਵਾਲੀ ਅਤੇ ਕੈਂਬਲਪੁਰ (ਹੁਣ ਅਟਕ) ਸ਼ਾਮਲ ਸਨ। ਇਸ ਡਿਵੀਜ਼ਨ ਵਿਚ ਪੰਜਾਬੀ ਦੀ ਬੜੀ ਹੀ ਪਿਆਰੀ ਅਤੇ ਮਿੱਠੀ ਉਪ ਬੋਲੀ ਪੋਠੋਹਾਰੀ ਬੋਲੀ ਜਾਂਦੀ ਸੀ ਅਤੇ ਉਸ ਇਲਾਕੇ ਨੂੰ ਪੋਠੋਹਾਰ ਦਾ ਇਲਾਕਾ ਕਿਹਾ ਜਾਂਦਾ ਸੀ।

ਜ਼ਿਲ੍ਹਾ ਰਾਵਲਪਿੰਡੀ ਦੀ ਤਹਿਸੀਲ ਕਹੂਟਾ ਦਾ ਇਕ ਸਿੱਖ ਬਹੁਗਿਣਤੀ ਵਾਲਾ ਪਿੰਡ ਥੋਹਾ ਖਾਲਸਾ ਇਕ ਖੁਸ਼ਹਾਲ ਤੇ ਤਕਰੀਬਨ 2500 ਕੁ ਆਬਾਦੀ ਵਾਲਾ ਛੋਟਾ ਜਿਹਾ ਪਿੰਡ ਸੀ, ਜਿਥੇ ਬਹੁਗਿਣਤੀ ਸਿੱਖ ਵੱਸੋਂ ਆਬਾਦ ਸੀ। ਹਿੰਦੂ, ਸਿੱਖ ਅਤੇ ਮੁਸਲਿਮ ਪੰਜਾਬੀ ਇਥੇ ਬੜੇ ਪਿਆਰ ਅਤੇ ਇਤਫ਼ਾਕ ਨਾਲ ਰਹਿੰਦੇ ਸਨ। ਪਿੰਡ ਦੇ ਵੱਡੇ ਸਰਦਾਰ ਸ. ਗੁਲਾਬ ਸਿੰਘ ਦੀ ਹਵੇਲੀ ਉਸ ਪਿੰਡ ਦੀ ਨਿਸ਼ਾਨੀ ਸੀ। ਰਾਵਲਪਿੰਡੀ ਤੋਂ ਤਕਰੀਬਨ 53 ਕਿਲੋਮੀਟਰ ਦੂਰ ਮੌਜੂਦਾ ਜੀ.ਟੀ. ਰੋਡ 'ਤੇ ਰਾਵਲਪਿੰਡੀ ਇਸਲਾਮਾਬਾਦ ਤੋਂ ਲਾਹੌਰ ਲਈ ਨਿਕਲੋ, ਤਾਂ ਰਵਾਤ ਪਹਿਲਾ ਕਸਬਾ ਪੈਂਦਾ। ਇਥੋਂ ਸੱਜੇ ਹੱਥ ਨੂੰ ਚੱਕ ਬਹਿਲੀ ਰੋਡ 'ਤੇ ਖੱਬੇ ਹੱਥ ਕੱਲਰ ਨੂੰ ਸਿੱਧੀ ਰੋਡ ਨਿਕਲਦੀ। ਇਨ੍ਹਾਂ ਦੋਨਾਂ ਰਸਤਿਆਂ 'ਤੇ ਸੱਜੇ-ਖੱਬੇ ਕਈ ਕਸਬੇ ਆਬਾਦ ਨੇ ਤੇ ਥੋਹਾ ਖਾਲਸਾ ਵੀ ਉਨ੍ਹਾਂ 'ਚੋਂ ਈ ਇਕ ਪਿੰਡ ਸੀ। ਅੱਜ ਵੀ ਉਥੇ ਕਈ ਪਿੰਡ ਇਹੋ ਜਿਹੇ ਨੇ, ਜਿਨ੍ਹਾਂ ਦੇ ਨਾਂ ਹਿੰਦੂਆਂ ਤੇ ਸਿੱਖਾਂ ਦੇ ਨਾਵਾਂ 'ਤੇ ਹਨ।

ਸਾਲ 1947 ਦਾ ਮਾਰਚ ਮਹੀਨਾ ਚੜ੍ਹ ਚੁੱਕਾ ਸੀ। ਪੱਛਮੀ ਪੰਜਾਬ ਦੇ ਬਹੁਤ ਸਾਰੇ ਇਲਾਕਿਆਂ ਵਿਚ ਆਬਾਦ ਹਿੰਦੂ ਸਿੱਖ ਪਰਿਵਾਰਾਂ 'ਤੇ ਫ਼ਿਰਕੂ ਜਨੂੰਨੀਆਂ ਦੇ ਹਮਲੇ ਹੋਣੇ ਸ਼ੁਰੂ ਹੋ ਚੁੱਕੇ ਸਨ। ਭਾਵੇਂ ਬਹੁਗਿਣਤੀ ਮੁਸਲਿਮ ਆਬਾਦੀ ਵਾਲੇ ਇਸ ਇਲਾਕੇ ਵਿਚ ਸਿੱਖ ਤੇ ਹਿੰਦੂ ਗਿਣਤੀ ਪੱਖੋਂ ਘੱਟ ਸਨ ਪਰ ਧਨ ਦੌਲਤ ਅਤੇ ਜ਼ਮੀਨ ਜਾਇਦਾਦ ਵਜੋਂ ਹਿੰਦੂ ਅਤੇ ਸਿੱਖ ਮੁਸਲਮਾਨਾਂ ਨਾਲੋਂ ਕਿਤੇ ਵੱਧ ਖੁਸ਼ਹਾਲ ਸਨ। ਸਿੱਖ ਅਤੇ ਹਿੰਦੂ ਆਪਣੇ ਆਉਣ ਵਾਲੇ ਕੱਲ੍ਹ ਤੋਂ ਬੇਫ਼ਿਕਰ ਸਨ, ਉਨ੍ਹਾਂ ਨੂੰ ਬਿਲਕੁਲ ਵੀ ਇਸ ਗੱਲ ਦਾ ਅੰਦਾਜ਼ਾ ਨਹੀਂ ਸੀ ਕਿ ਉਨ੍ਹਾਂ ਨਾਲ ਕੀ ਭਾਣਾ ਵਾਪਰਣ ਵਾਲਾ ਹੈ। ਮੁਸਲਿਮ ਦੇਸ਼ ਪਾਕਿਸਤਾਨ ਬਨਣ ਦੀਆਂ ਚਰਚਾਵਾਂ ਨੇ ਫ਼ਿਰਕੂ ਸੋਚ ਅਤੇ ਲੁੱਟ-ਖੋਹ ਦੀ ਨੀਅਤ ਵਾਲੇ ਲੋਕਾਂ ਨੂੰ ਅਤੇ ਰਾਜਨੀਤਿਕ ਪਾਰਟੀਆਂ ਦੇ ਵਰਗਲਾਏ ਕੁਝ ਕਬਾਇਲੀਆਂ ਨੂੰ ਸਿੱਖਾਂ ਤੇ ਹਿੰਦੂਆਂ ਨੂੰ ਮਾਰਨ ਦਾ ਮੌਕਾ ਦੇ ਦਿੱਤਾ। ਇਹ ਸਭ ਕਰਨ ਲਈ ਇਨ੍ਹਾਂ ਨਾਲ ਕੁਝ ਸਥਾਨਕ ਲੋਕ ਵੀ ਰਲ ਗਏ।

ਮੁਸਲਿਮ ਲੀਗ ਦੇ ਬੰਦਿਆਂ ਨੇ ਕਬਾਇਲੀਆਂ ਨਾਲ ਰਲ ਕੇ ਮਿਤੀ 6 ਅਤੇ 7 ਮਾਰਚ 1947 ਨੂੰ ਰਾਵਲਪਿੰਡੀ ਸ਼ਹਿਰ ਦੇ ਹਿੰਦੂ ਸਿੱਖਾਂ ਦੇ ਮੁਹੱਲਿਆਂ 'ਤੇ ਹਮਲਾ ਕਰ ਦਿੱਤਾ ਪਰ ਅੱਗੇ ਵੀ ਸਿੰਘ ਦਲੇਰ ਟੱਕਰੇ ਤੇ ਉਨ੍ਹਾਂ ਆਪਣੀਆਂ ਰਾਇਫ਼ਲਾਂ ਦੇ ਮੂੰਹ ਇਨ੍ਹਾਂ ਹਮਲਾਵਰਾਂ ਵੱਲ ਖੋਲ੍ਹ ਦਿੱਤੇ। ਅਖੀਰ ਕੋਈ ਪੇਸ਼ ਨਾ ਚਲਦੀ ਵੇਖ ਸਭ ਹਮਲਾਵਰ ਉੱਥੋਂ ਭੱਜ ਨਿਕਲੇ। ਰਾਵਲਪਿੰਡੀ 'ਚ ਮੂੰਹ ਦੀ ਖਾਣ ਤੋਂ ਬਾਅਦ ਉਨ੍ਹਾਂ ਨੇ ਰਲ ਕੇ ਇਹ ਮਤਾ ਪਕਾਇਆ ਕਿ ਰਾਵਲਪਿੰਡੀ ਡਵੀਜ਼ਨ ਦੇ ਲਗਭਗ 128 ਪਿੰਡਾਂ 'ਤੇ ਹਮਲਾ ਕਰਕੇ ਉਥੇ ਵਸਦੇ ਹਿੰਦੂ ਸਿੱਖਾਂ ਦਾ ਖੁਰਾ-ਖੋਜ ਮਿਟਾ ਦਿੱਤਾ ਜਾਵੇ। ਮਿਤੀ 8 ਮਾਰਚ ਨੂੰ ਥੋਹਾ ਖਾਲਸਾ ਜੋ ਆਸੇ-ਪਾਸੇ ਤੋਂ ਛੋਟੀਆਂ ਪਹਾੜੀਆਂ ਨਾਲ ਘਿਰਿਆ ਹੋਇਆ ਸੀ, ਦੇ ਸਿੱਖਾਂ ਨੇ ਪਹਾੜ 'ਤੇ ਵੱਸੇ ਪਿੰਡ ਕੋਹ ਮਰੀ ਤੋਂ ਅੱਗ ਦੀਆਂ ਲੱਪਟਾਂ ਨਿਕਲਦੀਆਂ ਵੇਖੀਆਂ। ਕਬਾਇਲੀਆਂ ਅਤੇ ਉਨ੍ਹਾਂ ਨਾਲ ਰਲੇ ਆਸਪਾਸ ਦੇ ਲੋਕਾਂ ਨੇ ਸਿੱਖਾਂ ਨੂੰ ਧਮਕੀ ਦਿੱਤੀ ਕਿ ਜਾਂ ਤਾਂ ਉਹ ਧਰਮ ਬਦਲ ਲੈਣ ਜਾਂ ਉਹ ਇਹ ਜਗ੍ਹਾ ਖਾਲੀ ਕਰ ਦੇਣ ਨਹੀਂ, ਤਾਂ ਮਰਣ ਲਈ ਤਿਆਰ ਰਹਿਣ। ਉਨ੍ਹਾਂ ਦੀ ਧਮਕੀ ਕਰਕੇ ਅਤੇ ਰਾਵਲਪਿੰਡੀ ਦਾ ਵਾਕਿਆ ਵੇਖ ਕੇ ਆਏ ਪਿੰਡ ਦੇ ਕੁਝ ਮੋਹਤਬਰ ਬੰਦਿਆਂ ਨੇ ਥੋਹਾ ਖਾਲਸਾ ਦੇ ਸਾਰੇ ਸਿੱਖਾਂ ਨੂੰ ਪਿੰਡ ਦੇ ਗੁਰਦੁਆਰੇ ਇਕੱਠਾ ਕੀਤਾ ਤੇ ਸਭ ਨੇ ਇਹ ਫੈਸਲਾ ਕੀਤਾ ਕਿ ਜੇ ਜਾਨ ਬਚਾਉਣੀ ਹੈ, ਤਾਂ ਸਾਰੇ ਪਿੰਡ ਦੇ ਸਿੱਖ ਆਪਣਾ ਘਰ-ਬਾਰ ਛੱਡ ਕੇ ਸੰਤ ਗੁਲਾਬ ਸਿੰਘ ਦੀ ਹਵੇਲੀ ਜੋ ਪਿੰਡ ਵਿਚ ਸਭ ਤੋਂ ਮਜ਼ਬੂਤ ਅਤੇ ਸੁਰੱਖਿਅਤ ਥਾਂ ਮੰਨੀ ਜਾਂਦੀ ਸੀ, ਵਿਖੇ ਇਕੱਠੇ ਹੋ ਜਾਣ। ਹਮਲਾਵਰਾਂ ਤੋਂ ਬਚਣ ਲਈ ਅਤੇ ਉਨ੍ਹਾਂ ਦਾ ਮੁਕਾਬਲਾ ਕਰਨ ਲਈ ਸਿੱਖਾਂ ਨੇ ਪਿੰਡ ਦੀਆਂ ਦੋ ਸਭ ਤੋਂ ਸੁਰੱਖਿਅਤ ਥਾਵਾਂ ਸੰਤ ਗੁਲਾਬ ਸਿੰਘ ਦੀ ਹਵੇਲੀ ਅਤੇ ਗੁਰਦੁਆਰੇ ਵਿਚ ਮੋਰਚੇ ਬਣਾ ਕੇ ਦੁਸ਼ਮਣ ਨੂੰ ਲਲਕਾਰਣ ਦਾ ਫੈਸਲਾ ਕੀਤਾ। ਪਿੰਡ ਦੇ ਸਾਰੇ ਸਿੱਖ ਆਪਣਾ ਕੀਮਤੀ ਸਾਮਾਨ, ਨਗਦੀ ਅਤੇ ਗਹਿਣੇ ਲੈ ਕੇ ਆਪਣੀਆਂ ਔਰਤਾਂ ਅਤੇ ਬਾਲ ਬੱਚਿਆਂ ਦੇ ਨਾਲ ਸੰਤ ਗੁਲਾਬ ਸਿੰਘ ਦੀ ਹਵੇਲੀ ਵੱਲ ਚੱਲ ਪਏ। ਉਨ੍ਹਾਂ 'ਚੋਂ ਕੁਝ ਹਥਿਆਰਬੰਦ ਸਿੱਖ ਹਵੇਲੀ ਦੇ ਕੋਲ ਹੀ ਬਣੇ ਪਿੰਡ ਦੇ ਗੁਰਦੁਆਰੇ ਅਤੇ ਬਾਕੀ ਗੁਲਾਬ ਸਿੰਘ ਦੀ ਹਵੇਲੀ ਵਿਚ ਦੁਸ਼ਮਣ ਦਾ ਮੁਕਾਬਲਾ ਕਰਨ ਲਈ ਮੋਰਚੇ 'ਤੇ ਡੱਟ ਗਏ।

9 ਮਾਰਚ ਨੂੰ ਸ਼ਾਮ ਵੇਲੇ ਪਿੰਡ ਥੋਹਾ ਖਾਲਸਾ ਤੇ ਸੈਂਕੜਿਆਂ ਦੀ ਤਾਦਾਦ ਵਿਚ ਕਬਾਇਲੀਆਂ, ਮੁਸਲਿਮ ਲੀਗੀਆਂ ਅਤੇ ਕੁਝ ਸਥਾਨਕ ਲੋਕਾਂ ਨੇ ਹਮਲਾ ਕਰ ਦਿੱਤਾ। ਅੱਗੋਂ ਮੋਰਚਿਆਂ 'ਤੇ ਡਟੇ ਪਿੰਡ ਦੇ ਸਰਦੇ-ਪੁਜਦੇ ਸਿੱਖ ਸਰਦਾਰਾਂ ਨੇ ਜਿਨ੍ਹਾਂ ਕੋਲ ਸ਼ਿਕਾਰ ਖੇਡਣ ਵਾਲੀਆਂ 5-6 ਰਾਈਫ਼ਲਾਂ ਅਤੇ ਕਾਰਤੂਸ ਸਨ, ਨਾਲ ਉਨ੍ਹਾਂ ਦਾ ਡੱਟ ਕੇ ਮੁਕਾਬਲਾ ਕੀਤਾ। 50-60 ਸਿੱਖਾਂ ਨੇ ਕਿਰਪਾਨਾਂ ਨਾਲ ਦੰਗਾਈਆਂ 'ਤੇ ਹਮਲਾ ਕੀਤਾ ਤੇ ਉਨ੍ਹਾਂ ਦੇ ਕਈ ਬੰਦੇ ਮਾਰ ਮੁਕਾਏ। ਲੜਾਈ ਕਰਦਿਆਂ ਇਕ ਸਿੱਖ ਪ੍ਰਤਾਪ ਸਿੰਘ ਧੀਰ ਦੀ ਲੱਤ ਟੁੱਟ ਗਈ। ਸਿੱਖਾਂ ਕੋਲ ਬੰਦੂਕਾਂ ਤੇ ਤਲਵਾਰਾਂ ਸਨ ਪਰ ਹਮਲਾਵਰਾਂ ਕੋਲ ਬਰਛੇ, ਡਾਂਗਾਂ ਤੇ ਸੋਟੇ ਸਨ ਤੇ ਨਾਲ ਮਿੱਟੀ ਦਾ ਤੇਲ ਵੀ, ਜਿਸ ਨਾਲ ਉਹ ਜਿਹੜੇ ਘਰ ਨੂੰ ਲੁੱਟਦੇ, ਉਸ ਨੂੰ ਅੱਗ ਲਾ ਦਿੰਦੇ। ਜੇ ਕੋਈ ਸਿੱਖ ਉਨ੍ਹਾਂ ਨੂੰ ਪਿੰਡ 'ਚ ਨਜ਼ਰੀਂ ਪੈਂਦਾ, ਉਸ ਨੂੰ ਵੀ ਮਾਰ ਦਿੰਦੇ। 9 ਮਾਰਚ ਨੂੰ ਜਦੋਂ ਸਿੱਖਾਂ ਨੇ ਹਮਲਾਵਰਾਂ ਦਾ ਡੱਟ ਕੇ ਮੁਕਾਬਲਾ ਕੀਤਾ, ਤਾਂ ਦੰਗਾਈ ਉਥੋਂ ਭੱਜ ਗਏ। ਇੰਝ ਦੁਸ਼ਮਣਾਂ ਦਾ ਮੁਕਾਬਲਾ ਕਰਦਿਆਂ 9 ਮਾਰਚ ਦਾ ਦਿਨ ਲੰਘ ਗਿਆ ਤੇ 10 ਮਾਰਚ ਦਾ ਦਿਨ ਚੜ੍ਹ ਗਿਆ। ਸਿੱਖਾਂ ਨੂੰ ਪਤਾ ਸੀ ਕਿ ਦੰਗਾਈ ਉਨ੍ਹਾਂ 'ਤੇ ਫਿਰ ਹਮਲਾ ਕਰਨਗੇ, ਇਸ ਲਈ ਸਾਰੇ ਬਜ਼ੁਰਗ, ਔਰਤਾਂ, ਬੱਚੇ ਅਤੇ ਜਵਾਨ ਲੜਕੀਆਂ ਗੁਲਾਬ ਸਿੰਘ ਦੀ ਹਵੇਲੀ ਵਿਚ ਜਾਨ ਤਲੀ 'ਤੇ ਧਰ ਕੇ ਬੈਠੇ ਸਨ।

10 ਮਾਰਚ ਨੂੰ ਸ਼ਾਮ ਪੈਂਦਿਆਂ ਹੀ ਦੰਗਾਈਆਂ ਨੇ ਫਿਰ ਥੋਹਾ ਖਾਲਸਾ ਪਿੰਡ 'ਤੇ ਹਮਲਾ ਕੀਤਾ। ਧਾਰਮਿਕ ਨਾਹਰੇ ਮਾਰਦੇ ਕਬਾਇਲੀ ਤੇ ਸਥਾਨਕ ਲੋਕ ਜਿਨ੍ਹਾਂ ਵਿਚ ਪਿੰਡ ਦਾ ਇਕ ਸ਼ਖਸ ਗੁਲਾਮ ਰਸੂਲ ਵੀ ਸ਼ਾਮਲ ਸੀ, ਉਨ੍ਹਾਂ ਪਿੰਡ ਵਿਚ ਸਿੱਖਾਂ ਦੇ ਘਰਾਂ ਨੂੰ ਅੱਗਾਂ ਲਾਉਣੀਆਂ ਸ਼ੁਰੂ ਕਰ ਦਿੱਤੀਆਂ। ਥੋਹਾ ਖਾਲਸਾ ਦੇ ਬਹੁਤ ਸਾਰੇ ਜਵਾਨ ਸਿੰਘ ਸੈਂਕੜੇ ਦੀ ਤਾਦਾਦ ਵਿਚ ਆਏ ਦੰਗਾਈਆਂ ਨਾਲ ਲੜਦੇ ਸ਼ਹੀਦੀਆਂ ਪਾ ਗਏ।

ਅਗਲੇ ਦਿਨ 11 ਮਾਰਚ ਨੂੰ ਹਮਲਾਵਰ ਹਜ਼ਾਰਾਂ ਦੀ ਗਿਣਤੀ ਵਿਚ ਪੂਰੀ ਤਿਆਰੀ ਨਾਲ ਫਿਰ ਆਏ। ਦਿਨ ਦੇ ਕਰੀਬ 12-1 ਵਜੇ ਦਿਨੇ ਉਨ੍ਹਾਂ ਨੇ ਥੋਹਾ ਖਾਲਸਾ ਨੂੰ ਚਾਰੇ ਪਾਸੇ ਤੋਂ ਘੇਰਾ ਪਾ ਲਿਆ। ਸਿੱਖਾਂ ਨੇ ਖਤਮ ਹੁੰਦੇ ਆਪਣੇ ਅਸਲੇ ਤੇ ਸਾਥੀਆਂ ਦੀ ਵੱਡੀ ਗਿਣਤੀ ਵਿਚ ਹੋ ਰਹੀਆਂ ਸ਼ਹੀਦੀਆਂ ਨੂੰ ਦੇਖਦਿਆਂ ਪਿੰਡ ਦੇ ਸਾਬਕਾ ਫ਼ੌਜੀ ਸੰਤ ਸਿੰਘ ਬਿੰਦਰਾ ਜਿਨ੍ਹਾਂ ਦਾ ਘਰ ਪਿੰਡ ਦੇ ਬਾਹਰਵਾਰ ਬੱਸ ਅੱਡੇ ਲਾਗੇ ਸੀ, ਨੇ ਚਿੱਟਾ ਝੰਡਾ ਲਹਿਰਾ ਕੇ ਸੁਲਹ ਕਰਨ ਲਈ ਲੜਾਈ ਰੋਕਣ ਦਾ ਐਲਾਨ ਕੀਤਾ। ਦੋਵੇਂ ਪਾਸੇ ਤੋਂ ਗੋਲੀਬਾਰੀ ਬੰਦ ਹੋ ਗਈ ਤੇ ਕੁਝ ਹਮਲਾਵਰ ਹਵੇਲੀ ਅੰਦਰ ਆਏ, ਸਿੱਖਾਂ ਵਿਚੋਂ ਮੋਹਤਬਰ ਸਰਦਾਰਾਂ ਨੇ ਉਨ੍ਹਾਂ ਨਾਲ ਇਕ ਅਹਿਦਨਾਮਾ ਕੀਤਾ, ਜਿਸ ਵਿਚ ਹਮਲਾ ਨਾ ਕਰਨ ਬਦਲੇ ਉਹ ਉਨ੍ਹਾਂ ਨੂੰ 20000 ਰੁਪਏ ਨਗਦ, ਜਿੰਨੇ ਵੀ ਸਿੱਖਾਂ ਕੋਲ ਸੋਨੇ ਦੇ ਗਹਿਣੇ ਸਨ, ਦੇਣੇ ਕੀਤੇ ਅਤੇ ਨਾਲ ਹੀ ਇਹ ਵੀ ਕਿਹਾ ਕਿ ਉਹ ਪਿੰਡ ਵਿਚ ਸਿੱਖਾਂ ਦੇ ਘਰਾਂ ਦਾ ਸਾਮਾਨ ਵੀ ਲੈ ਕੇ ਜਾ ਸਕਦੇ ਹਨ ਪਰ ਬਦਲੇ 'ਚ ਉਹ ਕਿਸੇ ਸਿੱਖ ਦੀ ਧੀ-ਭੈਣ ਵੱਲ ਮਾੜੀ ਨਿਗਾਹ ਨਹੀਂ ਰੱਖਣਗੇ ਤੇ ਨਾ ਹੀ ਕਿਸੇ ਸਿੱਖ ਨੂੰ ਜਾਨੋਂ ਮਾਰਨਗੇ। ਪਰ ਉਨ੍ਹਾਂ ਨੇ ਸਿੱਖਾ ਨਾਲ ਧੋਖਾ ਕੀਤਾ। ਪੈਸੇ ਲੈ ਕੇ ਵੀ ਉਹ ਆਪਣੀ ਜ਼ੁਬਾਨ ਤੋਂ ਮੁਕਰ ਗਏ। ਉਨ੍ਹਾਂ ਪਿੰਡ ਦੇ ਹਰ ਘਰ ਨੂੰ ਰੀਝ ਨਾਲ ਲੁੱਟਿਆ ਅਤੇ ਜਾਂਦੇ-ਜਾਂਦੇ ਅੱਗਾਂ ਵੀ ਲਾ ਗਏ ਤੇ ਸਿੱਖਾਂ ਨੂੰ ਕਤਲ ਵੀ ਕਰ ਗਏ।

12 ਮਾਰਚ, 1947 ਥੋਹਾ ਖਾਲਸੇ ਦੇ ਸਿੱਖ ਪਰਿਵਾਰਾਂ ਲਈ ਕਹਿਰ ਦਾ ਦਿਨ ਸੀ। ਇਸ ਦਿਨ ਉਹ ਕੁਝ ਵਾਪਰ ਗਿਆ, ਜਿਸਦਾ ਕਿਸੇ ਤਸੱਵੁਰ ਵੀ ਨਹੀਂ ਕੀਤਾ ਹੋਣਾ। ਇੱਕ ਵਾਰ ਫਿਰ ਹਮਲਾਵਰਾਂ ਨੇ ਪਿੰਡ ਨੂੰ ਘੇਰਾ ਪਾ ਲਿਆ। ਬਹੁਤ ਸਾਰੇ ਸਿੰਘ ਦੰਗਾਈਆਂ ਦਾ ਮੁਕਾਬਲਾ ਕਰਦੇ ਸ਼ਹੀਦ ਹੋ ਚੁੱਕੇ ਸਨ। ਆਪਣੇ ਲੋਕਾਂ ਨੂੰ ਮਰਦੇ ਦੇਖ ਸਿੱਖ ਲੜਕੀਆਂ ਨੇ ਅਚਾਨਕ ਇਕ ਐਸਾ ਦਿਲ ਕੰਬਾਊ ਫੈਸਲਾ ਕੀਤਾ, ਜਿਸ ਨੂੰ ਸੁਣ ਕੇ ਰੂਹ ਕੰਬ ਜਾਂਦੀ। ਕਬਾਇਲੀਆਂ ਦੇ ਹੱਥੋਂ ਬੇਇੱਜ਼ਤ ਹੋਣ ਤੇ ਆਪਣੇ ਧਰਮ ਨਾਲੋਂ ਟੁੱਟਣ ਨਾਲੋਂ ਚੰਗਾ ਉਹ ਮੌਤ ਨੂੰ ਗਲੇ ਲਗਾ ਲੈਣ, ਇਹ ਸੋਚ ਕੇ ਉਨ੍ਹਾਂ ਆਪਣੇ ਪਰਿਵਾਰ ਦੇ ਮੁਖੀ ਸੰਤ ਰਾਜਾ ਸਿੰਘ ਬਿੰਦਰਾ ਨੂੰ ਇਹ ਬੇਨਤੀ ਕੀਤੀ ਕਿ ਉਹ ਉਨ੍ਹਾਂ ਨੂੰ ਜਾਨ ਤੋਂ ਮਾਰ ਦੇਣ ਕਿਉਂਕਿ ਉਹ ਆਪਣਾ ਧਰਮ ਨਹੀਂ ਛੱਡ ਸਕਦੀਆਂ। ਪਤਾ ਨਹੀਂ ਉਹ ਕੈਸੀ ਮਾਨਸਿਕ ਸਥਿਤੀ ਸੀ, ਜਿਸ ਵਿਚ ਸੰਤ ਰਾਜਾ ਸਿੰਘ ਨੇ ਆਪਣੇ ਦੋ ਹੋਰ ਸਹਿਯੋਗੀਆਂ ਅਵਤਾਰ ਸਿੰਘ ਬਿੰਦਰਾ ਅਤੇ ਹਰਬੰਸ ਸਿੰਘ ਬਿੰਦਰਾ ਨਾਲ ਮਿਲ ਕੇ ਆਪਣੇ ਹੀ ਪਰਿਵਾਰ ਦੀਆਂ ਇਕ-ਇਕ ਕਰਕੇ 25 ਜਵਾਨ ਲੜਕੀਆਂ ਸ਼ਹੀਦ ਕੀਤੀਆਂ। ਤੇ ਕਿਸੇ ਵੀ ਲੜਕੀ ਨੇ ਮੂੰਹੋਂ ਉਫ਼ ਤੱਕ ਨਹੀਂ ਕਿਹਾ। ਵਾਹਿਗੁਰੂ ਦਾ ਜਾਪ ਕਰਦੀਆਂ ਉਹ ਧੀਆਂ ਇਕ-ਇਕ ਕਰਕੇ ਆਪਣੇ ਸੀਸ ਕਲਮ ਕਰਵਾਉਂਦੀਆ ਗਈਆਂ, ਇਹ ਬਹੁਤ ਭਿਆਨਕ ਮੰਜ਼ਰ ਸੀ। ਅਖੀਰ ਵਿਚ ਸੰਤ ਰਾਜਾ ਸਿੰਘ ਬਿੰਦਰਾ ਤੇ ਉਨ੍ਹਾਂ ਦੇ ਦੋਵੇਂ ਸਹਿਯੋਗੀ ਵੀ ਦੁਸ਼ਮਣਾਂ ਨਾਲ ਲੜਦੇ ਸ਼ਹੀਦੀ ਪਾ ਗਏ। ਇਸ ਸਾਰੇ ਵਾਕਿਆ ਦਾ ਗਵਾਹ ਸੰਤ ਰਾਜਾ ਸਿੰਘ ਬਿੰਦਰਾ ਦਾ 16-17 ਸਾਲ ਦਾ ਪੁੱਤਰ ਵੀਰ ਬਹਾਦਰ ਸਿੰਘ ਸੀ, ਜਿਸ ਨੇ ਆਪਣੇ ਪਿਤਾ ਸੰਤ ਰਾਜਾ ਸਿੰਘ ਦੇ ਹੱਥੋਂ ਸਭ ਤੋਂ ਪਹਿਲਾਂ ਆਪਣੀ ਵੱਡੀ ਭੈਣ ਮਾਨ ਕੌਰ ਨੂੰ ਕੱਟਦੇ (ਸ਼ਹੀਦ ਹੁੰਦੇ) ਦੇਖਿਆ ਸੀ।

ਇਸ ਵਾਕਿਆ ਤੋਂ ਬਾਅਦ ਬਚੇ ਸਿੱਖ ਮਰਦ ਤੇ ਔਰਤਾਂ ਦੁਸ਼ਮਣ ਦੀ ਗ੍ਰਿਫ਼ਤ ਵਿਚ ਆ ਗਏ। ਉਨ੍ਹਾਂ ਹਮਲਾਵਰਾਂ ਨੂੰ ਕਿਹਾ ਕਿ ਪਹਿਲਾਂ ਉਹ ਪਾਣੀ ਪੀਣਾ ਚਾਹੁੰਦੇ, ਬਾਅਦ ਵਿਚ ਤੁਸੀਂ ਸਾਡੇ ਨਾਲ ਜੋ ਕਰਨਾ, ਸੋ ਕਰ ਲਿਓ। ਸਾਰੇ ਸਿੱਖ ਜਿਨ੍ਹਾਂ ਵਿਚ ਮਰਦ, ਔਰਤਾਂ ਤੇ ਬੱਚੇ ਸ਼ਾਮਲ ਸਨ, ਗੁਲਾਬ ਸਿੰਘ ਦੀ ਹਵੇਲੀ ਦੇ ਪਾਸ ਹੀ ਖੂਹ 'ਤੇ ਪਾਣੀ ਪੀਣ ਪਹੁੰਚ ਗਏ। ਔਰਤਾਂ ਖੂਹ ਦੁਆਲੇ ਬਣੀ ਪੱਕੀ ਪਟਰੀ 'ਤੇ ਬੈਠ ਗਈਆਂ ਤੇ ਸਾਰੇ ਮਰਦ ਹੇਠਾਂ ਘਾਹ 'ਤੇ ਬੈਠ ਗਏ। ਖੂਹ ਦੇ ਦੁਆਲੇ ਬੈਠੀਆਂ ਔਰਤਾਂ ਜਿਨ੍ਹਾਂ ਦੇ ਨਾਲ ਉਨ੍ਹਾਂ ਦੇ ਬੱਚੇ ਵੀ ਸਨ, ਸਾਰਿਆਂ ਨੇ ਜਪੁਜੀ ਸਾਹਿਬ ਦਾ ਪਾਠ ਕੀਤਾ। ਉਪਰੰਤ ਗੁਲਾਬ ਸਿੰਘ ਦੀ ਪਤਨੀ ਭਾਗ ਕੌਰ ਨੇ ਅਰਦਾਸ ਕੀਤੀ ਅਤੇ ਕਿਹਾ ਕਿ ਹੇ ਸੱਚੇ ਪਾਤਿਸ਼ਾਹ ਧੰਨ ਗੁਰੂ ਗੋਬਿੰਦ ਸਿੰਘ ਸਾਹਿਬ ਜੀ, ਜਦ ਤੱਕ ਅਸੀਂ ਜਿੰਦਾ ਰਹੇ ਖਾਲਸਾ ਪੰਥ ਦੀ ਆਣ-ਬਾਣ ਸ਼ਾਨ ਨੂੰ ਕਾਇਮ ਰੱਖਿਆ ਹੈ, ਸਿੱਖੀ ਨੂੰ ਵੱਟਾ ਨਹੀਂ ਲੱਗਣ ਦਿੱਤਾ। ਹੁਣ ਸਾਡੀ ਸਿੱਖੀ ਖਤਰੇ ਵਿਚ ਹੈ, ਇਸ ਲਈ ਅਸੀਂ ਖੂਹ ਵਿਚ ਛਾਲਾਂ ਮਾਰ ਕੇ ਆਪਾ ਕੁਰਬਾਨ ਕਰਨ ਲੱਗੀਆਂ ਹਾਂ, ਸਾਨੂੰ ਆਗਿਆ ਬਖਸ਼ੋ। ਸਭ ਨੇ 'ਬੋਲੇ ਸੋ ਨਿਹਾਲ' ਦੇ ਜੈਕਾਰੇ ਲਗਾਏ ਤੇ ਇਕ-ਇਕ ਕਰਕੇ ਸਿੱਖ ਔਰਤਾਂ ਗੋਦ ਚੁੱਕੇ ਬਾਲਾਂ ਸਣੇ ਖੂਹ ਵਿਚ ਛਾਲਾਂ ਮਾਰਨ ਲੱਗੀਆਂ। ਅਖੀਰ ਵਿਚ ਖੂਹ ਵਿਚ ਛਾਲ ਮਾਰਨ ਵਾਲੀ ਔਰਤ ਬਸੰਤ ਕੌਰ ਸੀ, ਜਿਸ ਨੇ ਪਹਿਲਾਂ ਆਪਣੇ 6 ਬੱਚੇ ਖੂਹ 'ਚ ਸੁੱਟੇ ਤੇ ਫ਼ਿਰ ਆਪ ਛਾਲ ਮਾਰੀ ਪਰ ਤੱਦ ਤੱਕ ਖੂਹ ਉਪਰ ਤੱਕ ਲਾਸ਼ਾਂ ਨਾਲ ਭਰ ਚੁੱਕਾ ਸੀ। ਬਸੰਤ ਕੌਰ ਦੇ 6 ਬੱਚੇ ਖੂਹ 'ਚ ਡੁੱਬ ਚੁੱਕੇ ਸਨ ਪਰ ਬਸੰਤ ਕੌਰ ਪਾਣੀ ਘੱਟ ਹੋਣ ਕਾਰਣ ਖੂਹ 'ਚ ਡੁੱਬ ਨਾ ਸਕੀ। ਇਸ ਭਿਆਨਕ ਮੰਜ਼ਰ ਨੂੰ ਦੇਖ ਕੇ ਮੁਸਲਿਮ ਹਮਲਾਵਰ ਡਰ ਕੇ ਭੱਜ ਗਏ। ਕੁਝ ਰਹਿਮ ਦਿਲ ਆਸਪਾਸ ਦੇ ਮੁਸਲਮਾਨਾਂ ਨੇ ਗੁਲਾਬ ਕੌਰ ਤੇ ਹੋਰ ਲੜਕੀਆਂ ਤੇ ਬੱਚਿਆਂ ਨੂੰ ਖੂਹ 'ਚੋਂ ਕੱਢ ਲਿਆ, ਜੋ ਅਜੇ ਜ਼ਿੰਦਾਂ ਸਨ। ਖੂਹ ਵਿਚ ਡੁੱਬ ਕੇ ਲਗਭਗ 85 ਤੋਂ ਜ਼ਿਆਦਾ ਔਰਤਾਂ ਨੇ ਆਪਣੀਆਂ ਜਾਨਾਂ ਕੁਰਬਾਨ ਕੀਤੀਆਂ। ਇਸ ਤਰ੍ਹਾਂ ਥੋਹਾ ਖਾਲਸਾ ਦੇ ਸਿੱਖਾਂ ਨੇ ਆਪਣੀਆਂ ਜਾਨਾਂ ਤਾਂ ਕੁਰਬਾਨ ਕਰ ਦਿੱਤੀਆਂ ਪਰ ਦੁਸ਼ਮਣਾਂ ਦੀ ਈਨ ਨਹੀਂ ਮੰਨੀ। ਅਗਲੇ ਦਿਨ 13 ਮਾਰਚ ਨੂੰ ਬ੍ਰਿਟਿਸ਼ ਮਿਲਟਰੀ ਪਿੰਡ ਥੋਹਾ ਖਾਲਸਾ 'ਚ ਆ ਗਈ ਤੇ ਉਨ੍ਹਾਂ ਬਚੇ ਸਿੱਖਾਂ ਨੂੰ ਓਥੋਂ ਸੁਰੱਖਿਅਤ ਕੱਢ ਰਾਵਲਪਿੰਡੀ ਨੇੜੇ ਰਵਾਤ ਕੈਂਪ ਭੇਜ ਦਿੱਤਾ, ਜਿਥੋਂ ਉਹ ਸਾਰੇ ਕਈ ਮੁਸੀਬਤਾਂ ਦਾ ਸਾਹਮਣਾ ਕਰਦੇ ਘਰ-ਬਾਰ, ਰੁਪਿਆ ਨਗਦੀ ਤੇ ਆਪਣੇ ਪਿਆਰੇ, ਆਪਣੇ ਸਕੇ-ਸੰਬੰਧੀਆਂ ਨੂੰ ਗਵਾ ਖਾਲੀ ਹੱਥ ਭਾਰਤ ਪਹੁੰਚ ਗਏ।

# ਮਨੁੱਖਤਾ ਦੇ ਜ਼ਖਮਾਂ ਦੀ ਅਣਸੁਣੀ ਕਹਾਣੀ: ਜੰਗ

-ਡਾ. ਅਮਰਜੀਤ ਟਾਂਡਾ
ਅੰਤਰਰਾਸ਼ਟਰੀ ਪੱਧਰ ਦੇ ਪ੍ਰਸਿੱਧ
ਕੀਟ ਵਿਗਿਆਨੀ ਦੇ ਖੇਤੀ ਮਾਹਰ
ਸੰਪਰਕ+61 412913021
ਪੰਜਾਬ ਮੇਲ USA



ਜੰਗ ਵਿਚ ਦੁੱਧ ਚੁੰਘਦੀਆਂ ਰੂਹਾਂ ਮਮਤਾ ਸਮੇਤ ਸੌਂ ਜਾਂਦੀਆਂ ਹਨ।

ਮਹਿੰਦੀਆਂ ਖੁਰ ਜਾਂਦੀਆਂ ਹਨ,

ਸੁਹਾਗ ਉੱਜੜ ਜਾਂਦੇ ਹਨ, ਮਿਜ਼ਾਈਲਾਂ ਦੇ ਸ਼ੋਰ ਵਿਚ।

ਜੰਗ ਕਦੇ ਵੀ ਸਿਰਫ਼ ਸਰਹੱਦਾਂ ਦਾ ਟਕਰਾਅ ਨਹੀਂ ਹੁੰਦੀ, ਇਹ ਮਨੁੱਖਤਾ ਦੇ ਅੰਦਰਲੇ ਸੰਘਰਸ਼ ਦੀ ਉੱਚੀ ਆਵਾਜ਼ ਹੁੰਦੀ ਹੈ।

ਜਦੋਂ ਜੰਗ ਦੀਆਂ ਅੱਗਾਂ ਭੜਕਦੀਆਂ ਹਨ, ਤਾਂ ਸਿਰਫ਼ ਮਿਜ਼ਾਈਲਾਂ ਨਹੀਂ ਉੱਡਦੀਆਂ, ਸਗੋਂ ਮਨੁੱਖੀ ਖ਼ੁਆਬ, ਮਾਸੂਮ ਮੁਸਕਾਨਾਂ ਅਤੇ ਆਉਣ ਵਾਲੀਆਂ ਪੀੜ੍ਹੀਆਂ ਦੀਆਂ ਆਸਾਂ ਵੀ ਰਾਖ ਬਣ ਜਾਂਦੀਆਂ ਹਨ।

ਜੰਗ ਦੀਆਂ ਧੁਨੀਆਂ ਵਿਚ ਤੋਪਾਂ ਦੀ ਗੜਗੜਾਹਟ ਹੁੰਦੀ ਹੈ, ਪਰ ਉਸਦੇ ਅੰਦਰ ਲੁਕਿਆ ਹੁੰਦਾ ਹੈ ਮਾਵਾਂ ਦਾ ਵਿਰਲਾਪ, ਬੱਚਿਆਂ ਦੀ ਡਰ ਨਾਲ ਕੰਬਦੀ ਰੂਹ ਅਤੇ ਮਨੁੱਖਤਾ ਦੀ ਹਾਰ।

ਇਤਿਹਾਸ ਸਾਨੂੰ ਵਾਰ-ਵਾਰ ਇਹ ਦੱਸਦਾ ਹੈ ਕਿ ਜੰਗਾਂ ਨੇ ਕਦੇ ਵੀ ਸਥਾਈ ਜਿੱਤ ਨਹੀਂ ਦਿੱਤੀ। ਸਾਮਰਾਜ ਬਣੇ, ਡਿੱਗੇ, ਪਰ ਮਨੁੱਖਤਾ ਦੀ ਹਾਨੀ ਦਾ ਹਿਸਾਬ ਕਦੇ ਨਹੀਂ ਲੱਗ ਸਕਿਆ।

ਜਦੋਂ ਵੀ ਕਿਸੇ ਰਾਜੇ ਜਾਂ ਹਾਕਮ ਨੇ ਤਾਕਤ ਦੀ ਲਾਲਸਾ ਵਿਚ ਜੰਗ ਛੇੜੀ, ਉਸਦੀ ਕੀਮਤ ਆਮ ਲੋਕਾਂ ਨੇ ਆਪਣੇ ਲਹੂ ਨਾਲ ਚੁਕਾਈ।

ਇਤਿਹਾਸ ਦੇ ਪੰਨਿਆਂ ਵਿਚ ਲਿਖੀਆਂ ਜੰਗਾਂ ਸਿਰਫ਼ ਤਰੀਕਾਂ ਨਹੀਂ, ਉਹ ਦਰਦ ਦੀਆਂ ਲਕੀਰਾਂ ਹਨ, ਜੋ ਮਨੁੱਖੀ ਚਿਹਰੇ 'ਤੇ ਅੱਜ ਵੀ ਸਪੱਸ਼ਟ ਹਨ।

ਦਾਰਸ਼ਨਿਕ ਤੌਰ 'ਤੇ ਵੇਖੀਏ ਤਾਂ ਮਨੁੱਖ ਦੇ ਅੰਦਰਲੇ ਡਰ ਅਤੇ ਅਹੰਕਾਰ ਦੀ ਪੈਦਾਵਾਰ ਹੁੰਦੀ ਹੈ ਜੰਗ। ਜਦੋਂ ਸੰਵਾਦ ਦੀਆਂ ਰਾਹਾਂ ਬੰਦ ਹੋ ਜਾਂਦੀਆਂ ਹਨ, ਤਦ ਜੰਗ ਦੀਆਂ ਖਿੜਕੀਆਂ ਖੁੱਲ੍ਹ ਜਾਂਦੀਆਂ ਹਨ।


ਜੰਗ ਦਰਅਸਲ ਮਨੁੱਖੀ ਅਸਹਿਣਸ਼ੀਲਤਾ ਦਾ ਸਭ ਤੋਂ ਵੱਡਾ ਪ੍ਰਤੀਕ ਹੁੰਦੀ ਹੈ। ਇਹ ਸਾਨੂੰ ਸਿਖਾਉਂਦੀ ਹੈ ਕਿ ਜਿੱਥੇ ਅਹੰਕਾਰ ਹੁੰਦਾ ਹੈ, ਉੱਥੇ ਸ਼ਾਂਤੀ ਲੰਮਾ ਸਮਾਂ ਨਹੀਂ ਟਿਕਦੀ।

ਭਾਵਨਾਤਮਕ ਪੱਖੋਂ ਜੰਗ ਸਭ ਤੋਂ ਵੱਡੀ ਮਨੁੱਖੀ ਤ੍ਰਾਸਦੀ ਹੁੰਦੀ ਹੈ। ਜੰਗ ਦੇ ਮੈਦਾਨ ਵਿਚ ਜਿੱਤਣ ਵਾਲਾ ਵੀ ਹਾਰਦਾ ਹੈ ਅਤੇ ਹਾਰਨ ਵਾਲਾ ਵੀ। ਜਿੱਤਣ ਵਾਲਾ ਆਪਣੇ ਸਿਪਾਹੀਆਂ ਦੀਆਂ ਲਾਸ਼ਾਂ ਵੇਖਦਾ ਹੈ ਅਤੇ ਹਾਰਨ ਵਾਲਾ ਆਪਣਾ ਘਰ-ਪਰਿਵਾਰ ਗੁਆ ਬੈਠਦਾ ਹੈ।

ਜੰਗ ਵਿਚ ਕੋਈ ਵੀ ਪੂਰੀ ਤਰ੍ਹਾਂ ਨਹੀਂ ਜਿੱਤਦਾ। ਮਨੁੱਖਤਾ ਪੈਰ-ਪੈਰ 'ਤੇ ਸਦਾ ਹਮੇਸ਼ਾ ਹਾਰਦੀ ਹੈ।

ਸਮਕਾਲੀ ਸੰਸਾਰ ਵਿਚ ਜੰਗ ਦਾ ਰੂਪ ਹੋਰ ਵੀ ਖ਼ਤਰਨਾਕ ਹੋ ਗਿਆ ਹੈ। ਹੁਣ ਜੰਗ ਸਿਰਫ਼ ਮੈਦਾਨਾਂ ਵਿਚ ਨਹੀਂ ਹੁੰਦੀ, ਸਗੋਂ ਆਰਥਿਕਤਾ, ਜਾਣਕਾਰੀ ਅਤੇ ਤਕਨਾਲੋਜੀ ਦੇ ਮੋਰਚਿਆਂ 'ਤੇ ਵੀ ਲੜੀ ਜਾ ਰਹੀ ਹੈ।

ਆਧੁਨਿਕ ਜੰਗਾਂ ਵਿਚ ਸਿਰਫ਼ ਗੋਲੀਆਂ ਹੀ ਨਹੀਂ, ਸਗੋਂ ਝੂਠੀਆਂ ਖ਼ਬਰਾਂ, ਆਰਥਿਕ ਪਾਬੰਦੀਆਂ ਅਤੇ ਡਰ ਦਾ ਮਾਹੌਲ ਵੀ ਹਥਿਆਰ ਬਣ ਗਏ ਹਨ।



ਇਹ ਜੰਗਾਂ ਮਨੁੱਖ ਦੇ ਮਨ ਨੂੰ ਵੀ ਜ਼ਖ਼ਮੀ ਕਰਦੀਆਂ ਹਨ। ਪਰ ਇਸ ਸਭ ਦੇ ਬਾਵਜੂਦ ਇੱਕ ਸੱਚ ਹਮੇਸ਼ਾ ਕਾਇਮ ਰਹਿੰਦਾ ਹੈ — ਜੰਗ ਦੇ ਬਾਅਦ ਵੀ ਮਨੁੱਖਤਾ ਸ਼ਾਂਤੀ ਦੀ ਖੋਜ ਕਰਦੀ ਰਹਿੰਦੀ ਹੈ। ਹਰ ਤਬਾਹੀ ਤੋਂ ਬਾਅਦ ਮਨੁੱਖ ਫਿਰ ਘਰ ਬਣਾਉਂਦਾ ਹੈ, ਫਿਰ ਰਿਸ਼ਤੇ ਜੋੜਦਾ ਹੈ ਅਤੇ ਫਿਰ ਸ਼ਾਂਤੀ ਦੀ ਅਰਦਾਸ ਕਰਦਾ ਨਜ਼ਮ ਲਿਖਦਾ ਹੈ। ਇਹ ਮਨੁੱਖੀ ਆਸ ਦੀ ਸਭ ਤੋਂ ਵੱਡੀ ਨਿਸ਼ਾਨੀ ਵਰਗੀ ਹੁੰਦੀ ਹੈ।

ਅਸਲ ਵਿਚ ਜੰਗ ਮਨੁੱਖਤਾ ਦੀ ਅਸਫਲਤਾ ਹੈ ਅਤੇ ਸ਼ਾਂਤੀ ਉਸਦੀ ਸਭ ਤੋਂ ਵੱਡੀ ਜਿੱਤ ਹੁੰਦੀ। ਜਦੋਂ ਦੁਨੀਆਂ ਇਹ ਸਮਝ ਲਵੇਗੀ ਕਿ ਤਾਕਤ ਦਾ ਅਸਲ ਮਤਲਬ ਤਬਾਹੀ ਨਹੀਂ, ਸਗੋਂ ਸਹਿਣਸ਼ੀਲਤਾ ਹੈ, ਤਦੋਂ ਸ਼ਾਇਦ ਜੰਗਾਂ ਦੀਆਂ ਅੱਗਾਂ ਠੰਢੀਆਂ ਹੋਣੀਆਂ ਸ਼ੁਰੂ ਹੋਣ।

ਜੰਗ ਵਿਚ ਕੋਈ ਨਹੀਂ ਪੁੱਛਦਾ ਬੱਚਿਆਂ ਦੇ ਟੁੱਟੇ ਹੋਏ ਖਿਡੌਣਿਆਂ ਨੂੰ, ਭੈਣਾਂ ਦੀਆਂ ਅਸੀਸਾਂ ਦਰਾਂ 'ਤੇ ਰੁਲ ਜਾਂਦੀਆਂ ਹਨ, ਜਦੋਂ ਬਲਾਸਟਿਕ ਮਿਜ਼ਾਈਲਾਂ ਉੱਡਦੀਆਂ ਹਨ ਕਿਸੇ ਦੇ ਸੁਪਨਿਆਂ ਨੂੰ ਰਾਖ ਕਰਨ।

ਜੰਗ ਵਿਚ ਮਾਵਾਂ ਦੀਆਂ ਲੋਰੀਆਂ, ਲਾਡਾਂ ਦੀਆਂ ਗਲਵੱਕੜੀਆਂ ਵਿਚ ਹੀ ਖੁਰ ਕੇ ਮਰ ਮਿਟ ਜਾਂਦੀਆਂ ਹਨ। ਜੰਗ ਦੀਆਂ ਅੱਗਾਂ ਹਮੇਸ਼ਾ ਹਨ੍ਹੇਰਾ ਹੀ ਵਿਛਾਉਂਦੀਆਂ, ਲਿਆਉਂਦੀਆਂ, ਵਿਖਾਉਂਦੀਆਂ ਹਨ, ਪਰ ਮਨੁੱਖਤਾ ਦੀ ਆਸ ਹਮੇਸ਼ਾਂ ਸੂਰਜ ਵਾਂਗ ਫ਼ਿਰ ਉਗਦੀ ਹੈ।

ਸ਼ਾਇਦ ਇਹੀ ਮਨੁੱਖੀ ਇਤਿਹਾਸ ਦਾ ਸਭ ਤੋਂ ਸੁੰਦਰ ਸੱਚ ਹੁੰਦਾ ਹੈ — ਕਿ ਜੰਗਾਂ ਦੇ ਬਾਵਜੂਦ ਵੀ ਮਨੁੱਖਤਾ ਜਿਉਂਦੀ ਰਹਿੰਦੀ ਹੈ ਅਤੇ ਸ਼ਾਂਤੀ ਦਾ ਸੁਪਨਾ ਕਦੇ ਨਹੀਂ ਮਰਦਾ।

# ਡਿਜ਼ੀਟਲ ਡਸਟ : ਸਾਡੀ ਆਨਲਾਈਨ ਜ਼ਿੰਦਗੀ ਦਾ ਅਣਦੇਖਿਆ ਪਰਛਾਵਾਂ

ਡਾ. ਵਿਜੈ ਗਰਗ
ਸੇਵਾਮੁਕਤ ਪ੍ਰਿੰਸੀਪਲ ਕਾਲਮਨਵੀਸ, ਉੱਘੇ
ਸਿੱਖਿਆ ਸ਼ਾਸਤਰੀ ਗਲੀ ਕੌਰ ਚੰਦ
ਐੱਮ.ਐੱਚ.ਆਰ. ਮਲੋਟ ਪੰਜਾਬ
ਪੰਜਾਬ ਮੇਲ USA



ਅੱਜ ਦੇ ਡਿਜੀਟਲ ਯੁੱਗ ਵਿਚ, ਅਸੀਂ ਸਾਰੇ ਇੱਕ ਅਜਿਹੀ ਦੁਨੀਆਂ ਵਿਚ ਜੀਅ ਰਹੇ ਹਾਂ, ਜਿੱਥੇ ਸਾਡਾ ਹਰ ਕਦਮ, ਹਰ ਕਲਿੱਕ ਅਤੇ ਹਰ ਪਸੰਦ ਇੱਕ ਨਿਸ਼ਾਨ ਛੱਡ ਜਾਂਦੀ ਹੈ। ਇਸ ਨੂੰ ਅਕਸਰ 'ਡਿਜ਼ੀਟਲ ਡਸਟ' ਜਾਂ 'ਡਿਜ਼ੀਟਲ ਫੁੱਟਪ੍ਰਿੰਟ' ਕਿਹਾ ਜਾਂਦਾ ਹੈ। ਜਿਵੇਂ ਘਰ ਵਿਚ ਜੰਮੀ ਧੂੜ ਸਾਨੂੰ ਪਤਾ ਨਹੀਂ ਲੱਗਣ ਦਿੰਦੀ ਪਰ ਹੌਲੀ-ਹੌਲੀ ਇਕੱਠੀ ਹੁੰਦੀ ਰਹਿੰਦੀ ਹੈ, ਉਵੇਂ ਹੀ ਇੰਟਰਨੈੱਟ 'ਤੇ ਸਾਡੀ ਗਤੀਵਿਧੀ ਇੱਕ ਵਿਸ਼ਾਲ ਡੇਟਾ ਦਾ ਭੰਡਾਰ ਬਣ ਜਾਂਦੀ ਹੈ।

ਡਿਜ਼ੀਟਲ ਡਸਟ ਕੀ ਹੈ?

ਸਰਲ ਸ਼ਬਦਾਂ ਵਿਚ, ਜਦੋਂ ਵੀ ਤੁਸੀਂ ਇੰਟਰਨੈੱਟ ਦੀ ਵਰਤੋਂ ਕਰਦੇ ਹੋ, ਤੁਸੀਂ ਆਪਣੇ ਬਾਰੇ ਕੁਝ ਨਾ ਕੁਝ ਜਾਣਕਾਰੀ ਪਿੱਛੇ ਛੱਡ ਜਾਂਦੇ ਹੋ। ਇਸ ਵਿਚ ਸ਼ਾਮਲ ਹਨ:

- **ਸੋਸ਼ਲ ਮੀਡੀਆ ਪੋਸਟਾਂ ਅਤੇ ਟਿੱਪਣੀਆਂ**: ਜੋ ਤੁਸੀਂ ਪਸੰਦ ਕਰਦੇ ਹੋ ਜਾਂ ਸਾਂਝਾ ਕਰਦੇ ਹੋ।
- **ਸਰਚ ਹਿਸਟਰੀ**: ਜੋ ਤੁਸੀਂ ਗੂਗਲ ਜਾਂ ਹੋਰ ਪਲੇਟਫਾਰਮਾਂ 'ਤੇ ਖੋਜਦੇ ਹੋ।
- **ਆਨਲਾਈਨ ਖਰੀਦਦਾਰੀ**: ਤੁਹਾਡੀਆਂ ਪਸੰਦਾਂ ਅਤੇ ਖਰੀਦਣ ਦੇ ਆਦਤਾਂ।
- **ਲੋਕੇਸ਼ਨ ਡੇਟਾ**: ਤੁਹਾਡਾ ਫ਼ੋਨ ਕਿੱਥੇ-ਕਿੱਥੇ ਜਾਂਦਾ ਹੈ।

**ਇਹ ਕਿਉਂ ਮਾਇਨੇ ਰੱਖਦਾ ਹੈ?**

ਕਈ ਵਾਰ ਸਾਨੂੰ ਲੱਗਦਾ ਹੈ ਕਿ ਇਹ ਸਿਰਫ਼ ਇੱਕ ਛੋਟੀ ਜਿਹੀ ਜਾਣਕਾਰੀ ਹੈ, ਪਰ ਅਸਲ ਵਿਚ ਇਹ ਬਹੁਤ ਪ੍ਰਭਾਵਸ਼ਾਲੀ ਹੈ:

**ਪ੍ਰਾਈਵੇਸੀ** : ਤੁਹਾਡਾ ਇਹ ਡੇਟਾ ਕੰਪਨੀਆਂ ਦੁਆਰਾ ਤੁਹਾਡੇ ਵਿਵਹਾਰ ਨੂੰ ਸਮਝਣ ਅਤੇ ਤੁਹਾਨੂੰ ਇਸ਼ਤਿਹਾਰ ਦਿਖਾਉਣ ਲਈ ਵਰਤਿਆ ਜਾਂਦਾ ਹੈ।

**ਸੁਰੱਖਿਆ**: ਜੇ ਇਹ ਡੇਟਾ ਗਲਤ ਹੱਥਾਂ ਵਿਚ ਚਲਾ ਜਾਵੇ, ਤਾਂ ਇਸਦੀ ਵਰਤੋਂ ਪਛਾਣ ਚੋਰੀ ਜਾਂ ਸਾਈਬਰ ਧੋਖਾਧੜੀ ਲਈ ਕੀਤੀ ਜਾ ਸਕਦੀ ਹੈ।

**ਡਿਜ਼ੀਟਲ ਵਿਰਾਸਤ**: ਭਵਿੱਖ ਵਿਚ, ਸਾਡਾ ਇਹ ਡਿਜ਼ੀਟਲ ਇਤਿਹਾਸ ਹੀ ਸਾਡੀ ਪਛਾਣ ਬਣ ਸਕਦਾ ਹੈ।

**ਆਪਣੀ ਡਿਜੀਟਲ ਸਫਾਈ ਕਿਵੇਂ ਕਰੀਏ?**

ਜਿਵੇਂ ਅਸੀਂ ਆਪਣੇ ਘਰ ਦੀ ਸਫਾਈ ਕਰਦੇ ਹਾਂ, ਉਵੇਂ ਹੀ ਸਾਨੂੰ ਆਪਣੀ ਡਿਜ਼ੀਟਲ ਮੌਜੂਦਗੀ ਦੀ ਵੀ ਦੇਖਭਾਲ ਕਰਨੀ ਚਾਹੀਦੀ ਹੈ:

**ਅਣਵਰਤੇ ਖਾਤਿਆਂ ਨੂੰ ਡਿਲੀਟ ਕਰੋ**: ਉਹ ਸੋਸ਼ਲ ਮੀਡੀਆ ਜਾਂ ਐਪਸ ਜੋ ਤੁਸੀਂ ਹੁਣ ਨਹੀਂ ਵਰਤਦੇ, ਉਨ੍ਹਾਂ ਨੂੰ ਬੰਦ ਕਰ ਦਿਓ।

**ਪ੍ਰਾਈਵੇਸੀ ਸੈਟਿੰਗਜ਼ ਚੈੱਕ ਕਰੋ**: ਨਿਯਮਿਤ ਤੌਰ 'ਤੇ ਆਪਣੇ ਸੋਸ਼ਲ ਮੀਡੀਆ ਖਾਤਿਆਂ ਦੀਆਂ ਗੋਪਨੀਯਤਾ ਸੈਟਿੰਗਾਂ ਨੂੰ ਦੇਖੋ।

**ਬ੍ਰਾਊਜ਼ਰ ਹਿਸਟਰੀ ਸਾਫ਼ ਕਰੋ**: ਸਮੇਂ-ਸਮੇਂ 'ਤੇ ਆਪਣੀ ਕੁਕੀਜ਼ ਅਤੇ ਸਰਚ ਹਿਸਟਰੀ ਨੂੰ ਕਲੀਅਰ ਕਰੋ।

**ਸਾਵਧਾਨੀ ਨਾਲ ਸ਼ੇਅਰ ਕਰੋ**: ਕੁਝ ਵੀ ਪੋਸਟ ਕਰਨ ਤੋਂ ਪਹਿਲਾਂ ਸੋਚੋ ਕਿ ਕੀ ਇਹ ਜਾਣਕਾਰੀ ਜਨਤਕ ਹੋਣੀ ਚਾਹੀਦੀ ਹੈ।

ਅੱਜ ਦੇ ਡਿਜ਼ੀਟਲ ਯੁੱਗ ਵਿਚ ਮਨੁੱਖ ਦੀ ਜ਼ਿੰਦਗੀ ਆਨਲਾਈਨ ਦੁਨੀਆਂ ਨਾਲ ਗੂੜ੍ਹੇ ਤੌਰ 'ਤੇ ਜੁੜ ਚੁੱਕੀ ਹੈ। ਅਸੀਂ ਸਵੇਰੇ ਉੱਠਣ ਤੋਂ ਲੈ ਕੇ ਰਾਤ ਸੌਣ ਤੱਕ ਮੋਬਾਈਲ, ਕੰਪਿਊਟਰ ਅਤੇ ਇੰਟਰਨੈੱਟ ਦੀ ਵਰਤੋਂ ਕਰਦੇ ਹਾਂ। ਇਸ ਆਨਲਾਈਨ ਸਰਗਰਮੀ ਦੇ ਦੌਰਾਨ ਅਸੀਂ ਜੋ ਵੀ ਜਾਣਕਾਰੀ ਛੱਡਦੇ ਹਾਂ, ਉਸਨੂੰ "ਡਿਜ਼ੀਟਲ ਡਸਟ" ਕਿਹਾ ਜਾਂਦਾ ਹੈ। ਇਹ ਡਸਟ ਸਾਡੇ ਡਿਜ਼ੀਟਲ ਪੈਰਾਂ ਦੇ ਨਿਸ਼ਾਨ ਹਨ, ਜੋ ਸਾਡੀ ਪਹਿਚਾਣ ਅਤੇ ਆਦਤਾਂ ਬਾਰੇ ਕਾਫੀ ਕੁਝ ਦੱਸਦੇ ਹਨ।

ਡਿਜ਼ੀਟਲ ਡਸਟ ਵਿਚ ਸਾਡੇ ਸੋਸ਼ਲ ਮੀਡੀਆ ਪੋਸਟ, ਲਾਈਕ, ਕਮੈਂਟ, ਸਰਚ ਹਿਸਟਰੀ, ਈਮੇਲ ਅਤੇ ਆਨਲਾਈਨ ਖਰੀਦਦਾਰੀ ਦੀ ਜਾਣਕਾਰੀ ਸ਼ਾਮਲ ਹੁੰਦੀ ਹੈ। ਅਸੀਂ ਅਕਸਰ ਇਸ ਗੱਲ ਨੂੰ ਨਜ਼ਰਅੰਦਾਜ਼ ਕਰ ਦਿੰਦੇ ਹਾਂ ਕਿ ਇਹ ਛੋਟੇ-ਛੋਟੇ ਡਾਟਾ ਦੇ ਟੁਕੜੇ ਮਿਲ ਕੇ ਸਾਡੇ ਬਾਰੇ ਇੱਕ ਪੂਰੀ ਤਸਵੀਰ ਤਿਆਰ ਕਰ ਸਕਦੇ ਹਨ। ਕੰਪਨੀਆਂ ਅਤੇ ਵੈੱਬਸਾਈਟਾਂ ਇਸ ਜਾਣਕਾਰੀ ਨੂੰ ਵਰਤ ਕੇ ਸਾਨੂੰ ਨਿਸ਼ਾਨਾ ਬਣਾਉਂਦੀਆਂ ਹਨ ਅਤੇ ਸਾਡੇ ਲਈ ਖਾਸ ਵਿਗਿਆਪਨ ਤਿਆਰ ਕਰਦੀਆਂ ਹਨ।

ਇੱਕ ਪਾਸੇ, ਡਿਜ਼ੀਟਲ ਡਸਟ ਸਾਡੀ ਜ਼ਿੰਦਗੀ ਨੂੰ ਆਸਾਨ ਬਣਾਉਂਦੀ ਹੈ। ਇਸ ਨਾਲ ਸਾਨੂੰ ਆਪਣੀ ਪਸੰਦ ਦੇ ਉਤਪਾਦ, ਜਾਣਕਾਰੀ ਅਤੇ ਸੇਵਾਵਾਂ ਆਸਾਨੀ ਨਾਲ ਮਿਲ ਜਾਂਦੀਆਂ ਹਨ। ਪਰ ਦੂਜੇ ਪਾਸੇ, ਇਹ ਸਾਡੇ ਨਿੱਜੀ ਜੀਵਨ ਲਈ ਖ਼ਤਰਾ ਵੀ ਬਣ ਸਕਦੀ ਹੈ। ਜੇਕਰ ਸਾਡੀ ਜਾਣਕਾਰੀ ਗਲਤ ਹੱਥਾਂ ਵਿਚ ਪੈ ਜਾਵੇ, ਤਾਂ ਇਸਦਾ ਗਲਤ ਇਸਤੇਮਾਲ ਹੋ ਸਕਦਾ ਹੈ, ਜਿਵੇਂ ਕਿ ਧੋਖਾਧੜੀ ਜਾਂ ਪਛਾਣ ਚੋਰੀ।

ਇਸ ਲਈ ਸਾਨੂੰ ਡਿਜ਼ੀਟਲ ਡਸਟ ਦੇ ਪ੍ਰਤੀ ਸਚੇਤ ਰਹਿਣ ਦੀ ਲੋੜ ਹੈ। ਆਪਣੀਆਂ ਪ੍ਰਾਈਵੇਸੀ ਸੈਟਿੰਗਾਂ ਨੂੰ ਠੀਕ ਰੱਖਣਾ, ਅਣਜਾਣ ਲਿੰਕਾਂ 'ਤੇ ਕਲਿੱਕ ਨਾ ਕਰਨਾ ਅਤੇ ਮਜ਼ਬੂਤ ਪਾਸਵਰਡ ਵਰਤਣਾ ਕੁਝ ਅਹਿਮ ਕਦਮ ਹਨ। ਇਸ ਤੋਂ ਇਲਾਵਾ, ਸਾਨੂੰ ਸੋਚ ਸਮਝ ਕੇ ਆਨਲਾਈਨ ਜਾਣਕਾਰੀ ਸਾਂਝੀ ਕਰਨੀ ਚਾਹੀਦੀ ਹੈ।

ਅੰਤ ਵਿਚ, ਕਹਿ ਸਕਦੇ ਹਾਂ ਕਿ ਡਿਜ਼ੀਟਲ ਡਸਟ ਆਧੁਨਿਕ ਜ਼ਿੰਦਗੀ ਦਾ ਅਟੁੱਟ ਹਿੱਸਾ ਬਣ ਚੁੱਕੀ ਹੈ। ਇਸਦੇ ਲਾਭਾਂ ਦਾ ਆਨੰਦ ਲੈਂਦੇ ਹੋਏ ਸਾਨੂੰ ਇਸਦੇ ਖਤਰਿਆਂ ਤੋਂ ਵੀ ਸਾਵਧਾਨ ਰਹਿਣਾ ਚਾਹੀਦਾ ਹੈ, ਤਾਂ ਜੋ ਅਸੀਂ ਇੱਕ ਸੁਰੱਖਿਅਤ ਅਤੇ ਸੰਤੁਲਿਤ ਡਿਜ਼ੀਟਲ ਜੀਵਨ ਜੀ ਸਕੀਏ।



# ਸਾਹਿਰ ਲੁਧਿਆਣਵੀ ਦੀ ਸ਼ਾਇਰੀ ਤੇ "ਤਲਖ਼ੀਆਂ"


-ਡਾ. ਮਨਜੀਤ ਸਿੰਘ ਬੱਲ
98728-43491
ਪੰਜਾਬ ਮੇਲ USA




ਤਲਖ਼ੀਆਂ ਤੇ ਸੰਨਾਟਿਆਂ ਭਰੀ ਜ਼ਿੰਦਗੀ ਵਾਲਾ ਜ਼ਹੀਨ ਸ਼ਾਇਰ, ਸਾਹਿਰ ਲੁਧਿਆਣਵੀ, ਭਾਰਤ ਤੇ ਪਾਕਿਸਤਾਨ, ਦੋਹਾਂ ਮੁਲਕਾਂ ਦੇ ਸ਼ਹਿਰਾਂ ਵਿਚ ਵਿਚਰਿਆ, ਦੋਹਾਂ ਮੁਲਕਾਂ ਦੀਆਂ ਹਕੂਮਤਾਂ ਵੇਖੀਆਂ, ਬਾਸ਼ਿੰਦਿਆਂ ਦਰਮਿਆਨ ਵਿਚਰਿਆ ਤੇ ਜੰਗਾਂ ਵੀ ਵੇਖੀਆਂ। ਉਹਦਾ ਮਨ ਬਹੁਤ ਤਲਖ਼ ਰਹਿੰਦਾ ਸੀ। ਜੰਗ ਭਾਵੇਂ ਦੁਨੀਆਂ ਦੇ ਕਿਸੇ ਵੀ ਖਿੱਤੇ ਵਿਚ ਹੋਵੇ ਤੇ ਭਾਵੇਂ ਭਾਰਤ-ਪਾਕਿਸਤਾਨ ਦਰਮਿਆਨ ਜਾਂ ਕਿਤੇ ਹੋਰ, ਉਹਨੇ ਆਪਣੇ ਦਿਲ ਦੀ ਆਵਾਜ਼, ਕਲਮ ਦੇ ਜ਼ਰੀਏ ਕਾਗ਼ਜ਼ 'ਤੇ ਇੰਜ ਉਤਾਰੀ:

*ਖ਼ੂਨ ਅਪਨਾ ਹੋ ਯਾ ਪਰਾਯਾ ਹੋ, ਨਸਲੇ ਆਦਮ ਕਾ ਖ਼ੂਨ ਹੈ ਆਖ਼ਰ;*
*ਜੰਗ ਮਗ਼ਰਿਬ ਮੇਂ ਹੋ ਕਿ ਮਸ਼ਰਿਕ ਮੇਂ, ਅਮਨੇ ਆਲਮ ਕਾ ਖ਼ੂਨ ਹੈ ਆਖ਼ਰ।*
*ਬੰਮ ਘਰ ਪਰ ਗਿਰੇਂ ਕਿ ਸਰਹੱਦ ਪਰ, ਰੂਹੇ ਤਾਮੀਰ ਜ਼ਖ਼ਮ ਖਾਤੀ ਹੈ;*
*ਖੇਤ ਅਪਨੇ ਜਲੇਂ ਯਾ ਔਰੋਂ ਕੇ, ਜ਼ੀਸਤ ਫ਼ਾਕੋਂ ਸੇ ਤਿਲਮਿਲਾਤੀ ਹੈ।*
*ਟੈਂਕ ਆਗੇ ਬੜ੍ਹੇ ਕਿ ਪੀਛੇ ਹਟੇਂ, ਕੋਖ ਧਰਤੀ ਕੀ ਬਾਂਝ ਹੋਤੀ ਹੈ।*
*ਫਤਹਿ ਕਾ ਜਸ਼ਨ ਹੋ ਕਿ ਹਾਰ ਕਾ ਸੋਗ, ਜ਼ਿੰਦਗੀ ਮੱਈਯਤੋਂ ਪੇ ਰੋਤੀ ਹੈ।*
*ਇਸ ਲੀਏ ਐ ਸ਼ਰੀਫ਼ ਇਨਸਾਨੋਂ, ਜੰਗ ਟਲਤੀ ਰਹੇ ਤੋ ਬਿਹਤਰ ਹੈ,*
*ਆਪ ਔਰ ਹਮ ਸਬੀ ਕੇ ਆਂਗਨ ਮੇਂ ਸ਼ਮਾ ਜਲਤੀ ਰਹੇ ਤੋ ਬਿਹਤਰ ਹੈ।*

ਘੱਟ ਬੋਲਣ ਵਾਲੇ ਤੇ ਸ਼ਰਮੀਲੇ ਸ਼ਾਇਰ, ਸਾਹਿਰ ਲੁਧਿਆਣਵੀ ਦੀ ਪੈਦਾਇਸ਼ 8 ਮਾਰਚ, 1921 ਨੂੰ ਇਕ ਅਮੀਰ ਮੁਸਲਿਮ ਗੁੱਜਰ ਖ਼ਾਨਦਾਨ ਵਿਚ, ਅੱਬਾ ਚੌਧਰੀ ਫ਼ਜ਼ਲ ਅਹਿਮਦ ਤੇ ਅੰਮੀ ਸਰਦਾਰ ਬੇਗ਼ਮ ਦੇ ਘਰ ਲੁਧਿਆਣਾ ਵਿਖੇ ਹੋਈ ਸੀ। ਉਹਦਾ ਬਚਪਨ ਦਾ ਨਾਮ ਅਬਦੁਲ ਹਈ ਸੀ। ਅਬਦੁਲ (ਸਾਹਿਰ) ਅਜੇ ਛੇਆਂ ਕੁ ਮਹੀਨਿਆਂ ਦਾ ਸੀ, ਜਦ ਅਮੀਰ ਤੇ ਗਾਲ਼ੀ-ਗਲੋਚ ਕਰਨ ਵਾਲੇ ਬਾਪ ਦੀਆਂ ਜ਼ਿਆਦਤੀਆਂ ਕਰਕੇ ਬੱਚੇ ਸਮੇਤ ਮਾਂ ਨੂੰ ਅਲੱਗ ਹੋਣਾ ਪਿਆ। ਬਾਪ ਨੇ 1934 ਵਿਚ ਉਹਨੇ ਦੂਜਾ ਵਿਆਹ ਕਰਵਾ ਲਿਆ। ਤੰਗੀਆਂ ਤੁਰਸ਼ੀਆਂ ਦਰਮਿਆਨ ਅਬਦੁਲ, ਪਹਿਲਾਂ ਲੁਧਿਆਣੇ ਦੇ ਖ਼ਾਲਸਾ ਹਾਈ ਸਕੂਲ ਵਿਚ ਪੜ੍ਹਿਆ ਤੇ ਉਸ ਤੋਂ ਬਾਅਦ ਉਹਨੇ ਗੌਰਮਿੰਟ ਕਾਲਜ ਲੁਧਿਆਣਾ ਵਿਚ ਦਾਖ਼ਲਾ ਲਿਆ। ਕਾਲਜ ਵਿਚ ਹੀ ਉਹ ਗ਼ਜ਼ਲਾਂ ਤੇ ਨਜ਼ਮਾਂ ਸੁਣਾਉਣ ਵਾਸਤੇ ਕਾਫੀ ਮਸ਼ਹੂਰ ਹੋ ਗਿਆ ਸੀ। ਸਾਹਿਰ ਦੀ ਜ਼ਿੰਦਗੀ ਤਲਖੀਆਂ ਨਾਲ ਭਰੀ ਪਈ ਸੀ। "ਤਲਖ਼ੀਆਂ" ਉਹਦੀ ਇਕ ਮਕਬੂਲ ਉਰਦੂ ਸ਼ਾਇਰੀ ਦੀ ਕਿਤਾਬ ਦਾ ਨਾਮ ਵੀ ਹੈ। ਤੰਗੀਆਂ ਤੁਰਸ਼ੀਆਂ ਨੇ ਉਹਨੂੰ ਸਾਰੀ ਉਮਰ ਘੇਰੀ ਰੱਖਿਆ। ਪਾਕਿਸਤਾਨੀ ਸ਼ਾਇਰ ਅਹਿਮਦ ਰਾਹੀ ਨੇ ਠੀਕ ਕਿਹਾ ਸੀ ਕਿ ਸਾਹਿਰ ਨੇ ਪੂਰੀ ਜ਼ਿੰਦਗੀ ਸਿਰਫ਼ ਇਕ ਹੀ ਪਿਆਰ ਕੀਤਾ, ਉਹ ਪਿਆਰ ਸੀ ਉਹਦੀ ਮਾਂ ਦੇ ਨਾਲ। ਅਦਬ ਤੇ ਸ਼ਾਇਰੀ ਦੀਆਂ ਘਾਗ ਸ਼ਖ਼ਸੀਅਤਾਂ ਮੁਨੀਰ ਨਿਆਜ਼ੀ, ਅਹਮਦ ਰਾਹੀ, ਸਾਹਿਰ ਲੁਧਿਆਣਵੀ, ਇਬਨੇ ਇਨਸ਼ਾ ਤੇ ਨਾਸਿਰ ਕਾਜ਼ਮੀ ਗੂੜ੍ਹੇ ਦੋਸਤ ਸਨ। 1943 ਵਿਚ ਲੁਧਿਆਣੇ ਤੋਂ ਲਾਹੌਰ ਜਾ ਕੇ ਉਸਨੇ ਦਿਆਲ ਸਿੰਘ ਕਾਲਜ ਵਿਚ ਦਾਖ਼ਲਾ ਲੈ ਲਿਆ। ਉਥੇ ਉਹ ਤਾਲਿਬੇ ਇਲਮਾਂ ਦੀ ਫੈਡਰੇਸ਼ਨ ਦਾ ਸਦਰ ਚੁਣਿਆ ਗਿਆ। ਮੁਆਸ਼ਰੇ ਦੇ ਸਿਆਸੀ ਤੇ ਵਿਤੀ ਸਮੱਸਿਆਵਾਂ ਬਾਰੇ ਸਾਹਿਰ, ਜਵਾਨੀ ਵਿਚ ਹੀ ਜਾਣਕਾਰੀ ਰੱਖਦਾ ਸੀ। ਉਹ ਤਾਲਿਬੇ ਇਲਮਾਂ ਦੀਆਂ ਤਹਿਰੀਕਾਂ, ਰੈਲੀਆਂ, ਮੁਜ਼ਾਹਰਿਆਂ ਵਿਚ ਹਿੱਸਾ ਲੈਂਦਾ ਸੀ ਤੇ ਤਕਰੀਰਾਂ ਕਰਦਾ ਸੀ। ਪਰ ਕੁਝ ਦੇਰ ਬਾਅਦ ਉਹਨੇ ਕਾਲਜ ਛੱਡ ਦਿੱਤਾ ਤੇ ਅਦਬੇ-ਲਤੀਫ਼, ਸ਼ਾਹਕਾਰ ਤੇ ਸਵੇਰਾ ਵਰਗੇ ਉਰਦੂ ਰਸਾਲਿਆਂ ਦਾ ਐਡੀਟੋਰੀਅਲ ਸਟਾਫ ਬਣ ਗਿਆ। ਲਾਹੌਰ ਵਿਚ ਉਹ ਕਮਿਊਨਿਸਟ ਪਾਰਟੀ ਪ੍ਰੋਗ੍ਰੈਸਿਵ ਰਾਇਟਰਜ਼ ਤਨਜ਼ੀਮ ਮੈਂਬਰ ਸੀ। ਅਬਦੁਲ (ਸਾਹਿਰ) ਨੂੰ ਸ਼ਾਇਰੀ ਲਿਖਣ ਤੇ ਪੜ੍ਹਨ ਦਾ ਸ਼ੌਕ ਸ਼ੁਰੂ ਤੋਂ ਹੀ ਸੀ। ਉਸਨੇ ਮੌਲਾਨਾ ਫੈਜ਼ ਹਰਿਆਣਵੀ ਦੇ ਮਾਤਾਹਿਤ ਉਰਦੂ ਤੇ ਫ਼ਾਰਸੀ ਜ਼ੁਬਾਨਾਂ 'ਚ ਮੁਹਾਰਤ ਹਾਸਲ ਕੀਤੀ। ਅੱਲਾਮਾ ਇਕਬਾਲ ਦੇ ਇਕ ਸ਼ੇਅਰ, ***"ਇਸ ਚਮਨ ਮੇਂ ਹੋਂਗੇ ਪੈਦਾ ਬੁਲਬੁਲੇ ਸ਼ੈਰਾਜ਼ ਭੀ, ਸੈਂਕੜੋਂ ਸਾਹਿਰ ਭੀ ਹੋਂਗੇ ਸਾਹਿਬੇ ਐਜਾਜ਼ ਭੀ"***, ਵਿਚੋਂ 'ਸਾਹਿਰ' ਲਫ਼ਜ਼ ਉਹਦੇ ਧਿਆਨ ਗੋਚਰ ਆਇਆ, ਜਿਸ ਦੇ ਮਾਅਨੇ ਹਨ 'ਰੌਸ਼ਨ ਦਿਮਾਗ਼/ਜਾਦੂਗਰ'। ਸੋ ਅਬਦੁਲ ਨੇ ਆਪਣਾ ਕਲਮੀ ਨਾਮ ਸਾਹਿਰ ਲੁਧਿਆਣਵੀ ਰੱਖ ਲਿਆ। ਉਹਨੇ ਉਰਦੂ ਤੇ ਹਿੰਦੀ ਵਿਚ ਸ਼ਾਇਰੀ ਕੀਤੀ ਤੇ ਬਾਲੀਵੁੱਡ ਦੀਆਂ ਬਹੁਤ ਸਾਰੀਆਂ ਫਿਲਮਾਂ ਵਾਸਤੇ ਨ਼ਗਮੇਂ ਲਿਖੇ। 1947 ਦੇ ਮੁਲਕ ਦੇ ਵੰਡ ਤੇ ਪਾਕਿਸਤਾਨ ਬਣਨ ਵੇਲੇ ਉਹ ਲਾਹੌਰ ਵਿਚ ਹੀ ਸੀ। ਨਵੇਂ ਪਾਕਿਸਤਾਨ ਵਿਚ ਹਕੂਮਤ ਦੀਆਂ ਵਧੀਕੀਆਂ ਦੇ ਖ਼ਿਲਾਫ਼, ਲੁਧਿਆਣਵੀ ਨੇ ***'ਆਵਾਜ਼-ਏ-ਆਦਮ'*** ਅਨੁਵਾਨ ਨਾਲ ਇਕ ਬੇਹੱਦ ਇਨਕਲਾਬੀ ਤੇ ਜੋਸ਼ੀਲੀ ਨਜ਼ਮ ਲਿਖੀ, ਜੋ ਉਸ ਨੇ ਲਾਹੌਰ 'ਚ ਇਕ ਮੁਜ਼ਾਹਰੇ ਵਿਚ ਪੜ੍ਹੀ।

***ਦਬੇਗੀ ਕਬ ਤਲਕ ਆਵਾਜ਼ੇ ਆਦਮ ਹਮ ਭੀ ਦੇਖੇਂਗੇ, ਚਲੋ ਯੂੰ ਹੀ ਸਹੀ ਯੇ ਜੌਰ-ਏ-ਪੈਹਮ ਹਮ ਭੀ ਦੇਖੇਂਗੇ, ਸਹਰ ਕੇ ਦੋਸ਼ ਪਰ ਗੁਲਨਾਰ ਪਰਚਮ ਹਮ ਭੀ ਦੇਖੇਂਗੇ॥ ਤੁਮਹੇਂ ਭੀ ਦੇਖਨਾ ਹੋਗਾ ਯੇ ਆਲਮ, ਹਮ ਭੀ ਦੇਖੇਂਗੇ॥***

ਗੁਲਨਾਰ ਪਰਚਮ ਯਾਨੀ ਕਿ ਝੂਲਦਾ ਹੋਇਆ ਲਾਲ ਰੰਗ ਦਾ ਇਨਕਲਾਬੀ ਝੰਡਾ "ਹਮ ਭੀ ਦੇਖੈਂਗੇ"। ਨਵਾਂ ਪਾਕਿਸਤਾਨ, ਅਮਰੀਕਾ ਨੂੰ ਇਹ ਯਕੀਨ ਦਵਾਉਣ 'ਚ ਲੱਗਿਆ ਹੋਇਆ ਸੀ ਕਿ ਅਸੀਂ, ਰੂਸ ਵੱਲ ਨਹੀਂ ਅਮਰੀਕਾ ਵਾਲੇ ਪਾਸੇ ਹੈ। ਇਹ ਮਗ਼ਰਬੀ ਮੁਲਕਾਂ ਨੂੰ ਵੀ ਦੱਸਣਾ ਚਾਹੁੰਦਾ ਸੀ ਜਨੂਬੀ ਏਸ਼ੀਆ ਵਿਚ ਹੀ ਨਹੀਂ, ਪੂਰੇ ਮਸ਼ਰਿਕੇ ਵੁਸਤਾ ਮਿਡਲ ਈਸਟ, ਖਿੱਤੇ ਵਿਚ ਵੀ ਅਸੀਂ ਤੁਹਾਡੇ ਹੀ ਨਾਲ ਹਾਂ। ਐਸੇ ਮੌਕੇ 'ਤੇ ਪਹਿਲਾਂ ਤਾਂ ਸਾਹਿਰ ਨੇ ਇਹ ਨਜ਼ਮ ਇਕ ਮੁਜ਼ਾਹਰੇ ਵਿਚ ਪੂਰੇ ਜੋਸ਼ ਨਾਲ ਪੜ੍ਹੀ। ਪਰ ਜਦ ਇਹ ਕਲਾਮ ਛਪਿਆ, ਤਾਂ ਉਹਨੂੰ ਪਾਕਿਸਤਾਨ ਸਰਕਾਰ ਵੱਲੋਂ ਗ੍ਰਿਫਤਾਰੀ ਦੇ ਵਾਰੰਟ ਜਾਰੀ ਕਰ ਦਿੱਤੇ ਗਏ। ਉਸਨੂੰ ਅਹਿਸਾਸ ਹੋਇਆ ਕਿ ਪਾਕਿਸਤਾਨ ਵਿਚ ਰਹਿਣਾ ਠੀਕ ਨਹੀਂ। ਸੋ 1949 'ਚ ਉਹ ਲਾਹੌਰ ਛੱਡ ਕੇ ਉਹ ਦਿੱਲੀ ਪਹੁੰਚ ਗਿਆ, ਤੇ ਦੋ ਮਹੀਨੇ ਬਾਅਦ ਬੰਬਈ। ਉਥੇ ਅੰਧੇਰੀ ਇਲਾਕੇ ਵਿਚ ਕਵੀ ਗ਼ੁਲਜ਼ਾਰ ਤੇ ਉਰਦੂ ਦੇ ਲੇਖਕ ਕ੍ਰਿਸ਼ਨ ਚੰਦਰ ਉਹਦੇ ਗਵਾਂਢੀ ਸਨ। ਫਿਲਮ ਨਗਰੀ ਵਿਚ ਨ਼ਗਮਾ ਨਿਗਾਰ ਵਜੋਂ ਕਿਸਮਤ ਅਜ਼ਮਾਈ ਤੇ ਪੂਰੀ ਕਾਮਯਾਬੀ ਹਾਸਲ ਕੀਤੀ। 1970 ਵਿਚ ਉਹਨੇ ਵਿਚ ਆਪਣਾ ਬੰਗਲਾ "ਪ੍ਰਛਾਈਆਂ" ਬਣਵਾਇਆ ਤੇ ਆਪਣੀ ਮੌਤ ਤੱਕ ਉਸੇ ਘਰ ਵਿਚ ਹੀ ਰਿਹਾ। ਲਾਹੌਰ 'ਚ ਉਹ ਕਮਿਊਨਿਸਟ ਪਾਰਟੀ ਵਿਚ ਪ੍ਰੋਗ੍ਰੈਸਿਵ ਰਾਇਟਰਜ਼ ਤਨਜ਼ੀਮ ਦਾ ਮੈਂਬਰ ਸੀ। ਬਾਲੀਵੁੱਡ ਦਾ ਇਕ ਵਕਤ ਸੀ, ਜਦ ਸ਼ਾਇਰੀ ਤੇ ਸੰਜੀਦਾ ਮਾਇਨਿਆਂ ਵਾਲੇ ਗੀਤ/ਕੱਵਾਲੀਆਂ ਦੇ ਬੋਲਾਂ ਵਾਲੀਆਂ ਫਿਲਮਾਂ ਬਣਦੀਆਂ ਸਨ। ਇਹ ਫਿਲਮਾਂ ਬਹੁਤ ਕਾਮਯਾਬ ਰਹੀਆਂ, ਜਿਨ੍ਹਾਂ ਵਿਚ ਮਨੋਰੰਜਨ ਵੀ ਸੀ, ਲੋਕਾਂ ਦੀ ਦਿਲਚਸਪੀ ਵੀ ਸੀ ਤੇ ਕਮਾਈ ਵੀ ਚੰਗੀ ਹੁੰਦੀ ਸੀ, ਜਿਵੇਂ ਬਰਸਾਤ ਕੀ ਰਾਤ, ਗ਼ਜ਼ਲ, ਪਿਆਸਾ, ਮੇਰੇ ਮਹਿਬੂਬ, ਕਭੀ ਕਭੀ ਵਗ਼ੈਰਾ। ਇਨ੍ਹਾਂ ਫਿਲਮਾਂ ਵਿਚ ਹੀਰੋ ਜਾਂ ਹੀਰੋਇੰਨ ਜਾਂ ਦੋਵੇਂ, ਸ਼ਾਇਰ ਹੁੰਦੇ ਸਨ ਤੇ ਸ਼ਾਇਰੀ ਦੇ ਮੁਕਾਬਲੇ ਹੁੰਦੇ ਸਨ। ਇਨ੍ਹਾਂ ਦੇ ਨ਼ਗਮੇਂ ਅੱਜ ਵੀ ਜ਼ਿੰਦਾ ਹਨ ਤੇ ਲੋਕ ਇਨ੍ਹਾਂ ਦੇ ਦੀਵਾਨੇ ਹਨ। ਜਿਵੇਂ:

***"ਸੁਰਖ਼ ਆਂਚਲ ਕੋ ਦਬਾਅ ਕਰ ਜੋ ਨਿਚੋੜਾ ਉਸ ਨੇ, ਦਿਲ ਪੇ ਜਲਤਾ ਹੁਆ ਇਕ ਤੀਰ ਸਾ ਛੌੜਾ ਉਸਨੇ,*** (ਬਰਸਾਤ ਕੀ ਰਾਤ 1960), ***"ਵੋ ਅਫ਼ਸਾਨਾ ਜਿਸੇ ਅੰਜਾਮ ਤੱਕ ਲਾਨਾ ਨਾ ਹੋ ਮੁੰਮਕਿਨ ਉਸੇ ਇਕ ਖ਼ੂਬਸੂਰਤ ਮੋੜ ਦੇ ਕਰ ਛੋੜਨਾ ਅੱਛਾ, ਚਲੋ ਇਕ ਬਾਰ ਫਿਰ ਸੇ!"*** (ਗੁਮਰਾਹ 1963)। ਐਸੀਆਂ ਫਿਲਮਾਂ ਦੇ ਗੀਤਾਂ ਦੇ ਬੋਲ ਆਮ ਕਰਕੇ ਸਾਹਿਰ ਲੁਧਿਆਨਵੀ ਹੀ ਹੁੰਦੇ ਸਨ।

1957 ਵਿਚ ਦੁਬਾਰਾ ਫਿਲਮ ਪਿਆਸਾ ਦੇ ਨ਼ਗਮੇਂ ਹਿੱਟ ਹੋ ਗਏ। 'ਯੇ ਮਹਿਲੋਂ ਯੇ ਤਖ਼ਤੋਂ ਯੇ ਤਾਜੋਂ ਕੀ ਦੁਨੀਆਂ, ਯੇ ਇਨਸਾਂ ਕੇ ਦੁਸ਼ਮਨ ਸਮਾਜੋਂ ਕੀ ਦੁਨੀਆਂ.....'। 1957 ਵਿਚ ਹੀ 'ਨਯਾ ਦੌਰ' ਵਿਚ ਉਸ ਦੇ ਨ਼ਗਮੇ "ਸਾਥੀ ਹਾਥ ਬੜ੍ਹਾਨਾ, ਏਕ ਅਕੇਲਾ ਥਕ ਜਾਏਗਾ ਮਿਲ ਕਰ ਬੋਝ ਉਠਾਨਾ" ਉਸ ਫਿਲਮ ਦੇ ਥੀਮ ਵਿਚ ਬਹੁਤ ਫਿੱਟ ਵੀ ਹੋਇਆ ਤੇ ਬੜਾ ਹਿੱਟ ਹੋਇਆ। 'ਉੜੇਂ ਜਬ ਜਬ ਜ਼ੁਲਫੇਂ ਤੇਰੀ ਕੁਵਾਰੀਓਂ ਕਾ ਦਿਲ ਮਚਲੇ', 'ਰੇਸ਼ਮੀ ਸਲਵਾਰ ਕੁਰਤਾ ਜਾਲੀ ਕਾ, ਰੂਪ ਸਹਾ ਨਹੀਂ ਜਾਏ ਨਖ਼ਰੇ ਵਾਲੀ ਕਾ', ਗੀਤਾਂ ਨੇ ਤਹਿਲਕਾ ਮਚਾ ਦਿੱਤਾ। ਇਸ ਫਿਲਮ ਦੇ ਪੰਜਾਬੀ ਮੌਸੀਕਾਰ ਸਨ ਓ.ਪੀ. ਨਈਅਰ।

ਮਕਬੂਲ ਲੇਖਕ ਕੇਵਲ ਧੀਰ ਨੇ ਲੁਧਿਆਣੇ ਵਿਚ 'ਜਸ਼ਨੇ ਸਾਹਿਰ ਸਾਲਾਨਾ ਮੁਸ਼ਾਇਰਾ' ਸ਼ੁਰੂ ਕੀਤਾ। 1975 ਵਾਲੇ ਮੁਸ਼ਾਇਰੇ ਵਿਚ ਸਾਹਿਰ ਲੁਧਿਆਣਵੀ ਨੇ ਖ਼ੁਦ ਇਸ ਵਿਚ ਸ਼ਿਰਕਤ ਕੀਤੀ ਸੀ। ਲੇਖਕ ਉਦੋਂ ਡਾਕਟਰੀ ਦੀ ਪੜ੍ਹਾਈ ਐੱਮ.ਬੀ.ਬੀ.ਐੱਸ. ਦੇ ਆਖ਼ਰੀ ਸਾਲ ਵਿਚ ਮੈਡੀਕਲ ਕਾਲਜ ਅੰਮ੍ਰਿਤਸਰ ਵਿਚ ਸੀ। ਸਾਹਿਰ ਦੇ, ਲੁਧਿਆਣੇ ਦੌਰੇ 'ਤੇ ਕਵੀ ਦਰਬਾਰ ਵਿਚ ਆਉਣ ਦੀਆਂ ਖ਼ਬਰਾਂ, ਅਖ਼ਬਾਰਾਂ ਵਿਚ ਪੜ੍ਹੀਆਂ ਸਨ। ਬਾਕੀ ਸ਼ਾਇਰਾਂ ਦੇ ਨਾਲ-ਨਾਲ ਜਦ ਸਾਹਿਰ ਨੂੰ ਵੀ ਖ਼ਰਚੇ/ਮਿਹਨਤਾਨੇ ਵਜੋਂ ਇਕ ਲਿਫਾਫ਼ੇ ਵਿਚ ਕੁਝ ਰੁਪਏ ਦੇਣ ਦੀ ਕੋਸ਼ਿਸ਼ ਕੀਤੀ ਗਈ, ਤਾਂ ਉਹਨੇ ਲਿਫਾਫ਼ਾ ਲੈਣ ਤੋਂ ਨਾਂਹ ਕਰ ਦਿੱਤੀ ਤੇ ਕਿਹਾ, "ਮੈਂ ਪ੍ਰਾਹੁਣਾ ਨਹੀਂ, ਮੇਜ਼ਬਾਨ ਹਾਂ"। ਕਾਲਜ ਦੇ ਆਡੀਟੋਰੀਅਮ ਦਾ ਸਾਹਿਰ ਲੁਧਿਆਣਵੀ ਦੇ ਨਾਂ 'ਤੇ ਰੱਖਿਆ ਗਿਆ।



> ਪਾਕਿਸਤਾਨੀ ਸ਼ਾਇਰ ਅਹਿਮਦ ਰਾਹੀ ਨੇ ਠੀਕ ਕਿਹਾ ਸੀ ਕਿ ਸਾਹਿਰ ਨੇ ਪੂਰੀ ਜ਼ਿੰਦਗੀ ਸਿਰਫ਼ ਇਕ ਹੀ ਪਿਆਰ ਕੀਤਾ, ਉਹ ਪਿਆਰ ਸੀ ਉਹਦੀ ਮਾਂ ਦੇ ਨਾਲ। ਅਦਬ ਤੇ ਸ਼ਾਇਰੀ ਦੀਆਂ ਘਾਗ ਸ਼ਖ਼ਸੀਅਤਾਂ ਮੁਨੀਰ ਨਿਆਜ਼ੀ, ਅਹਮਦ ਰਾਹੀ, ਸਾਹਿਰ ਲੁਧਿਆਣਵੀ, ਇਬਨੇ ਇਨਸ਼ਾ ਤੇ ਨਾਸਿਰ ਕਾਜ਼ਮੀ ਗੂੜ੍ਹੇ ਦੋਸਤ ਸਨ। 1943 ਵਿਚ ਲੁਧਿਆਣੇ ਤੋਂ ਲਾਹੌਰ ਜਾ ਕੇ ਉਸਨੇ ਦਿਆਲ ਸਿੰਘ ਕਾਲਜ ਵਿਚ ਦਾਖ਼ਲਾ ਲੈ ਲਿਆ। ਉਥੇ ਉਹ ਤਾਲਿਬੇ ਇਲਮਾਂ ਦੀ ਫੈਡਰੇਸ਼ਨ ਦਾ ਸਦਰ ਚੁਣਿਆ ਗਿਆ।

ਕੁੱਲ ਆਲਮ ਦੇ ਉਰਦੂ-ਹਿੰਦੀ ਸਮਝਣ ਵਾਲੇ ਲੋਕ ਇਹ ਜਾਣਦੇ ਹਨ ਕਿ ਫਿਲਮ 'ਬਰਸਾਤ ਕੀ ਰਾਤ' ਦੀ ਸ਼ਾਇਦ ਪਹਿਲੀ ਤੇ ਆਖ਼ਰੀ ਕੱਵਾਲੀ ਹੈ, ਜਿਸ ਦੀ ਗੰਗਾ ਜਮਨੀ ਤਹਿਜ਼ੀਬ ਵਾਲੀ ਗੀਤਕਾਰੀ ਦਾ ਘੇਰਾ ਬਹੁਤ ਵਿਸ਼ਾਲ ਹੈ, ਜਿਸ ਦਾ ਨ਼ਗਮਾ ਨਿ਼ਗਾਰ ਸਾਹਿਰ ਲੁਧਿਆਣਵੀ ਹੈ। ਇਹ ਮੰਨਾ ਡੇਅ, ਆਸ਼ਾ ਭੋਂਸਲੇ, ਮੁਹੰਮਦ ਰਫ਼ੀ, ਸੁਧਾ ਮਲਹੋਤਰਾ, ਐੱਸ.ਡੀ. ਬਾਤਿਸ਼ ਗੁਲੂਕਾਰਾਂ ਨੇ ਗਾਈ ਹੈ ਤੇ ਮੌਸਿਕਾਰ ਹੈ ਰੌਸ਼ਨ।

***ਨਾ ਤੋ ਕਾਰਵਾਂ ਕੀ ਤਲਾਸ਼ ਹੈ ਨਾ ਤੋ ਹਮਸਫ਼ਰ ਕੀ ਤਲਾਸ਼ ਹੈ, ਮੇਰੇ ਸ਼ੌਕੇ ਖ਼ਾਨਾ ਖ਼ਰਾਬ ਕੋ ਤੇਰੀ ਰਹਿਗੁਜ਼ਰ ਕੀ ਤਲਾਸ਼ ਹੈ।***

ਲੁਧਿਆਣਵੀ, ਵਾਹਿਦ ਇਕ ਐਸਾ ਨ਼ਗਮਾ ਨਿ਼ਗਾਰ ਸੀ, ਜਿਸਦੇ ਗਾਣੇ, ਕੱਵਾਲੀ ਵਗ਼ੈਰਾ ਦੀ ਰਿਕਾਰਡਿੰਗ ਵੇਲੇ ਕਿਸੇ ਵੀ ਪ੍ਰੋਡਿਊਸਰ ਜਾਂ ਗੁਲੂਕਾਰ ਦੀ ਮਜ਼ਾਲ ਨਹੀਂ ਸੀ ਉਸ ਦੇ ਕਲਾਮ ਦਾ ਇਕ ਵੀ ਜ਼ੇਰ, ਜ਼ਬਰ ਜਾਂ ਲਫ਼ਜ਼ ਇਧਰ-ਉਧਰ ਕਰ ਸਕੇ।

**ਸਾਹਿਰ ਦੇ ਮਕਬੂਲ ਨ਼ਗਮੇ:** ਠੰਢੀ ਹਵਾਏਂ ਲਹਿਰਾ ਕੇ ਆਏਂ, ਜਾਏਂ ਤੋ ਜਾਏਂ ਕਹਾਂ, ਸਾਥੀ ਹਾਥ ਬੜ੍ਹਾਨਾ, ਆਨਾ ਹੈ ਤੋ ਆ, ਔਰਤ ਨੇ ਜਨਮ ਦੀਆ ਮਰਦੋਂ ਕੋ, ਜਾਨੇ ਵੋ ਕੈਸੇ ਲੋਗ ਥੇ ਜਿਨ ਕੇ, ਜਿਨਹੇਂ ਨਾਜ਼ ਹੈ ਹਿੰਦ ਪਰ ਵੋ ਕਹਾਂ ਹੈਂ, ਯੇ ਦੁਨੀਆਂ ਅਗਰ ਮਿਲ ਭੀ ਜਾਏ ਤੋ ਕਿਆ ਹੈ, ਤੂ ਹਿੰਦੂ ਬਨੇਗਾ ਨਾ ਮੁਸਲਮਾਨ ਬਨੇਗਾ, ਜ਼ਿੰਦਗੀ ਭਰ ਨਹੀਂ ਭੂਲੇਗੀ ਵੋ ਬਰਸਾਤ ਕੀ ਰਾਤ, ਨਾ ਤੋ ਕਾਰਵਾਂ ਕੀ ਤਲਾਸ਼ ਹੈ, ਮੈਂ ਜ਼ਿੰਦਗੀ ਕਾ ਸਾਥ ਨਿਭਾਤਾ ਚਲਾ ਗਯਾ, ਕਭੀ ਖ਼ੁਦ ਪੇ ਕਭੀ ਹਾਲਾਤ ਪੇ, ਅਭੀ ਨਾ ਜਾਓ ਛੋੜ ਕਰ, ਅੱਲਾਹ ਤੇਰੋ ਨਾਮ ਜੋ ਧਿਆਏ ਸੁਖ ਪਾਏ, ਮਨ ਰੇ ਤੂ ਕਾਹੇ ਨਾ ਧੀਰ ਧਰੇ, ਸੰਸਾਰ ਸੇ ਭਾਗੇ ਫਿਰਤੇ ਹੋ, ਈਸ਼ਵਰ ਅੱਲਾਹ ਤੇਰੇ ਨਾਮ, ਐ ਮੇਰੀ ਜ਼ੋਹਰਾਜ਼ਬੀਂ, ਆਗੇ ਭੀ ਜਾਨੇ ਨਾ ਤੂ, ਹਮ ਜਬ ਸਿਮਟ ਕੇ ਆਪ ਕੀ ਬਾਹੋਂ ਮੇਂ ਆ ਗਏ, ਤੋਰਾ ਮਨ ਦਰਪਣ ਕਹਿਲਾਏ, ਬਾਬੁਲ ਕੀ ਦੁਆਏਂ ਲੇਤੀ ਜਾ, ਚਲਾ ਭੀ ਆ, ਆ ਜਾ ਰਸੀਆ, ਨਾ ਤੂ ਜ਼ਮੀਂ ਕੇ ਲਿਏ, ਮੇਰੇ ਦਿਲ ਮੇਂ ਆਜ ਕਿਆ ਹੈ, ਮੈਂ ਪਲ ਦੋ ਪਲ ਕਾ ਸ਼ਾਇਰ ਹੂੰ ਵਗ਼ੈਰਾ ਵਗ਼ੈਰਾ।

**ਕਿਤਾਬਾਂ:** ਖ਼ਵਾਜਾ ਅਹਿਮਦ ਅੱਬਾਸ (ਸ਼ੈਡੋਜ਼ ਸਪੀਕ) ਪਰਛਾਈਆਂ (1958), ਗਾਤਾ ਜਾਏ ਬਨਜਾਰਾ (ਫਿਲਮੀ ਗਾਨਿਆਂ ਦਾ ਮਜਮੂਆ) (1992), ਸੁੱਚਾ ਸਿੰਘ (ਸਾਂਝੀ 1989), ਹਸਨ ਆਰ. (1977), ਦ ਬਿਟਰ ਹਾਰਵੈਸਟ, ਤੇ ਤਲਖ਼ੀਆਂ, ਸਾਹਿਰ ਲੁਧਿਆਨਵੀ ਕੀ ਸ਼ਾਇਰੀ, ਕਲਾਮੇ ਸਾਹਿਰ ਅੰਗ੍ਰੇਜ਼ੀ ਤਰਜ਼ਮੇ ਸਮੇਤ ਮਹਮੂਦ ਕੇ.ਟੀ. (2000)

**ਫਿਲਮ ਫੇਅਰ ਬੈਸਟ ਨ਼ਗਮਾ ਨਿ਼ਗਾਰ ਐਜਾਜ਼:** ਦੋ ਐਜਾਜ਼ ਹਾਸਲ ਕੀਤੇ। (1) ਫਿਲਮ ਤਾਜ ਮਹਿਲ (1964) ਦੇ ਨ਼ਗਮੇ 'ਜੋ ਵਾਅਦਾ ਕੀਆ ਵੋ ਨਿਭਾਨਾ ਪੜੇਗਾ' ਤੇ (2) ਫਿਲਮ ਕਭੀ ਕਭੀ (1976) ਦੇ ਗਾਣੇ 'ਕਭੀ ਕਭੀ ਮੇਰੇ ਦਿਲ ਮੇਂ ਖ਼ਯਾਲ ਆਤਾ ਹੈ ਕਿ ਜੈਸੇ...'!

**ਸਾਹਿਰ ਲੁਧਿਆਣਵੀ ਤੇ ਅੰਮ੍ਰਿਤਾ ਪ੍ਰੀਤਮ ਦਾ ਮੌਨ ਇਸ਼ਕ:** ਉਹ ਦੋਵੇਂ ਪਹਿਲੀ ਵਾਰ 1944 'ਚ, ਗੁਰਬਖ਼ਸ਼ ਸਿੰਘ ਦਵਾਰਾ ਵਸਾਏ ਹੋਏ ਪਿੰਡ ਪ੍ਰੀਤ ਨਗਰ 'ਚ ਇਕ ਮੁਸ਼ਾਇਰੇ ਵਿਚ ਮਿਲੇ ਤੇ ਅੱਖਾਂ ਚਾਰ ਹੋ ਗਈਆਂ। ਅੰਮ੍ਰਿਤਾ ਦਿੱਲੀ ਤੋਂ, ਤੇ ਸਾਹਿਰ ਲਾਹੌਰ ਤੋਂ ਪੁੱਜਾ ਸੀ। ਉਸ ਵੇਲੇ ਅੰਮ੍ਰਿਤਾ ਦੀ ਪ੍ਰੀਤਮ ਸਿੰਘ ਨਾਲ ਸ਼ਾਦੀ ਹੋ ਚੁੱਕੀ ਸੀ, ਉਹ ਇਕ ਨਿਆਣੀ ਉਮਰ ਦਾ ਵਿਆਹ ਸੀ। ਅੰਮ੍ਰਿਤਾ ਇਸ ਵਿਆਹ ਤੋਂ ਖ਼ੁਸ਼ ਨਹੀਂ ਸੀ। ਸਾਹਿਰ ਅੰਮ੍ਰਿਤਾ ਦਰਮਿਆਨ (ਲਾਹੌਰ ਤੇ ਦਿੱਲੀ) ਮੁਹੱਬਤਾਂ ਦੀ ਖ਼ਤੋ ਖ਼ਤਾਬਤ ਚਲਦੀ ਰਹੀ। ਮੁਲਕ ਵੰਡਿਆ ਗਿਆ ਤੇ ਅੰਮ੍ਰਿਤਾ ਆਪਣੇ ਪ੍ਰੀਤਮ ਨਾਲ ਦਿੱਲੀ ਪੁੱਜ ਗਈ ਤੇ ਬਾਅਦ ਵਿਚ ਸਾਹਿਰ ਬੰਬਈ ਚਲੇ ਗਿਆ। ਸਾਹਿਰ ਤੇ ਅੰਮ੍ਰਿਤਾ ਦਾ ਰੁਮਾਂਸ ਤਾਂ ਗੂੜ੍ਹਾ ਸੀ, ਪਰ ਫਾਸਲਿਆਂ ਤੇ ਖ਼ਤੋ ਖ਼ਤਾਬਤ ਵਾਲਾ ਸੀ। ਸਾਹਿਰ ਪ੍ਰੇਮ ਪੱਤਰ ਲਿਖਦਾ ਰਿਹਾ ਪਰ ਉਹ ਫਾਸਲੇ ਖ਼ਤਮ ਨਾ ਕਰ ਸਕਿਆ, ਇਸ ਨੂੰ ਜ਼ਾਹਿਰ ਵੀ ਨਾ ਕਰ ਸਕਿਆ। ਪਰ ਅੰਮ੍ਰਿਤਾ ਅਪਣੀਆਂ ਲਿਖਤਾਂ ਵਿਚ ਉਸ ਨੂੰ ਮੇਰਾ ਸ਼ਾਇਰ, ਮੇਰਾ ਮਹਿਬੂਬ, ਮੇਰਾ ਖ਼ੁਦਾ ਮੇਰਾ ਦੇਵਤਾ ਕਹਿੰਦੀ ਹੈ। ਆਪਣੀ ਬਾਇਓਗ੍ਰਾਫੀ "ਰਸੀਦੀ ਟਿਕਟ" ਵਿਚ ਅੰਮ੍ਰਿਤਾ ਨੇ ਸਾਰੇ ਰਾਜ਼ ਖੋਲ੍ਹ ਦਿੱਤੇ। 'ਜਦ ਕਦੀ ਅਸੀਂ ਮਿਲਦੇ, ਇਕੱਠੇ ਬੈਠਦੇ ਸਾਂ ਤਦ ਵੀ ਵਧੇਰੇ ਸਮਾਂ ਸੰਨਾਟਾ ਹੀ ਰਹਿੰਦਾ। ਗੱਲਬਾਤ ਘੱਟ ਹੀ ਹੁੰਦੀ ਸੀ। ਉਹ ਲਗਾਤਾਰ ਸਿਗਰਿਟ ਪੀਂਦਾ ਰਹਿੰਦਾ ਤੇ ਉਹਦੇ ਜਾਣ ਤੋਂ ਬਾਅਦ ਉਹਦੇ ਬੁੱਲ੍ਹਾਂ ਦੇ ਛਾਪੇ ਵਾਲੇ ਸਿਗਰਿਟਾਂ ਦੇ ਟੋਟੇ 'ਕੱਠੇ ਕਰਕੇ ਮੈਂ ਆਪਣੇ ਬੁੱਲ੍ਹਾਂ ਵਿਚ ਰੱਖ ਕੇ, ਬੁੱਲ੍ਹ ਮੀਚ ਲੈਂਦੀ'। ਇਹ ਮੁਹੱਬਤ ਅੰਮ੍ਰਿਤਾ ਦੀ ਸ਼ਾਇਰੀ ਵਿਚ ਵੀ ਉੱਘੜ ਕੇ ਸਾਹਮਣੇ ਆਉਂਦੀ ਹੈ। ਕੁਝ ਸਮਾਂ ਪਹਿਲਾਂ ਸਾਹਿਰ-ਅੰਮ੍ਰਿਤਾ ਦੀ ਮੁਹੱਬਤ ਨੂੰ ਉਜਾਗਰ ਕਰਨ ਵਾਸਤੇ ਇਕ ਫਿਲਮ 'ਤੇ ਕੰਮ ਸ਼ੁਰੂ ਕੀਤਾ ਗਿਆ ਸੀ, ਜੋ ਅਧੂਰਾ ਹੀ ਪਿਆ ਹੈ। ਸਾਹਿਰ ਬਾਰੇ ਆਪਣੀ ਕਿਤਾਬ ਵਿਚ ਅਕਸ਼ੈ ਮਨਵਾਣੀ ਨੇ ਲਿਖਿਆ ਹੈ, "ਅੰਮ੍ਰਿਤਾ ਹੀ ਇਕ ਔਰਤ ਸੀ, ਜੋ ਸਾਹਿਰ ਨੂੰ ਆਪਣਾ 'ਸਿੰਗਲ ਸਟੇਟਸ' ਛੱਡਣ ਵਾਸਤੇ ਮਨਾ ਸਕਦੀ ਸੀ, ਇਕ ਵਾਰ ਸਾਹਿਰ ਨੇ ਖ਼ੁਦ ਆਪਣੀ ਮਾਂ ਨੂੰ ਕਿਹਾ ਸੀ, ਉਹ ਅੰਮ੍ਰਿਤਾ ਸੀ ਨਾ, ਜੋ ਤੇਰੀ ਨੂੰਹ ਬਣ ਸਕਦੀ ਸੀ।

ਕਲ ਔਰ ਆਏਂਗੇ ਨ਼ਗਮੋਂ ਕੀ ਖਿਲਤੀ ਕਲੀਆਂ ਚੁਨਣੇ ਵਾਲੇ, ਮੁਝ ਸੇ ਬੇਹਤਰ ਕਹਿਨੇ ਵਾਲੇ ਤੁਮ ਸੇ ਬੇਹਤਰ ਸੁਨਣੇ ਵਾਲੇ। ਮੈਂ ਪਲ ਦੋ ਪਲ ਕਾ ਸ਼ਾਇਰ ਹੂੰ ਪਲ ਦੋ ਪਲ ਮੇਰੀ ਕਹਾਨੀ ਹੈ, ਪਲ ਦੋ ਪਲ ਮੇਰੀ ਹਸਤੀ ਹੈ ਪਲ ਦੋ ਪਲ ਮੇਰੀ ਜਵਾਨੀ ਹੈ॥

ਜੱਦੋ ਜਹਿਦ, ਤਲਖ਼ੀਆਂ ਤੇ ਸੰਨਾਟੇ ਨਾਲ ਭਰਿਆ, 6 ਫੁੱਟ ਲੰਮਾ ਇਹ ਜ਼ਹੀਨ ਸ਼ਾਇਰ ਸਿਰਫ਼ 59 ਸਾਲਾਂ ਦੀ ਉਮਰ ਭੋਗ ਕੇ 25 ਅਕਤੂਬਰ 1980 ਨੂੰ ਦਿਲ ਦਾ ਦੌਰਾ ਪੈਣ ਕਰਕੇ ਅਚਾਨਕ ਮੁੰਬਈ 'ਚ ਇਸ ਫਾਨੀ ਜਹਾਨ ਤੋਂ ਕੂਚ ਕਰ ਗਿਆ।

# ਜੰਗ ਦੀ ਭਿਆਨਕ ਤਬਾਹੀ ਦਾ ਮੰਜ਼ਰ

ਸਿੰਦਰ ਸਿੰਘ ਮੀਰਪੁਰੀ
ਫਰਿਜ਼ਨੋ, ਕੈਲੀਫੋਰਨੀਆ
(ਅਮਰੀਕਾ)
559-285-0841
ਪੰਜਾਬ ਮੇਲ USA







ਸਿਆਣਿਆਂ ਦੀ ਇੱਕ ਕਹਾਵਤ ਹੈ ਕਿ ਦੁਨੀਆਂ 'ਤੇ ਚੌਧਰ ਕਰਨ ਦੀ ਲਾਲਸਾ ਕਿਸੇ ਵੀ ਇਨਸਾਨ ਨੂੰ ਕਿਹੜੇ ਪਾਸੇ ਲੈ ਜਾਵੇ, ਕੁਝ ਵੀ ਪਤਾ ਨਹੀਂ ਲੱਗਦਾ। ਕਈ ਵਾਰ ਇਨਸਾਨ ਪੈਸੇ ਅਤੇ ਚੌਧਰ ਦੇ ਵਿਚ ਅੰਨਾ ਹੋ ਕੇ ਅਜਿਹਾ ਕੁਝ ਕਰ ਲੈਂਦਾ ਹੈ, ਜਿੱਥੇ ਉਸਦਾ ਆਪਣਾ ਤਾਂ ਨੁਕਸਾਨ ਹੁੰਦਾ ਹੀ ਹੈ ਪਰ ਉਹ ਉਸਦੇ ਨਾਲ ਹੀ ਦੂਸਰਿਆਂ 'ਤੇ ਵੀ ਭਾਰੀ ਪੈ ਜਾਂਦਾ ਹੈ ਅਤੇ ਇਸ ਸਾਰੇ ਵਰਤਾਰੇ ਦੌਰਾਨ ਸਾਰੀਆਂ ਧਿਰਾਂ ਦਾ ਵੱਡਾ ਨੁਕਸਾਨ ਹੋ ਜਾਂਦਾ ਹੈ। ਅਜਿਹੇ ਇਨਸਾਨ ਦੁਨੀਆਂ ਨੂੰ ਬਹੁਤ ਵੱਡੇ ਪੱਧਰ 'ਤੇ ਪ੍ਰਭਾਵਿਤ ਕਰਦੇ ਹਨ। ਉਨ੍ਹਾਂ ਨੇ ਆਪਣਾ ਤਾਂ ਨੁਕਸਾਨ ਕਰਵਾਉਣਾ ਹੀ ਹੁੰਦਾ ਹੈ, ਉਹ ਨਾਲ ਦੀ ਨਾਲ ਹੋਰਨਾਂ ਲੋਕਾਂ ਦਾ ਵੀ ਨੁਕਸਾਨ ਕਰਵਾਉਂਦੇ ਹਨ। ਇਹ ਗੱਲ ਬਿਲਕੁਲ ਉਨ੍ਹਾਂ ਲੋਕਾਂ 'ਤੇ ਢੁਕਦੀ ਹੈ, ਜਿਹੜੇ ਪੈਸੇ ਅਤੇ ਚੌਧਰ ਦੀ ਭੁੱਖ ਦੇ ਵਿਚ ਦੁਨੀਆਂ ਤੱਕ ਬਰਬਾਦ ਕਰ ਦਿੰਦੇ ਹਨ। ਭਾਵੇਂ ਅਜਿਹੇ ਲੋਕ ਪੂਰੀ ਦੁਨੀਆਂ ਦੇ ਵਿਚ ਅੱਜ ਵੀ ਮੌਜੂਦ ਹਨ, ਉਨ੍ਹਾਂ ਦਾ ਪਤਾ ਉਸ ਵੇਲੇ ਲੱਗਦਾ ਹੈ, ਜਦੋਂ ਉਹ ਰਾਜ ਸੱਤਾ 'ਤੇ ਕਾਬਜ਼ ਹੁੰਦੇ ਹਨ। ਪਰ ਇਹ ਵਰਤਾਰਾ ਬਿਲਕੁਲ ਗਲਤ ਹੈ।

ਪਿਛਲੇ ਲੰਬੇ ਸਮੇਂ ਤੋਂ ਅਮਰੀਕਾ ਅਤੇ ਇਰਾਨ ਦੇ ਵਿਚ ਜੰਗ ਚੱਲ ਰਹੀ ਹੈ। ਇਜ਼ਰਾਇਲ, ਕੁਵੈਤ ਅਤੇ ਦੁਬਈ ਵਰਗੇ ਮੁਲਕ ਵੀ ਇਸ ਦਾ ਨਿਸ਼ਾਨਾ ਕਿਤੇ ਨਾ ਕਿਤੇ ਬਣ ਰਹੇ ਹਨ। ਇਸ ਭਿਆਨਕ ਜੰਗ ਦਾ ਵੱਡਾ ਖਤਰਨਾਕ ਮੰਜ਼ਰ ਇਹ ਹੈ ਕਿ ਉੱਥੇ ਬੱਚਿਆਂ ਨੂੰ ਵੀ ਬਖਸ਼ਿਆ ਨਹੀਂ ਜਾ ਰਿਹਾ। ਇਰਾਕ ਦਾ ਵੱਡੀ ਪੱਧਰ 'ਤੇ ਨੁਕਸਾਨ ਹੋਇਆ ਹੈ ਅਤੇ ਹੋਣਾ ਤੈਅ ਹੈ ਪਰ ਇੱਕ ਵਾਰ ਉਸ ਨੇ ਦੁਨੀਆਂ ਦੇ ਚੌਧਰੀ ਮੰਨੇ ਜਾਂਦੇ ਮਨੁੱਖ ਨੂੰ ਵੀ ਵੱਡੇ ਪੱਧਰ 'ਤੇ ਪ੍ਰਭਾਵਿਤ ਕੀਤਾ ਹੈ ਅਤੇ ਉਸ ਦੀ ਪੇਸ਼ ਨਹੀਂ ਜਾਣ ਦਿੱਤੀ। ਭਾਵੇਂ ਕਿ ਅਮਰੀਕਾ ਨੇ ਇਰਾਨ ਨੂੰ ਕੁਚਲਣ ਦੀ ਨੀਤੀ ਅਪਣਾਉਂਦਿਆਂ ਵੱਡੇ ਪੱਧਰ 'ਤੇ ਕਾਰਵਾਈ ਆਰੰਭ ਕੀਤੀ ਸੀ ਅਤੇ ਵੱਡੇ-ਵੱਡੇ ਦਾਅਵੇ ਕੀਤੇ ਸਨ ਪਰ ਉਨ੍ਹਾਂ ਦਾਅਵਿਆਂ ਦਾ ਕੀ ਬਣਿਆ, ਇਹ ਵੀ ਸਾਨੂੰ ਸਾਰਿਆਂ ਨੂੰ ਪਤਾ ਹੈ। ਅਮਰੀਕਾ ਭਾਵੇਂ ਆਪਣੇ ਆਪ ਨੂੰ ਸ਼ਾਂਤੀ ਦਾ ਮਸੀਹਾ ਕਹਿੰਦਾ ਰਿਹਾ ਪਰ ਜੋ ਕੁਝ ਇਸ ਜੰਗ ਦੇ ਵਿਚ ਵਾਪਰ ਰਿਹਾ ਹੈ, ਉਸ ਨੂੰ ਵੀ ਕਦੇ ਸਹੀ ਨਹੀਂ ਕਿਹਾ ਸਕਦਾ ਹੈ।

ਭਾਵੇਂ ਸਾਨੂੰ ਸਾਰਿਆਂ ਨੂੰ ਪਤਾ ਹੈ ਕਿ ਜੰਗ ਕਿਸੇ ਵੀ ਮਸਲੇ ਦਾ ਹੱਲ ਨਹੀਂ ਹੁੰਦੀ ਪਰ ਦੁਨੀਆਂ ਉੱਤੇ ਚੌਧਰ ਅਤੇ ਪੈਸੇ ਦੀ ਲਾਲਸਾ ਦੇ ਸਦਕਾ ਇੱਕ ਮੁਲਕ ਵੱਲੋਂ ਦੂਜੇ ਦਾ ਨੁਕਸਾਨ ਕੀਤਾ ਜਾ ਰਿਹਾ ਹੈ। ਇਸ ਸਾਰੇ ਵਰਤਾਰੇ ਦਾ ਹੈਰਾਨੀਜਨਕ ਤੱਥ ਇਹ ਹੈ ਕਿ ਇਰਾਕ ਦੀ ਧਰਤੀ ਉੱਤੇ ਯੂਨੀਵਰਸਿਟੀਆਂ ਅਤੇ ਸਕੂਲਾਂ ਦੇ ਵਿਚ ਮਾਸੂਮ ਬੱਚਿਆਂ ਨੂੰ ਵੀ ਨਹੀਂ ਬਖਸ਼ਿਆ ਜਾ ਰਿਹਾ। ਉਨ੍ਹਾਂ ਨੂੰ ਵੀ ਕੋਹ-ਕੋਹ ਕੇ ਮਾਰਿਆ ਜਾ ਰਿਹਾ ਹੈ। ਇਹ ਕੁਝ ਇਜ਼ਰਾਇਲ ਦੀ ਧਰਤੀ 'ਤੇ ਹੋ ਰਿਹਾ ਹੈ। ਪਰ ਇਹ ਵਰਤਾਰਾ ਵਾਪਰ ਕਿਉਂ ਰਿਹਾ ਹੈ। ਇਹ ਸਾਨੂੰ ਸਾਰਿਆਂ ਨੂੰ ਪਤਾ ਹੈ, ਸਿਰਫ ਪੈਸੇ ਅਤੇ ਚੌਧਰ ਦੀ ਭੁੱਖ ਨੇ ਸਾਡੇ ਲੀਡਰਾਂ ਨੂੰ ਇੱਕ ਤਰ੍ਹਾਂ ਨਾਲ ਨਾ ਸੋਚਣ ਲਈ ਮਜਬੂਰ ਕੀਤਾ ਹੋਇਆ ਹੈ। ਸਾਡੇ ਆਗੂਆਂ ਵੱਲੋਂ ਜੇਕਰ ਇਹੀ ਕੁਝ ਜਾਰੀ ਰਿਹਾ, ਤਾਂ ਆਉਂਦੇ ਸਮੇਂ ਨੂੰ ਬਹੁਤ ਵੱਡਾ ਨੁਕਸਾਨ ਹੋਵੇਗਾ। ਜਿਸ ਦੇ ਜ਼ਿੰਮੇਵਾਰ ਸਾਡੇ ਆਗੂ ਹੋਣਗੇ, ਜਿਸ ਦਾ ਖਮਿਆਜ਼ਾ ਉਨ੍ਹਾਂ ਨੂੰ ਆਉਂਦੇ ਸਮੇਂ ਵਿਚ ਭੁਗਤਣਾ ਪਵੇਗਾ।

ਪੂਰੀ ਦੁਨੀਆਂ ਅੰਦਰ ਇਸ ਜੰਗ ਦੀ ਚਰਚਾ ਚੱਲ ਰਹੀ ਹੈ। ਬਹੁਤ ਸਾਰੇ ਲੋਕ ਅਤੇ ਬੁੱਧੀਜੀਵੀ ਵਰਗ ਇਸ ਗੱਲ ਦੀ ਪ੍ਰੋੜਤਾ ਕਰਦਾ ਹੈ ਕਿ ਤਕੜੇ ਮੁਲਕ ਵੱਲੋਂ ਸਿਰਫ ਤੇਲ ਨੂੰ ਹਾਸਲ ਕਰਨ ਦੇ ਲਈ ਖਾੜੀ ਮੁਲਕਾਂ 'ਤੇ ਕਬਜ਼ਾ ਕਰਨ ਦੀ ਨੀਤੀ ਦੇ ਚੱਲਦਿਆਂ ਵੱਡੇ ਪੱਧਰ 'ਤੇ ਤੇਲ ਹਥਿਆਉਣ ਦੇ ਲਈ ਜੰਗ ਵਰਗਾ ਮਾਹੌਲ ਪੈਦਾ ਕੀਤਾ ਜਾ ਰਿਹਾ ਹੈ। ਇਹ ਕੋਈ ਪਹਿਲੀ ਘਟਨਾ ਨਹੀਂ ਹੈ। ਇਸ ਤੋਂ ਪਹਿਲਾਂ ਵੀ ਤਾਕਤਵਰ ਮੁਲਕਾਂ ਨੇ ਜਿੱਥੇ-ਜਿੱਥੇ ਤੇਲ ਦੀਆਂ ਖਾਣਾ ਸਨ, ਉਨ੍ਹਾਂ ਨੂੰ ਕਾਬੂ ਕਰਨ ਦੇ ਲਈ ਗੰਭੀਰ ਯਤਨ ਕੀਤੇ ਪਰ ਉਹ ਯਤਨ ਰਾਸ ਆਏ ਜਾਂ ਨਾ ਆਏ, ਇਹ ਅਲੱਗ ਵੱਖਰਾ ਵਿਸ਼ਾ ਹੈ। ਜੇਕਰ ਉਨ੍ਹਾਂ ਦੇ ਯਤਨ ਰਾਸ ਨਹੀਂ ਆਉਂਦੇ, ਤਾਂ ਉਨ੍ਹਾਂ ਵੱਲੋਂ ਜੰਗ ਵਰਗਾ ਮਾਹੌਲ ਪੈਦਾ ਕਰਕੇ ਤੇਲ ਨੂੰ ਹਥਿਆਉਣ ਦੀਆਂ ਕੋਸ਼ਿਸ਼ਾਂ ਕੀਤੀਆਂ ਜਾਂਦੀਆਂ ਹਨ। ਇਹ ਵਰਤਾਰਾ ਵਰ੍ਹਿਆਂ ਦਰ ਵਰ੍ਹਿਆ ਚੱਲਦਾ ਆਇਆ ਹੈ। ਇਹ ਗੱਲ ਅਲੱਗ ਹੈ ਕਿ ਬਹੁਤ ਵਾਰ ਮੁਲਕਾਂ ਦੀ ਤਬਾਹੀ ਇਸ ਮਾਮਲੇ ਵਿਚ ਹੋ ਜਾਂਦੀ ਹੈ।

ਤਕੜੇ ਵਲੋਂ ਮਾੜੇ ਨੂੰ ਲੁੱਟਣ ਦੀ ਨੀਤੀ ਵਰ੍ਹਿਆਂ ਤੋਂ ਸਾਡੇ ਸਮਾਜ ਦਾ ਹਿੱਸਾ ਰਹੀ ਹੈ। ਜੇਕਰ ਫਿਰ ਵੀ ਨਹੀਂ ਗੱਲ ਬਣਦੀ, ਤਾਂ ਫਿਰ ਵੱਡੇ ਪੱਧਰ 'ਤੇ ਉਸ ਮੁਲਕ ਦਾ ਨੁਕਸਾਨ ਕਰਕੇ ਤੇਲ ਨੂੰ ਹਾਸਲ ਕਰਨ ਦੀ ਨੀਤੀ ਅਪਣਾਈ ਜਾਂਦੀ ਹੈ। ਇਹ ਵਰਤਾਰਾ ਕਦਾਚਿੱਤ ਵੀ ਸਹੀ ਨਹੀਂ ਹੈ। ਕਿਸੇ ਵੀ ਦੇਸ਼ ਨੂੰ ਕੋਈ ਹੱਕ ਨਹੀਂ ਕਿ ਉਹ ਚੌਧਰ ਅਤੇ ਪੈਸੇ ਦੀ ਭੁੱਖ ਤੇ ਵਸਤੂਆਂ ਦੀ ਖਾਤਰ ਦੂਜੇ ਮੁਲਕਾਂ ਦਾ ਉਜਾੜਾ ਕਰਕੇ ਆਮ ਜਨਤਾ ਦਾ ਨੁਕਸਾਨ ਕਰੇ। ਜੰਗ ਵਿਚ ਨੁਕਸਾਨ ਸਿਰਫ ਆਮ ਜਨਤਾ ਦਾ ਹੁੰਦਾ ਹੈ। ਲੀਡਰਾਂ ਦੇ ਕਦੇ ਵੀ ਪੁੱਤ ਨਹੀਂ ਮਰਦੇ, ਫੌਜ ਦੇ ਜਵਾਨ ਵੀ ਸਾਡੀਆਂ ਮਾਵਾਂ ਦੇ ਪੁੱਤ ਹਨ, ਉਹ ਵੀ ਮਰਦੇ ਹਨ। ਵੱਡੀ ਗਿਣਤੀ ਵਿਚ ਫੌਜ ਦਾ ਵੀ ਜੰਗ ਦੇ ਦੌਰਾਨ ਨੁਕਸਾਨ ਹੁੰਦਾ ਹੈ ਪਰ ਹੈਰਾਨੀ ਦੀ ਗੱਲ ਹੈ ਕਿ ਕਿਸੇ ਵੀ ਜੰਗ ਦੇ ਵਿਚ ਕਿਸੇ ਲੀਡਰ ਦਾ ਪੁੱਤ ਨਹੀਂ ਮਰਦਾ। ਇਹ ਵੀ ਪਿਛਲੇ ਸਮੇਂ ਤੋਂ ਹੁੰਦਾ ਆਇਆ ਹੈ। ਜੰਗ ਦੇ ਵਿਚ ਸਾਡੀਆਂ ਮਾਵਾਂ ਅਤੇ ਭੈਣਾਂ ਦੇ ਭਰਾ ਮਰਦੇ ਹਨ, ਧੀਆਂ ਦੇ ਸੁਹਾਗ ਉਜੜ ਜਾਂਦੇ ਹਨ।

ਜੰਗ ਨੇ ਕਦੇ ਵੀ ਕਿਸੇ ਦਾ ਭਲਾ ਨਹੀਂ ਕੀਤਾ, ਬਲਕਿ ਦੁਨੀਆਂ ਹਮੇਸ਼ਾ ਹੀ ਤਬਾਹ ਕੀਤੀ ਹੈ। ਇਸ ਜੰਗ ਦੌਰਾਨ ਵੀ ਅਸੀਂ ਵੇਖਿਆ ਅਤੇ ਬਹੁਤ ਵਾਰ ਇਹ ਮੰਗ ਵੀ ਉੱਠੀ ਕਿ ਜੇਕਰ ਲੀਡਰਾਂ ਦੇ ਬੱਚੇ ਵੀ ਜੰਗ ਦੇ ਵਿਚ ਚਲੇ ਜਾਣ, ਤਾਂ ਸ਼ਾਇਦ ਜੰਗ ਰੁੱਕ ਜਾਵੇ। ਇੱਕ ਸਕੂਲ ਦੇ ਵਿਚ, ਯੂਨੀਵਰਸਟੀ ਦੇ ਵਿਚ ਇਰਾਨ ਦੀ ਧਰਤੀ 'ਤੇ ਬੱਚਿਆਂ ਦਾ ਸਮੂਹਿਕ ਕਤਲੇਆਮ ਕੀਤਾ ਗਿਆ, ਜੋ ਬੇਹੱਦ ਮੰਦਭਾਗੀ ਘਟਨਾ ਸੀ, ਜਿਸ ਨੂੰ ਵੇਖ ਕੇ ਦਿਲ ਤੱਕ ਦਹਿਲ ਜਾਂਦੇ ਹਨ। ਇਹ ਵਰਤਾਰਾ ਕਿਉਂ ਚੱਲ ਰਿਹਾ ਹੈ। ਸਾਨੂੰ ਸਾਰਿਆਂ ਨੂੰ ਇਸ ਗੱਲ ਦੀ ਸਮਝ ਹੈ। ਸੋ ਚੰਗਾ ਹੋਵੇ ਜੇਕਰ ਸ਼ਾਂਤੀ ਦਾ ਪ੍ਰਤੀਕ ਅਖਵਾਉਣ ਵਾਲੇ ਲੋਕ ਆਪਣੇ ਆਪ ਨੂੰ ਸੰਭਾਲ ਕੇ ਜੰਗਬੰਦੀ ਦਾ ਐਲਾਨ ਕਰ ਦੇਣ। ਭਾਵੇਂ ਕੁਝ ਦਿਨ ਪਹਿਲਾਂ ਜੰਗਬੰਦੀ ਦੀਆਂ ਖਬਰਾਂ ਵੀ ਆਈਆਂ ਪਰ ਅਸਲ ਵਿਚ ਕੀ ਵਾਪਰ ਰਿਹਾ ਹੈ, ਕਿਸੇ ਨੂੰ ਕੁਝ ਵੀ ਨਹੀਂ ਪਤਾ। ਕਿਸੇ ਦੇ ਮਨ ਵਿਚ ਕੀ ਹੈ, ਇਹ ਵੀ ਅਸੀਂ ਸਾਰੇ ਜਾਣਦੇ ਹਾਂ। ਜੰਗ ਨਾਲ ਸਿਰਫ ਨੁਕਸਾਨ ਹੁੰਦਾ ਹੈ। ਚੰਗਾ ਹੋਵੇ, ਜੇਕਰ ਅਮਨ ਸ਼ਾਂਤੀ ਦੀ ਕਾਮਨਾ ਕੀਤੀ ਜਾਵੇ।

# ਐ ਮਨੁੱਖ ! ਤੂੰ ਇਨਸਾਨ ਬਣ

-ਮਾਸਟਰ ਨਿਰਮਲ ਸਿੰਘ ਲਾਲੀ
ਯੂਬਾ ਸਿਟੀ
530-777-0955
ਪੰਜਾਬ ਮੇਲ USA



ਆਦਮੀ ਮੇਂ ਲਾਖੋਂ ਜੌਹਰ ਹੋਂ,
ਅਗਰ ਆਦਮੀਅਤ ਨਹੀਂ ਤੋਂ ਕੁੱਛ ਨਹੀਂ।
ਔਰ ਭੀ ਗਮ ਹੈਂ ਜ਼ਮਾਨੇ ਮੇਂ, ਮੁਹੱਬਤ ਕੇ ਸਿਵਾ,
ਰਾਹਤੇਂ ਔਰ ਭੀ ਹੈ ਵਸਲ ਕੀ ਰਾਹਤ ਕੇ ਸਿਵਾ।

"ਸਚਹੁ ਓਰੈ ਸਭੁ ਕੋ ਉਪਰਿ ਸਚੁ ਆਚਾਰੁ॥" ਸੱਚ ਸਭ ਤੋਂ ਉੱਤਮ ਹੈ ਪਰ ਆਚਾਰ ਸੱਚ ਤੋਂ ਵੀ ਉੱਪਰ ਹੈ।

ਜਦ ਸ੍ਰੀ ਗੁਰੂ ਨਾਨਕ ਦੇਵ ਜੀ ਮੱਕੇ-ਮਦੀਨੇ ਗਏ ਸਨ, ਤਾਂ ਕਾਜ਼ੀਆਂ ਨੇ ਪੁੱਛਿਆ ਕਿ ਹਿੰਦੂ ਚੰਗਾ ਕਿ ਮੁਸਲਮਾਨ, ਤਾਂ ਗੁਰੂ ਜੀ ਦਾ ਉੱਤਰ ਸੀ ਕਿ ਸ਼ੁਭ ਅਮਲਾਂ ਬਾਝੋਂ ਦੋਨੋਂ ਰੋਇ।

ਅੰਗਰੇਜ਼ੀ ਕਵੀ ਕੈਂਸਰ ਦਾ ਆਖਣਾ ਹੈ:

If wealth is lost, nothing is lost.

If health is lost, something is lost.

If character is lost, everything is lost.

ਸ਼ੁੱਭ ਅਮਲਾਂ 'ਤੇ ਹੋਣੇਂ ਨੇ ਨਿਬੇੜੇ ਤੇ ਜਾਤਿ ਕਿਸੇ ਪੁੱਛਣੀ ਨਹੀਂ। ਸਦੀਆਂ ਬੀਤ ਗਈਆਂ, ਸ੍ਰੀ ਗੁਰੂ ਅਮਰਦਾਸ ਜੀ ਨੇ ਕਿਹਾ ਸੀ, "ਐਸਾ ਕੰਮੁ ਮੂਲੇ ਨਾ ਕੀਚੈ ਜਿਤੁ ਅੰਤਿ ਪਛੋਤਾਈਐ॥"

ਇਸੇ ਤਰ੍ਹਾਂ ਸ੍ਰੀ ਗੁਰੂ ਅਰਜਨ ਦੇਵ ਜੀ ਨੇ ਕਿਹਾ ਸੀ, "ਐ ਬੰਦੇ ਤੇਰੀ ਜਾਤਿ ਤਾਂ ਬੰਦਿਆਂ ਵਾਲੀ ਹੈ ਪਰ ਤੇਰੇ ਕੰਮ ਪਸ਼ੂਆਂ ਵਾਲੇ ਹਨ।"

"ਕਰਤੂਤਿ ਪਸੂ ਕੀ ਮਾਨਸ ਜਾਤਿ॥"

ਗਲਤ ਕੰਮ ਨਾ ਕਰੋ, ਕਿਸੇ ਦਾ ਬੁਰਾ ਨਾ ਕਰੋ, ਕਿਸੇ ਦਾ ਦਿਲ ਨਾ ਦੁਖਾਉ, ਕਿਸੇ ਨਾਲ ਧੋਖਾ ਨਾ ਕਰੋ, ਭੈੜੀ ਸੰਗਤ ਨਾ ਕਰੋ, ਅਹੰਕਾਰ, ਈਰਖਾ ਦਾ ਤਿਆਗ ਕਰੋ, ਪਿਆਰ, ਸਤਿਕਾਰ, ਸਹਿਣਸ਼ੀਲਤਾ, ਨਿਮਰਤਾ ਦੇ ਧਾਰਨੀ ਬਣੋ।

ਸਦੀਆਂ ਹੀ ਬੀਤ ਗਈਆਂ ਹਨ, ਜਦੋਂ ਸ੍ਰੀ ਗੁਰੂ ਨਾਨਕ ਦੇਵ ਜੀ ਨੇ ਸਿੱਖ ਕੌਮ ਨੂੰ ਇਕੱਤਰ ਹੋ ਕੇ ਰਹਿਣ ਦੀ ਸਿੱਖਿਆ ਦਿੱਤੀ ਸੀ, ਪਰ ਕੌਮ ਹੁਣ ਤੱਕ ਅਜਿਹਾ ਨਹੀਂ ਕਰ ਸਕੀ। ਕੌਮ ਵੱਖ-ਵੱਖ ਧੜਿਆਂ ਵਿਚ ਵੰਡੀ ਹੋਈ ਹੈ। ਕੌਮ ਲਈ ਕੋਈ ਏਜੰਡਾ ਨਹੀਂ, ਕੋਈ ਉਦੇਸ਼ ਨਹੀਂ ਅਤੇ ਕੋਈ ਮੰਜ਼ਿਲ ਨਹੀਂ।

ਸ੍ਰੀ ਗੁਰੂ ਨਾਨਕ ਦੇਵ ਜੀ ਨੇ ਕੌਮ ਨੂੰ ਕਿਹਾ ਸੀ:

"ਹੋਇ ਇਕੱਤ੍ਰ ਮਿਲੋ ਮੇਰੇ ਭਾਈ ਦੁਬਿਧਾ ਦੂਰ ਕਰੋ ਲਿਵ ਲਾਇ॥
ਹੋਵਹੁ ਹਰਿਨਾਮੇ ਕੀ ਜੋੜੀ ਗੁਰਮੁਖ ਬੈਸੋ ਸਫਾ ਵਿਛਾਇ॥
ਜਬ ਲਗ ਦੁਨੀਆਂ ਰਹੀਐ ਨਾਨਕ ਕਿਛੁ ਸੁਣੀਐ ਕਿਛੁ ਕਹੀਐ॥"

## ਧਰਮ ਸਥਾਨਾਂ 'ਤੇ ਝਗੜੇ

ਜਦ ਤੋਂ ਚੰਦਰੀ ਮਾਇਆ ਨੇ ਬੰਦਾ ਇਹ ਮੋਹਿਆ ਹੈ,
ਹਾਲ ਮਸਜ਼ਿਦ, ਮੰਦਰ, ਗੁਰੂ ਘਰ ਇੰਝ ਹੋਇਆ ਹੈ।

ਬੱਸ ਗੋਲਕਾਂ ਨੂੰ ਇਹ ਟੁੱਟਕੇ ਹੁਣ ਪਿਆ ਹੋਇਆ ਹੈ,
ਛੱਡ ਪਿਆਰਾਂ ਦੀ ਗੱਲ ਪਿਆਸਾ ਖ਼ੂਨ ਦਾ ਹੋਇਆ ਹੈ।

ਕਿਧਰੇ ਅੰਧ ਵਿਸ਼ਵਾਸ ਨੇ ਕੀਤਾ ਦਿਨੇ ਹੀ ਹਨ੍ਹੇਰਾ ਹੈ,
ਮਾਰਕੇ ਫੂਕ ਬਾਬੇ ਨੇ ਚਾਨਣ ਦਾ ਦੀਵਾ ਬੁਝਾਇਆ ਹੈ।

ਰਲਕੇ ਸਿਆਸਤਾਂ ਨੇ ਸੰਗ ਕਰ ਦਿੱਤਾ ਬੇੜਾ ਗਰਕ ਹੈ,
ਚੁੱਕ ਖੰਜਰ, ਤ੍ਰਿਸ਼ੂਲ, ਕਿਰਪਾਨਾਂ ਫਿਰਦਾ ਤ੍ਰਿਹਾਇਆ ਹੈ।

ਪੀਂਦਾ ਸੀਰਮੇ ਇਨਸਾਨੀਅਤ ਦੇ ਅੱਜ ਪੁਜਾਰੀ ਹੈ,
ਉਲਝਾ ਮਜ਼੍ਹਬੀ ਜਨੂੰਨ ਵਿਚ ਖੁਦ ਮੁਸਕਾਇਆ ਹੈ।

-ਸੇਵਾ ਸਿੰਘ "ਨੂਰਪੁਰੀ"

ਪੰਜਾਬ ਮੇਲ USA



## ਆਓ ਇਕ ਨਵੀਂ ਦੁਨੀਆਂ ਸਿਰਜੀਏ ਦੋਸਤੋ

ਆਓ! ਇੱਕ ਨਵੀਂ ਦੁਨੀਆਂ ਸਿਰਜੀਏ ਦੋਸਤੋ
ਇਸ ਦੁਨੀਆਂ ਵਿਚੋਂ
ਨਫਰਤ, ਈਰਖਾ, ਭ੍ਰਿਸ਼ਟਾਚਾਰ,
ਖੁਦਗਰਜ਼ੀ ਤੇ ਗਰੀਬੀ ਭਜਾਈਏ ਦੋਸਤੋ
ਚਿਰਾਂ ਤੋਂ ਸੰਸਾਰ ਵਿਚ ਛਾਈ ਹੋਈ
ਸਾਮਰਾਜਵਾਦੀ, ਬੇਇਨਸਾਫੀ, ਧੱਕੇਸ਼ਾਹੀ,
ਪੱਖਪਾਤ ਤੇ ਅਨੈਤਿਕਤਾ ਦੀ
ਸੋਚ ਨੂੰ ਭਜਾਈਏ ਦੋਸਤੋ,
ਐਸਾ ਸਮਾਜ ਸਿਰਜੀਏ ਦੋਸਤੋ
ਜਿਸ ਵਿਚ ਬਰਾਬਰਤਾ, ਆਜ਼ਾਦੀ,
ਇਨਸਾਫ, ਭਾਈਚਾਰਕ ਸਾਂਝ ਪ੍ਰਾਪਤ ਹੋਵੇ ਦੋਸਤੋ।
ਅਜਿਹਾ ਸਮਾਜ ਜਿਸ ਵਿਚ
ਹਰ ਇਕ ਨੂੰ ਕੁੱਲੀ, ਗੁੱਲੀ ਤੇ ਜੁੱਲੀ ਪ੍ਰਾਪਤ ਹੋਵੇ
ਹਰ ਇਕ ਦੀ ਜਾਨ, ਮਾਲ ਤੇ ਇੱਜ਼ਤ ਸੁਰੱਖਿਅਤ ਹੋਵੇ ਦੋਸਤੋ
ਮਨੁੱਖਤਾ ਦਾ ਲਹੂ ਚੂਸਣ ਵਾਲੇ ਅਫਸਰਾਂ ਤੇ
ਭ੍ਰਿਸ਼ਟ ਰਾਜਨੀਤਿਕਾਂ ਨੂੰ ਭਜਾਈਏ ਦੋਸਤੋ,
ਇਸ ਦੇ ਲਈ ਸੰਘਰਸ਼ ਛੇੜੋ
ਐ ਨੌਜਵਾਨ ਦੋਸਤੋ
ਕੁਰਬਾਨੀਆਂ ਸੰਘਰਸ਼ਾਂ ਤੋਂ ਬਿਨਾਂ
ਕਦੀ ਆਉਂਦੇ ਨਹੀਂ ਇਨਕਲਾਬ
ਇਸ ਗੱਲ ਦਾ ਇਤਿਹਾਸ ਗਵਾਹ ਹੈ
ਕਿ ਜਦੋਂ ਵੀ ਇਨਕਲਾਬ ਆਏ,
ਤਾਂ ਕੁਰਬਾਨੀਆਂ ਤੇ ਸੰਘਰਸ਼ਾਂ ਨਾਲ ਹੀ ਆਏ।

ਮਾਸਟਰ ਨਿਰਮਲ ਸਿੰਘ ਲਾਲੀ,
ਯੂਬਾ ਸਿਟੀ
530-777-0955

ਪੰਜਾਬ ਮੇਲ USA



## ਲਿਖਦਾ ਸੀ "ਪਾਸ਼"

ਚਿੰਤਾ ਕਰੇ ਚਿੰਤਾ ਮਣੀ
ਸੁਖ ਭੋਗੇ ਸੁਖ ਦਾਸ
ਦੁਨੀਆਂ ਇੰਜ ਹੀ ਚਲਣੀ
ਰੱਖ ਭਲੇ ਦਿਨਾਂ ਦੀ ਆਸ

ਮਿਹਨਤ ਵਾਲਾ ਪੱਲਾ ਫੜ ਲੈ
ਖੁਸ਼ ਰਹਿਣਾ ਤਰੱਕੀ ਕਰ ਲੈ
ਖਲਕਤ ਨਾ ਕਰੀ ਨਰਾਜ਼
ਇੰਜ ਬਣਜੇ ਗਾ ਕੁਝ ਖਾਸ

ਬੋਲਣ ਵਾਲੇ ਬੋਲ ਸੁਣਾਵਣ
ਹਾਥੀ ਆਪਣੀ ਚਾਲੇ ਜਾਵਣ
ਸਹਿਣ ਦਾ ਕਰ ਲੈ ਜਾਪ
ਬੀਤੇ 'ਤੇ ਹੋਣਾ ਨਹੀਂ ਨਿਰਾਸ਼

ਤਕਰਾਰਾਂ ਵਿਚ ਨਹੀਓਂ ਫਸਣਾ
ਚੰਗੇ ਗੁਣ ਲੈ ਕੇ ਹਟਣਾ
ਪੜਕੇ ਲਕੀਰਾਂ ਕਰਦੇ ਸਾਫ
ਜ਼ਿੰਦਗੀ ਬੁਤ ਘਾੜੇ ਵਾਂਗ ਤਰਾਸ਼

ਵਜ਼ਨੀ ਗੱਲ ਕਰੀਂ ਧਾਲੀਵਾਲਾ
ਆਮ ਜਿਹੀ ਜੂਨ ਹੰਢਾਲਾ
ਕਿਰਤੀ ਲਈ ਲਿਖ ਕੁਝ ਖਾਸ
ਜਿਵੇਂ ਲਿਖਦਾ ਹੁੰਦਾ ਸੀ "ਪਾਸ਼"

ਐਡਵੋਕੇਟ ਰਵਿੰਦਰ ਸਿੰਘ ਧਾਲੀਵਾਲ
ਪੰਜਾਬ ਹਰਿਆਣਾ ਹਾਈ ਕੋਰਟ ਚੰਡੀਗੜ੍ਹ
ਮੋ : 78374-90309
Adv.dhaliwal@gmail.com

ਪੰਜਾਬ ਮੇਲ USA



## ਪੰਜਾਬ ਦੀ ਮਿੱਟੀ

ਮੈਂ ਜਿਸ ਮਿੱਟੀ ਦਾ ਪਲਿਆ ਹਾਂ,
ਡਿੱਗ ਕਿ ਉੱਠਕੇ ਖੜਿਆ ਹਾਂ,
ਮੇਰੀ ਮਿੱਟੀ ਸਾਹ ਮੇਰੇ,
ਮੈਂ ਨੀ ਛੱਡ ਸਕਦਾ,
ਬੱਸ ਇਸੇ ਕਰਕੇ,
ਮੈਂ ਆਪਣਾ ਪੰਜਾਬ ਨੀ ਛੱਡ ਸਕਦਾ,
ਮੈਂ ਮਿੱਟੀ ਤੋਂ ਭਾਵੇਂ ਦੂਰ ਰਹਾਂ,
ਪਰ ਚੇਤਿਆਂ ਦੇ ਵਿਚ ਰਹਿੰਦੀ ਆ,
ਤੈਨੂੰ ਮਿੱਟੀ ਤੇਰੀ ਯਾਦ ਕਰੇ,
ਮਾਂ ਮੇਰੀ ਨਿੱਤ ਕਹਿੰਦੀ ਏ,
ਛੱਡ ਕਿ ਮੈਂ ਪੱਲਾ ਇਸਦਾ,
ਕੋਈ ਹੋਰ ਨੀ ਫੜ ਸਕਦਾ,
ਬੱਸ ਇਸੇ ਕਰਕੇ,
ਮੈਂ ਆਪਣਾ ਪੰਜਾਬ ਨੀ ਛੱਡ ਸਕਦਾ,
ਮੇਰਾ ਤਾਂ ਕੋਈ ਨਾਮ ਨਹੀਂ ਸੀ,
ਨਾਂ ਦਿੱਤਾ ਮੈਨੂੰ ਇਸ ਮਿੱਟੀ ਨੇ,
ਇਹ ਮਿੱਟੀ ਗੁਰੂਆਂ ਪੀਰਾਂ ਦੀ,
ਜਿਹਦੀ ਰਾਗ ਸ਼ਹਿਦ ਤੋਂ ਮਿੱਠੀ ਏ,
ਇਹ ਫੁੱਲ ਹੈ ਮਹਿਕਾ ਵੰਡਦਾ ਜੋ,
ਮੈਂ ਨੀ ਵੱਢ ਸਕਦਾ,
ਬੱਸ ਇਸੇ ਕਰਕੇ,
ਮੈਂ ਆਪਣਾ ਪੰਜਾਬ ਨੀ ਛੱਡ ਸਕਦਾ,
ਮੇਰੀ ਮਿੱਟੀ ਦੇ ਵਿਚ ਬਰਕਤ ਹੈ,
ਗੀਤ ਅਣਖ ਦੇ ਗਾਉਂਦੀ ਹੈ,
ਭਾਵੇਂ ਵਿਚ ਮੁਸੀਬਤਾਂ ਘਿਰ ਜਾਵੇ,
ਇਹ ਫਿਰ ਵੀ ਹੱਸਦੀ ਗਾਉਂਦੀ ਏ,
"ਜੋਗੇ" ਦਾ ਮਾਣ ਏ ਮਿੱਟੀ,
ਇਹਨੂੰ ਨੀ ਵੰਡ ਸਕਦਾ,
ਬੱਸ ਇਸੇ ਕਰਕੇ,
ਮੈਂ ਆਪਣਾ ਪੰਜਾਬ ਨੀ ਛੱਡ ਸਕਦਾ ,
ਪਿੰਡ ਰਹੋ ਜਾਂ ਸ਼ਹਿਰ ਰਹੋ,
ਮਿੱਟੀ ਨੂੰ ਸਦਾ ਪਿਆਰ ਕਰੋ,
ਪੰਜਾਬ ਰਹੋ ਜਾਂ ਵਲੈਤ ਰਹੋ,
ਮਿੱਟੀ ਨੂੰ ਸਦਾ ਯਾਦ ਰਹੋ,
ਪਵੇ ਮੁਸੀਬਤ ਆਣ ਕੋਈ,
ਉੱਚੀ ਸਦਾ ਆਵਾਜ਼ ਕਰੋ,
ਉਰਦੂ ਸਿੱਖੋ ਜਾਂ ਅੰਗਰੇਜ਼ੀ,
ਪਰ ਮਾਂ ਬੋਲੀ ਨੂੰ ਪਿਆਰ ਕਰੋ

-ਜਸਵੰਤ ਸਿੰਘ ਜੋਗਾ
ਫੋਨ : 62396-43306

ਪੰਜਾਬ ਮੇਲ USA



## ਰਾਹ ਪਾਟਣ ਤੋਂ ਬਾਅਦ

ਪਲਕ ਝਪਕ ਵਿਚ,
ਪਲਕਾਂ,
ਧਰਤੀ ਅੰਬਰ,
ਫੜ ਲੈਂਦੀਆਂ ਹਨ!

ਹਰ ਕਿਰਨ,
ਵੇਖਦਿਆਂ, ਵੇਖਦਿਆਂ,
ਸੱਤ ਰੰਗਾਂ ਵਿਚ ਪਾਟ ਜਾਂਦੀ ਹੈ!

ਸ਼ੀਸ਼ੇ ਵਰਗੀ ਬਰਫ ਦੀ ਚਾਦਰ,
ਤਿੱਖੀ ਨਜ਼ਰ ਨਾਲ,
ਤਿੜਕ ਜਾਂਦੀ ਹੈ!!!

ਪਰਬਤ ਨਾਲ ਲਟਕਦੀ ਆਬਸ਼ਾਰ,
ਸਮੁੰਦਰ ਵਿਚ ਡੁੱਬ ਜਾਂਦੀ ਹੈ!!!

ਤੈਨੂੰ ਮਿਲਣ ਤੋਂ ਬਾਅਦ,
ਰਾਹ ਪਾਟ ਗਏ ਸਨ!!!

ਮੇਰੇ ਹਿੱਸੇ ਦੇ ਰਾਹ ਵਿਚ,
ਹੁਣ ਤੂੰ ਨਹੀਂ,
ਤੇਰੇ ਬਿੰਬ ਹੀ ਦਿੱਸਦੇ ਹਨ:

ਧਰਤੀ, ਅੰਬਰ,
ਕਿਰਨ, ਸੱਤ ਰੰਗ,
ਸ਼ੀਸ਼ਾ-ਬਰਫ,
ਆਬਸ਼ਾਰ, ਸਮੁੰਦਰ -

ਤੂੰ ਕਿੱਥੇ ਹੈਂ?

-ਰਵਿੰਦਰ ਰਵੀ, ਕੈਨੇਡਾ
250-635-4455

ਪੰਜਾਬ ਮੇਲ USA



## ਭਗਵੇਂ ਪਾ ਕੇ

ਜੀਹਦਾ ਦੀਨ ਈਮਾਨ ਨ੍ਹੀਂ ਹੁੰਦਾ।
ਚੰਗਾ ਉਹ ਦਰਬਾਨ ਨ੍ਹੀਂ ਹੁੰਦਾ।
ਹੋਰਾਂ ਨੂੰ ਕਰ-ਕਰਕੇ ਕਾਪੀ,
ਬੰਦਾ ਕਦੇ ਮਹਾਨ ਨ੍ਹੀਂ ਹੁੰਦਾ।
ਹੱਕ ਗਰੀਬਾਂ ਦਾ ਜੋ ਖਾਵੇ,
ਬੰਦਾ ਉਹ ਇਨਸਾਨ ਨ੍ਹੀਂ ਹੁੰਦਾ।
ਭਗਵੇਂ ਪਾ ਕੇ ਬੰਦਗੀ ਕਰਕੇ,
ਬੰਦਾ ਕੋਈ ਭਗਵਾਨ ਨ੍ਹੀਂ ਹੁੰਦਾ।
ਸੱਜਣਾ ਬਾਝੋਂ ਹੋਰ ਕਿਸੇ ਕੋਲ,
ਦਿਲ ਦਾ ਦੁੱਖ ਬਿਆਨ ਨ੍ਹੀਂ ਹੁੰਦਾ।
ਮਹਿਫ਼ਿਲ ਦੇ ਵਿੱਚ ਗੱਲ ਨਾ ਸੁੱਝੇ,
ਜੀਹਦੇ ਕੋਲ ਗਿਆਨ ਨ੍ਹੀਂ ਹੁੰਦਾ।
ਚੰਡ ਤਾਂ ਬੰਦਾ ਭਰ ਦਿੰਦਾ ਏ,
ਸੌਖਾ ਉਸ ਤੋਂ ਦਾਨ ਨ੍ਹੀਂ ਹੁੰਦਾ।
ਨੇਤਾਵਾਂ ਦਾ ਧੀ-ਪੁੱਤ ਕੋਈ,
ਦੇਸ਼ ਦੇ ਲਈ ਕੁਰਬਾਨ ਨ੍ਹੀਂ ਹੁੰਦਾ।
ਲੋਕ ਭਲਾਈ ਦੇ ਕੰਮ ਕਰਨੇ,
'ਨਾਗਰਾ' ਕੰਮ ਅਸਾਨ ਨ੍ਹੀਂ।

-ਜਸਪਾਲ ਸਿੰਘ ਨਾਗਰਾ 'ਮਹਿੰਦਪੁਰੀਆ'
ਪੋਰਟਲੈਂਡ, ਓਰੇਗਨ (ਅਮਰੀਕਾ)
+1-360-448-1989

ਪੰਜਾਬ ਮੇਲ USA



# PUNJAB MAIL USA

TV Channel, Newspaper, Radio

24 Hours 7 Days




## All over America, Canada, Australia & Europe

- IP TV (24 Hours)
- App: Punjab Mail USA (24 Hours)
- Youtube : Punjab Mail USA
- Facebook Page : Punjab Mail USA
- Instagram : Punjab Mail USA
- Website: punjabmailusa.com
- E-mail: punjabmailtv@gmail.com

*Gold # 2867, Gem # 375, TV Zon # 6888, Glow TV # 1828, Tashan # 131, Real TV etc.*

For any Information & Advertisement Call at

**+1-916-320-9444**



## FOR SALE & PURCHASE OF ANY KIND OF PROPERTY



RE/MAX
RE/MAX®
Outstanding Agents
Outstanding Results®
DRE Lic. # 01215931 (Broker)

# Gurjatinder S. Randhawa

REALTOR CA DRE licence # 01490567

**916-320-9444**